# ਜਪੁਜੀ

ਟੀਕਾਕਾਰ

ਵਿਨੋਬਾ ਭਾਵੇ

Pb
294.682
B 148 J

ਪਬਲੀਕੇਸ਼ਨ ਬਿਊਰੋ
...ੀ ਯੂਨੀਵਰਸਿਟੀ ਪਟਿਆਲਾ

ਸੰਤ ਵਿਨੋਬਾ ਭਾਵੇ ਕ੍ਰਿਤ ਟੀਕਾ

Japuji

# ਜਪੁਜੀ

ਅਨੁਵਾਦਕ Translator

ਡਾ. ਸੀਤਾ ਰਾਮ ਬਾਹਰੀ

Dr Sita Ram Bahri


ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

Punjabi University, Patiala

© ਸਭ ਹੱਕ ਰਾਖਵੇਂ ਹਨ

ਪ੍ਰਸਥਾਨ ਆਸ਼ਰਮ, ਖਾਨਪੁਰ, ਪਠਾਨਕੋਟ
ਦੇ ਧੰਨਵਾਦ ਸਹਿਤ

77054
15/10/91

# ਜਪੁਜੀ

ਮੂਲ ਹਿੰਦੀ ਪੁਸਤਕ
'ਜਪੁਜੀ'
ਲੇਖਕ—ਸੰਤ ਵਿਨੋਬਾ ਭਾਵੇ

P
294.682
B 148 J

1969
ਪਹਿਲਾ ਸੰਸਕਰਣ : 3,300
1981
ਦੂਜਾ ਸੰਸਕਰਣ : 2,200
1985
ਤੀਜਾ ਸੰਸਕਰਣ : 4,000

ਮੁੱਲ : 9.50 ਰੁਪਏ

Library IIAS, Shimla
P 294.682 B 148 J
00077054

ਸਰਦਾਰ ਦੇਵਿੰਦਰ ਸਿੰਘ ਕੰਗ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਅਤੇ ਰਾਮ ਪ੍ਰਿੰਟੋਗਰਾਫ ਨਵੀਂ ਦਿਲੀ ਨੇ ਛਾਪੀ ।

# ਦੋ ਸ਼ਬਦ

ਸੰਤ ਵਿਨੋਬਾ ਜੀ ਦੀ ਦੇਣ ਭਾਰਤੀ ਸਮਾਜਕ ਜੀਵਨ ਲਈ ਬੜੀ ਮਹਾਨ ਹੈ। ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਦੇਣ ਭਾਰਤੀ ਧਾਰਮਿਕ ਤੇ ਅਧਿਆਤਮਕ ਜੀਵਨ ਲਈ ਹੋਰ ਵੀ ਉਚੇਰੀ ਹੈ। ਵਿਨੋਬਾ ਜੀ ਅਨੁਭਵੀ ਮਹਾਂ ਪੁਰਸ਼ ਹਨ ਅਤੇ ਉਹ ਗਾਂਧੀ ਜੀ ਦੀ ਤਰ੍ਹਾਂ ਸਮਦਰਸ਼ੀ ਹਨ। ਇਸੇ ਕਰਕੇ ਉਨ੍ਹਾਂ ਦੇ ਬੋਲਾਂ ਤੇ ਰਚਨਾਵਾਂ ਵਿਚ ਸਾਰੇ ਧਰਮਾਂ, ਧਰਮ-ਪੁਸਤਕਾਂ ਤੇ ਸਭਿਆਚਾਰਾਂ ਨੂੰ ਸਤਿਕਾਰ ਮਿਲਦਾ ਹੈ। ਸਾਰੀ ਮਨੁੱਖਤਾ ਨਾਲ ਉਨ੍ਹਾਂ ਨੂੰ ਪਿਆਰ ਹੈ ਅਤੇ ਸਾਰੇ ਗੁਰੂ ਪੀਰਾਂ ਦਾ ਉਨ੍ਹਾਂ ਨੂੰ ਸਤਿਕਾਰ ਹੈ। ਉਹ ਵੇਦ ਤੇ ਕਤੇਬ ਨੂੰ ਸਮਾਨ ਆਦਰ ਦਿੰਦੇ ਹਨ, ਗੀਤਾ ਤੇ ਜਪੁਜੀ ਦੋਹਾਂ ਨੂੰ ਮਨੁੱਖਤਾ ਲਈ ਕਲਿਆਣਕਾਰੀ ਮੰਨਦੇ ਹਨ। ਨਿਰਸੰਦੇਹ ਇਸ ਵੇਲੇ ਭਾਰਤ ਨੂੰ ਐਸੇ ਸਮਦਰਸ਼ੀ ਮਹਾਂ ਪੁਰਸ਼ ਦੇ ਸੁਨੇਹੇ ਦੀ ਲੋੜ ਹੈ।

ਇਸ ਉਦੇਸ਼ ਨੂੰ ਸਾਮ੍ਹਣੇ ਰਖਦਿਆਂ ਸ੍ਰੀ ਵਿਨੋਬਾ ਜੀ ਦੀ ਹਿੰਦੀ ਕ੍ਰਿਤ 'ਜਪੁਜੀ' ਪੰਜਾਬੀ ਰੂਪ ਵਿਚ ਪੇਸ਼ ਕੀਤੀ ਜਾ ਰਹੀ ਹੈ। ਸ੍ਰੀ ਵਿਨੋਬਾ ਜੀ ਨੇ ਜਪੁਜੀ ਦੇ ਇਹ ਅਰਥ ਪੰਜਾਬੀ ਤੇ ਕਸ਼ਮੀਰੀ ਜਨਤਾ ਨੂੰ ਪਦ-ਯਾਤਰਾ ਸਮੇਂ ਰੋਜ਼ਾਨਾ ਅੰਮ੍ਰਿਤ ਵੇਲੇ ਦੇ ਦੀਵਾਨਾਂ ਵਿਚ ਸੁਣਾਏ ਸਨ ਤੇ ਫਿਰ ਇਹ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤੇ ਗਏ ਸਨ।

ਸ੍ਰੀ ਵਿਨੋਬਾ ਜੀ ਦਾ ਇਹ ਯਤਨ ਭਾਰਤੀਆਂ ਨੂੰ ਇਕ ਮਹਾਨ ਸੇਧ ਦਿੰਦਾ ਹੈ। ਸੇਧ ਇਹ ਹੈ ਕਿ ਭਾਰਤੀ ਸਮੁਚੇ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਪੜ੍ਹਨ, ਸਮਝਣ ਤੇ ਬੁਝਣ। ਉਨ੍ਹਾਂ ਨੂੰ ਪਤਾ ਲਗੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਇਕ ਫਿਰਕੇ ਲਈ ਨਹੀਂ ਹੈ, ਸਗੋਂ ਇਸ ਦਾ ਸੰਦੇਸ਼ ਮਨੁੱਖਤਾ ਲਈ ਹੈ।

ਕ੍ਰਿਪਾਲ ਸਿੰਘ ਨਾਰੰਗ
ਵਾਈਸ-ਚਾਂਸਲਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਸਤਾਵਨਾ

ਸਾਡੀ ਕਸ਼ਮੀਰ ਯਾਤ੍ਰਾ (1959) ਦੇ ਅਰੰਭ ਵਿਚ ਕੁਝ ਦਿਨ 'ਜਪੁਜੀ' ਦਾ ਸਮੂਹਿਕ ਅਧਿਐਨ ਕੀਤਾ ਜਾਂਦਾ ਸੀ। ਉਸ ਵੇਲੇ ਜਪੁਜੀ ਪੁਰ ਜੋ ਵਿਆਖਿਆਨ ਮੈਂ ਦਿਤੇ ਸਨ, ਉਨ੍ਹਾਂ ਦੀਆਂ ਟਿੱਪਣੀਆਂ ਉਨ੍ਹੀਂ ਦਿਨੀਂ ਲਈਆਂ ਗਈਆਂ ਸਨ। ਉਨ੍ਹਾਂ ਦਾ ਸੰਗ੍ਰਹ ਕਰਨ ਵਾਲੀ ਇਹ ਪੁਸਤਕ ਚਾਰ ਵਰ੍ਹੇ ਬਾਦ ਪ੍ਰਕਾਸ਼ਿਤ ਹੋ ਰਹੀ ਹੈ।

ਇਹ ਨਾਮ-ਸਿਮਰਨ ਦੀ ਕਿਤਾਬ ਹੈ। ਇਸ ਵਿਚ ਸਤਿ-ਸਰੂਪ ਭਗਵਾਨ ਦੀ ਉਪਸਾਨਾ ਹੈ। ਅਸੀਂ ਸਚਿਆਰੇ ਕਿਵੇਂ ਹੋਵੀਏ—ਅਰੰਭ ਵਿਚ ਅਜੇਹਾ ਪ੍ਰਸ਼ਨ ਕੀਤਾ ਗਇਆ ਹੈ ਅਤੇ ਅੰਤ ਵਿਚ ਸਾਨੂੰ 'ਸਚ-ਖੰਡ' ਅਪੜਾ ਦਿਤਾ ਹੈ। ਵਿਚਕਾਰ ਸਾਧਨਾ ਦਾ ਵਰਣਨ ਹੈ। ਇਹ ਸਾਧਨਾ ਸਭ ਦਾ ਸਮਾਵੇਸ਼ ਕਰਨ ਵਾਲੀ ਹੈ, ਜਿਸ ਦੇ ਅੱਠ ਅੰ ਅੰਤਲੀ ਪਉੜੀ ਵਿਚ ਦਸੇ ਹਨ।

ਸਾਰੀ ਸਾਧਨਾ 'ਨਿਰਭਉ ਨਿਰਵੈਰੁ' ਇਨ੍ਹਾਂ ਦੋ ਸ਼ਬਦਾਂ ਵਿਚ ਦਸ ਸਕਦੇ ਹਾਂ। ਮਨੁੱਖ ਦੇ ਸਾਮ੍ਹਣੇ ਜੋ ਸਮਸਿਆਵਾਂ ਅਜ ਪੇਸ਼ ਹਨ, ਉਨ੍ਹਾਂ ਦਾ ਹਲ ਇਨ੍ਹਾਂ ਦੋ ਸ਼ਬਦਾਂ ਵਿਚ ਰਿਹਾ ਹੈ। ਇਸ ਦੇ ਨਾਲ ਮੈਂ ਆਪਣੇ ਕੰਮ ਲਈ ਇਕ ਹੋਰ ਸ਼ਬਦ ਜੋੜ ਦੇਂਦਾ ਹਾਂ—'ਨਿਰਪਖ', ਇਹ ਵੀ ਜਪੁਜੀ ਵਿਚ ਸੂਚਿਤ ਹੈ : "ਮੰਨੈ ਮਗੁ ਨ ਚਲੈ ਪੰਥੁ।"

ਸਾਡੀ ਸ਼ਾਂਤੀ-ਸੈਨਾ ਦੇ ਅਧਿਐਨ ਲਈ ਇਸ ਵਿਚ ਚੰਗੀ ਸਾਮਗ੍ਰੀ ਮਿਲੇਗੀ। ਇਸ ਖਿਆਲ ਨਾਲ ਇਹ ਪੁਸਤਕ ਪ੍ਰਕਾਸ਼ਿਤ ਕਰਨ ਦੀ ਆਗਿਆ ਹੁਣੇ ਮੈਂ ਦਿਤੀ ਹੈ।

ਵਿਨੋਬਾ ਦਾ ਜੈ ਜਗਤ

ਭੂਦਾਨ ਯਾਤ੍ਰਾ
ਜ਼ਿਲ੍ਹਾ ਬਲਾਂਗੀਰ, ਓੜੀਸਾ ਪ੍ਰਦੇਸ਼
ਮਿਤੀ : 18-11-63

# ਵਿਸ਼ੇ ਵਸਤੂ ਅਨੁਕ੍ਰਮ


ਭੂਮਿਕਾ ਪੰਨਾ 3

ਅੰਤਰਿ ਵਸਤੂ 4


## ਅਧਿਆਇ 1 : ਮੰਗਲਾਚਰਣ


1. **ਮੂਲ ਮੰਤ੍ਰ**—ਪ੍ਰਯੋਜਨ, ਪਰੰਪਰਾ, ਤੁਲਨਾ, ਵਿਸ਼ੇਸ਼ਤਾ ਤੇ ਵਿਆਖਿਆ, 6
2. **ਜਪੁ**—ਦੇਸ਼ ਕਾਲ ਦਾ ਆਦਿ ਸਤਿਸਰੂਪ; ਤ੍ਰਿਕਾਲ ਅਵਿਨਾਸ਼ੀ ਪਰਮੇਸ਼ਰ, 6
3. **ਸਚ ਦੀ ਖੋਜ**—(ਪਉੜੀ 1) ਵਿਆਖਿਆ; ਵਿਸ਼ੇ ਨਿਰਦੇਸ਼; ਪ੍ਰਸ਼ਨ : ਕਿਵ ਸਚਿਆਰਾ ਹੋਈਐ ?
   ਉਤਰ : ਹੁਕਮਿ ਰਜਾਈ ਚਲਣਾ; ਵਿਨੋਬਾ ਦਾ ਆਪਣਾ ਅਨੁਭਵ, ਸਾਧਨਾ ਦੀ ਦ੍ਰਿਸ਼ਟੀ; ... 8
4. **ਸਰਨਾਗਤੀ**—(ਪਉੜੀ 2) ਰੱਬੀ ਹੁਕਮ ਦੀ ਮਹੱਤਾ; ਹੁਕਮ ਅਰਥਾਤ ਕੁਦਰਤ ਦਾ ਕਾਨੂਨ; ਹਉਮੈ ਤੋਂ ਰਹਿਤ ਹੋਣ ਦਾ ਸਾਧਨ; ਇਸਲਾਮ ਸ਼ਬਦ ਵਿਚ ਸਰਨਾਗਤੀ ਭਾਵ; ਗੀਤਾ : ਮਾਮੇਕੰ ਸਰਣੰਵ੍ਰਜ; ... 10
   (ਪਉੜੀ 3) ਪ੍ਰਭੂ ਦੀਆਂ ਸ਼ਕਤੀਆਂ ਤੇ ਸਿਫਤਾਂ, ਉਹ ਵੇਪਰਵਾਹ (ਗ਼ਨੀ); ਰੱਬੀ ਹੁਕਮ ਦੀ ਹਕੂਮਤ; ... 11
   (ਪਉ. 4) ਪਰਮੇਸ਼ਰ ਦੀ ਭਾਖਾ ਅਪਾਰ ਪ੍ਰੇਮ; ਮਨਸਾ ਵਾਚਾ ਸਤਿਨਾਮ; ਪ੍ਰਭੁ ਆਪਣੇ ਆਪ ਸਚਿਆਰ; ... 13
5. **ਸੋ ਮੈ ਵਿਸਰਿ ਨ ਜਾਈ**—(ਪਉ. 5) ਨਿਰੰਜਨ ਸੈਭੰ, ਥਾਪਿਆ ਨ ਜਾਇ; ਗੁਣੀ ਨਿਧਾਨ ਪ੍ਰਭੂ ਦੀ ਸੇਵਾ ਸੁਖ ਦਾ ਕਾਰਨ; ਧਿਆਨ (ਨਾਦ) ਤੇ ਗਿਆਨ (ਵੇਦ) ਗੁਰਮੁਖ ਰਾਹੀਂ । ਪ੍ਰਭੂ (ਗੁਰੂ) ਹੀ ਈਸਰ ਵੀ ਬ੍ਰਹਮਾ, ਵਿਸ਼ਣੂ, ਪਾਰਬਤੀ, ਲਖਮੀ ਆਦਿ ਵੀ; ਸਭਣਾ ਜੀਆਂ ਦਾ ਦਾਤਾ ਅਕਥ 14
   (ਪਉ. 6) ਪ੍ਰਭੂ ਨੂੰ ਚੰਗਾ ਲਗਣਾ ਹੀ ਤੀਰਥ ਇਸਨਾਨ । ਵਿਆਪਕ ਉਦਾਰਤਾ, ਗੁਰੂ ਦੀ ਸਿਖਿਆ ਰਤਨਾਂ ਵਤ ਅਮੋਲਕ; ਗੁਰ ਸਿਖਿਆ : 'ਸਭਣਾ ਜੀਆਂ ਕਾ ਇਕੁ ਦਾਤਾ' । ... 17

(ਪਉ. 7) ਰੱਬੀ ਮਿਹਰ ਬਿਨਾ ਉਮਰ, ਪ੍ਰਸਿੱਧੀ ਤੇ ਪ੍ਰਮੁਖਤਾ ਵਿਅਰਥ;
ਪ੍ਰਭੁ-ਕ੍ਰਿਪਾ ਨਾਲ ਗੁਣਹੀਨ ਵੀ ਗੁਣਵਾਨ; ... 17
ਪਹਿਲੇ ਭਾਗ ਦਾ ਵਿਚਾਰ-ਸਾਰ; ... 18

## ਅਧਿਆਇ 2 : ਸ੍ਰਵਣ, ਮਨਨ ਤੇ ਭਾਵਨ

6. ਸ੍ਰਵਣ—(ਪਉ. 8) ਪ੍ਰਭੁ-ਮਹਿਮਾ ਤੇ ਨਾਮ ਸੁਣਨ ਨਾਲ ਸਿਧ-ਪਦਵੀ ਦੀ ਪ੍ਰਾਪਤੀ; ਨਾਮ ਸ਼ਕਤੀ ਨਾਲ ਬ੍ਰਹਮੰਡ ਦੇ ਆਕਾਰ ਤੇ ਕਾਲ ਦਾ ਸਰੂਪ; ਨਾਮਧਾਰੀ ਭਗਤ ਸਦਾ ਪ੍ਰਸੰਨ ਤੇ ਪਾਪਰਹਿਤ; ... 20
ਸ੍ਰਵਣ ਨਾਲ ਬ੍ਰਹਮਾ ਆਦਿ ਦੇਵ-ਪਦਵੀ ਵਾਲੇ, ਪ੍ਰਸ਼ੰਸਾ-ਪਾਤਰ, ਯੋਗੀ ਤੇ ਸ਼ਾਸਤ੍ਰਕਾਰ; ... 21
(ਪਉ. 10) ਸਚ, ਸੰਤੋਖ, ਗਿਆਨ, ਤੀਰਥ ਇਸਨਾਨ, ਅਧਿਐਨ ਦਾ ਮਾਣ ਅਤੇ ਸਹਜ ਧਿਆਨ ਸ੍ਰਵਣ ਦੁਆਰਾ ਹੀ ਸੰਭਵ; ... 21
(ਪਉ. 11) ਗੁਣ-ਸਰੋਵਰ ਦੀ ਪਦਵੀ ਸ੍ਰਵਣ ਰਾਹੀਂ, ਘੋਰ ਅਗਿਆਨੀ ਵੀ ਸ੍ਰਵਣ ਦੇ ਰਾਹੇ ਪੈ ਕੇ ਸਫਲ ਮਨੋਰਥ; ... 22

7. ਮਨਨ—(ਪਉ. 12) ਮਨਨ ਦਾ ਪ੍ਰਭਾਵ ਅਕਥ: ਇਸ ਦਾ ਸਰੂਪ ਲਿਖਣ ਤੋਂ ਬਾਹਰ ਹੈ; ਕੇਵਲ ਮਨਨ-ਸ਼ੀਲ ਹੀ ਨਿਰੰਜਨ ਨਾਮ ਦੀ ਸੋਝੀ ਵਾਲਾ; 22
(ਪਉ. 13) ਸੁਰਤ ਦੀ ਲਿਵ-ਲੀਨਤਾ ਹੀ ਅੰਦਰਲੇ ਮਨ ਅਤੇ ਬਾਹਰਲੇ ਵਿਸ਼ਵ ਦੀ ਸੋਝੀ ਹੈ। ਮਨਨਸ਼ੀਲ ਨੂੰ ਨ ਦੰਡ ਨ ਯਮ-ਯਾਤਨਾ; 23
(ਪਉ. 14) ਮੰਨਣ ਵਾਲਾ ਬਿਨਾ ਰੋਕ ਟੋਕ ਪ੍ਰਤਿਸ਼ਠਾ-ਸੰਪੰਨ,ਮਤ ਮਤਾਂਤਰ ਤੋਂ ਮੁਕਤ ਅਤੇ ਉਘਾ ਧਰਮੀ; ਵਿਤਕਰਿਆਂ ਦੇ ਪੰਥਾਂ ਦਾ ਵਿਸਰਜਨ; 23
(ਪਉ. 15) ਮਨਨਸ਼ੀਲ ਗੁਰ ਸਿਖ ਆਪ ਮੁਕਤ ਤੇ ਹੋਰਨਾਂ ਦੇ ਸਹਾਇਕ, ਉਹ ਭਿਖਿਆ ਕਿਉਂ ਮੰਗਣ; ... 24
ਵਿਨੋਬਾ ਦਾ ਸਪਸ਼ਟੀਕਣ ਨਿਦਿਧਿਆਸਨ (ਧਿਆਨ ਜਾਂ ਭਾਵਨ) ਬਾਰੇ; ਗੁਰੂ ਨਾਨਕ ਦਾ ਦ੍ਰਿਸ਼ਟੀਕੋਣ; ...

8. ਭਾਵਨ—(ਪਉ. 16) ਸਤਿਨਾਮ ਜਾਂ ਗੁਰੂ ਦਾ ਧਿਆਨ ਕਰਨ ਵਾਲੇ ਪੰਚ ਸਦਾ ਪਰਵਾਨ ਤੇ ਆਦਰ-ਯੋਗ ਰਬ ਦੇ ਦਰਬਾਰ ਤੇ ਰਾਜ-ਦਰਬਾਰ ਵਿਚ ਵੀ; ਪੰਚ ਵਿਚ ਪੰਚਾਇਤ ਰਾਜ ਦਾ ਸ੍ਥੂਲ ਅਰਥ ਵੀ; ਪ੍ਰਭੁ ਦੀ ਸ੍ਰਿਸ਼ਟੀ ਅਸੀਮ; ਧੌਲੁ ਧਰਮੁ-ਦਇਆ ਕਾ ਪੂਤੁ—ਇਸ ਸੂਤ੍ਰ ਦੀ ਵਿਆਖਿਆ ਤੇ ਮਹਾਭਾਰਤ ਦੀ ਉਕਤੀ ਨਾਲ ਤੁਲਨਾ; ਇਕਸੁਰ੍ਤਾ ਤੇ ਵਿਵਸਥਾ ਦਾ ਆਧਾਰ ਸੰਤੋਖ; ਧਰਮ ਦੀ ਜਿਮਾਵਾਰੀ ਦੀ ਗਲ ਸਮਝਣ ਵਾਲਾ ਸਚਿਆਰਾ; ਸ੍ਰਿਸ਼ਟੀ-

ਰਚਨਾ ਦਾ ਸਾਰ; ਧਰਤੀਆਂ ; ਅਨੇਕ ਵੇਦ ਦੇ ਅਘਮਰਸ਼ਣ ਸੂਕਤ ਨਾਲ ਤੁਲਨਾ; ਜੀਆ ਜਾਤਿ ਰੰਗਾ ਦੇ ਨਾਮ ਅਕਥ ਹਨ; ਪ੍ਰਭੂ ਦੀ ਸ਼ਕਤੀ, ਸੁਦਰਤਾ ਤੇ ਦਾਤ ਅਕਥ; ਇਕ ਸ਼ਬਦ (ਹੁਕਮ) ਨਾਲ ਰਚਨਾ ਬਣੀ ਹੈ, ਉਸ ਦੀ ਕੁਦਰਤ ਤੇ ਵਾਰੇ ਜਾਈਏ, ਉਸ ਦੀ ਇਛਾ ਕਲਿਆਣਕਾਰੀ। ਉਹ ਨਿਰੰਕਾਰ ਸਦਾ ਸਲਾਮਤ; ... 25

(ਪਉ. 17) ਸਾਧਨਾ ਵਿਚ ਅਨੇਕ ਜਪ ਤਪ ਪੂਜਾ ਤੇ ਵੇਦ ਪਾਠ ਵਾਲੇ; ਗਥਾਂ ਦੇ ਪਾਠਕ, ਜੋਗੀ ਤੇ ਭਗਤ ਸਭ ਪ੍ਰਭੂ ਦੇ ਗਣਾਂ ਦਾ ਚਿੰਤਨ ਕਰਨ ਵਾਲੇ; ਅਨੇਕ ਸਚਿਆਰੇ, ਦਾਨੀ, ਸੂਰਬੀਰ, ਮੋਨੀ ਤੇ ਲਿਵਲੀਨ ਭਗਤ ਸਾਧਨਾ-ਮਾਰਗ ਪੁਰ; ... 28

(ਪਉ. 18) ਤਮੋਗੁਣੀ ਅਗਿਆਨੀ, ਹਰਾਮਖੋਰ, ਧਾੜਵੀ; ਅਤੇ ਰਜੋਗੁਣੀ ਸ਼ੋਸ਼ਕ ਆਪਣੀ ਆਪਣੀ ਚਲਾਉਂਦੇ ਹਨ। ਜੋਰੀ, ਸ਼ਾਸਨ ਵਾਲੇ, ਭ੍ਰਸ਼ਟਾ-ਚਾਰੀ, ਕੂੜੇ, ਮਲੇਛ, ਨਿੰਦਕ ਆਦਿ ਅਨੇਕ ਪਾਪੀ ਹਨ; ਮੂਰਖ ਵੀ ਪਾਪੀ; ... 29

ਪਚਯਮ ਜਾਂ ਪੰਚ ਸ਼ੀਲ ਦੇ ਪਰੋਖ ਭਾਵ ਦੀ ਵਿਆਖਿਆ; ਗੁਰੂ ਨਾਨਕ ਦੀ ਨਮ੍ਰਤਾ ਦੀ ਤੁਲਨਾ ਤੁਲਸੀ ਦਾਸ ਨਾਲ; ਇਨ੍ਹਾਂ ਤਿੰਨਾਂ ਪਉੜੀਆਂ ਦਾ ਵਿਚਾਰ-ਸਾਰ; ...

(ਪਉ. 19) ਪ੍ਰਭ ਦੇ ਨਾਮ ਅਸੰਖ; ਅਖਰਾਂ ਰਾਹੀਂ ਨਾਮ ਅਸੰਭਵ; ਸਾਰੀ ਸ੍ਰਿਸ਼ਟੀ ਵਿਚ ਨਾਮ ਵਿਆਪਕ; ਨਿਰੰਕਾਰ ਦੀ ਕੁਦਰਤ ਅਕਥ, ਉਹ ਸਦਾ ਸਲਾਮਤ; ... 32

## ਅਧਿਆਇ 3 : ਭਗਵੰਤ ਮਹਿਮਾ

9. **ਕਿਵ ਕਰਿ ਆਖਾ**—(ਪਉ. 20) ਸਰੀਰ ਅਤੇ ਕਪੜੇ ਦੀ ਸਫ਼ਾਈ ਪਾਣੀ ਜਾਂ ਸਾਬੁਣ ਨਾਲ; ਪਾਪੀ ਬੁਧੀ ਦੀ ਪਵਿਤ੍ਰਤਾ ਨਾਮ-ਪ੍ਰੇਮ ਨਾਲ; ਪੁੰਨ ਪਾਪ ਆਖਣ ਨਾਲ ਗਲ ਨਹੀਂ ਬਣਦੀ; ਕਿਰਤ ਦੇ ਬੀਜ ਦਾ ਫਲ ਆਵਾ-ਗਵਨ; ... 34

(ਪਉ. 21) ਤੀਰਥ ਤਪ ਤੇ ਦਇਆ ਦਾਨ ਵਜੋਂ ਤਿਲ ਜਿੰਨਾ ਮਾਣ, ਪਰ ਸ੍ਰਵਣ, ਮਨਨ ਤੇ ਭਾਵਨ ਰਾਹੀਂ ਅੰਤਰਗਤਿ ਤੀਰਥ-ਇਸਨਾਨ; ਪਭੂ ਗੁਣਾਂ ਦਾ ਭੰਡਾਰ; ਬਿਨਾ ਗੁਣਾਂ ਦੇ ਭਗਤੀ ਅਸੰਭਵ; ਸੰਕਰਾਚਾਰ੍ਯ

ਦਾ ਮਾਨਸ ਤੀਰਥ ਅਤੇ ਆਤਮ-ਸਰੂਪ ਦੀ ਭਾਲ ਦਾ ਉਤਮ ਵਿਚਾਰ; ਬ੍ਰਹਮਬਾਣੀ ਦਾ ਜਪ ਜਰੂਰੀ : ਬ੍ਰਹਮਬਾਣੀ ਸਤਿ-ਸਰੂਪ, ਸ਼ੋਭਨੀਕ ਤੇ ਮੰਗਲਕਾਰੀ; ਵਿਸ਼ਵ-ਰਚਨਾ ਦਾ ਸਮਾਂ ਪੰਡਿਤਾਂ, ਕਾਜ਼ੀਆਂ ਜਾਂ ਜੋਗੀਆਂ ਨੂੰ ਪਤਾ ਨਹੀਂ; ਕਰਤਾਰ ਆਪ ਹੀ ਜਾਣਦਾ ਹੈ; ਹੰਕਾਰ ਦੀ ਅਗੇ ਕੋਈ ਪੁਛ ਨਹੀਂ; ਵਡਾ ਸਾਹਿਬ ਅਕਥ; ਵੇਦ ਦੇ ਨਾਸਦੀਯ ਸੁਕਤ ਨਾਲ ਤੁਲਨਾ; 35

(ਪਉ. 22) ਲਖਾਂ ਪਾਤਾਲ ਤੇ ਅਕਾਸ਼ ਹਨ, ਵੇਦ ਥਕ ਕੇ ਆਖਦੇ ਹਨ ਕਿ ਉਹ ਸਰਬ-ਵਿਆਪਕ ਹੈ ; ਇਸਲਾਮੀ ਕਿਤਾਬਾਂ ਵਿਚ 1800 ਬ੍ਰਹਮੰਡ, ਅਨੰਤ ਦਾ ਗਿਆਤਾ ਉਹ ਬ੍ਰਹਮ ਆਪ ਹੀ ; ... 39

(ਪਉ. 23) ਸਿਫ਼ਤ ਸਲਾਹ ਨਾਲ ਵੀ ਉਸ ਦੀ ਸੋਝੀ ਅਸੰਭਵ ਜਿਵੇਂ ਨਦੀਆਂ ਨਾਲੇ ਸਮੁੰਦਰ ਦੀ ਥਾਹ ਪਾਉਣ ਤੋਂ ਅਸਮਰਥ; ਭਗਵਾਨ ਨੂੰ ਵਿਸਰਨ ਵਾਲਾ ਉਸ ਕੀੜੀ ਤੋਂ ਵੀ ਥਲੇ ਜੋ ਨਾਮਾਧਾਰ ਹੈ। ਤੁਕਾਰਾਮ ਦਾ ਪ੍ਰਭੂ ਮਨ ਵਚਨ ਤੋਂ ਪਰੇ। ਮਹਿਮਨ ਸਤੋਤ੍ਰ ਅਤੇ ਗੀਤਾ ਵਿਚ ਵੀ ਇਹੋ ਭਾਵ; ... 40

10. **ਅਕਥ**—(ਪਉ. 24) ਪ੍ਰਭੂ ਦੀਆਂ ਸਿਫਤਾਂ ਅਨੰਤ,ਉਸ ਦੀ ਦਾਤ ਤੇ ਕਰਨੀ ਅਨੰਤ ਉਸ ਦਾ ਮੰਤਵ ਅਗਿਆਤ ਹੈ; ਉਸ ਦੇ ਵੇਖਣ ਸੁਣਨ ਦੀ ਸ਼ਕਤੀ ਅਮੁਕ; ਉਸ ਦੇ ਸਾਜੇ ਆਕਾਰ ਤੇ ਪਾਰਾਵਾਰ ਅਸੀਮ। ਖੋਜੀ ਵਿਆਕੁਲ, ਕਥਨ ਤੋਂ ਪਰੇ ਦਾ ਕੀ ਪਤਾ ; ਉਸ ਦੇ ਸਾਕਾਰ ਪਾਰਾਵਾਰ ਅਸੀਮ ; ਉਸ ਦੀ ਉਚਾਈ ਦਾ ਭਾਵ ਕੌਣ ਦਸੇ ? ਗਿਆਨ-ਪ੍ਰਾਪਤੀ ਉਸ ਦੀ ਮਿਹਰ ਤੇ ਦਾਤ ਪੁਰ ਨਿਰਭਰ, ਸਾਧਾਰਨ ਬੁਧੀ ਵਿਰਾਟ ਰੂਪ ਦੀ ਜਾਣੂ ਨਹੀਂ; ... 42

(ਪਉ 25) ਉਸ ਦਾਤੇ ਦੀ ਮਿਹਰ ਦਾ ਲੇਖਾ ਅਕਥ; ਅਨੇਕ ਜੋਧੇ ਉਸ ਦੇ ਯਾਚਕ; ਨਿਰਬਲ ਮਨਾਂ ਦਾ ਨਾਸ; ਕਈ ਕ੍ਰਿਤਘਣ ਦਾਤ ਤੋਂ ਆਕੀ। ਭੁਖ ਤੇ ਪੀੜ ਨੂੰ ਵੀ ਦਾਤ ਮੰਨਣਾ;ਜੀਵਨ ਦਾ ਬੰਧਨ ਅਤੇ ਸ਼ਕਤੀ ਉਸ ਦੇ ਭਾਣੇ। ਉਸ ਦੀ ਸ਼ਕਤੀ ਦੇ ਕਥਨ ਦੀ ਹਾਮੀ ਭਰਨਾ ਮੂਰਖਤਾ; ਵਿਰਲੇ ਭਗਤ ਆਖਦੇ ਹਨ ਕਿ ਕੇਵਲ ਉਹ ਗਿਆਤਾ ਹੈ; ਅਸੀਂ ਨਹੀਂ; ਜਿਸ ਨੂੰ ਗੁਣ ਕਥਨ ਦੀ ਬਖਸ਼ੀਸ਼ ਮਿਲੀ ਹੈ ਉਹ ਪਾਤਿਸ਼ਾਹਾਂ ਦਾ ਪਾਤਿਸ਼ਾਹ। ਤਾਮਿਲ ਸੰਤ ਮਾਣਿਕ੍ਯਵਾਚਕਰ ਦਾ ਵਿਚਾਰ ਮੁਕਤੀ, ਦਾਨ ਤੇ ਭਗਤੀ ਦੀ ਪ੍ਰੇਰਣਾ ਬਾਰੇ; ... 70-72

(ਪਉ 26) ਪਰਮੇਸ਼ਰ ਦੇ ਗੁਣ, ਗੁਣਾਂ ਦੇ ਵਪਾਰੀ, ਧਰਮ ਕਾਰਜ ਲਿਆਉਣ ਵਾਲੇ ਅਤੇ ਪ੍ਰੇਮ ਵਿਚ ਸਮਾ ਜਾਣ ਵਾਲੇ ਅਮੋਲਕ; ਉਸਦਾ ਦਰਬਾਰ ਉਸ ਦਾ ਫੈਸਲਾ, ਧਰਮਤੁਲਾ ਤੇ ਕਸੋਟੀ ਅਮੋਲਕ; ਉਸ ਦੀ ਖਿਮਾਂ–ਸ਼ੀਲਤਾ ਤੇ ਹੁਕਮ ਅਮੋਲਕ; ਤੁਲਸੀ ਦਾਸ : 'ਕਛੁ ਬਰਨ ਨਾ ਜਾਈ' ਵਿਆਖਿਆਨ ਵਾਲੇ ਲਿਵਲੀਨ; ਵੇਦ ਪੁਰਾਣ ਦੇ ਪਾਠਕ, ਬ੍ਰਹਮਾ, ਇੰਦ੍ਰ, ਗੋਵਿੰਦ ਸਾਰੇ ਉਸ ਦੇ ਵਰਨਨ ਵਿਚ; ਈਸਰ (ਸ਼ੈਵ) ਬੁਧ (ਬੋਧ) ਸਿਧ (ਜੈਨੀ) ਜੋਗੀ ਆਦਿ ਸਭ ਉਸ ਦੇ ਉਪਾਸਕ; ਦੇਵ, ਦਾਨਵ, ਸੁਰ, ਨਰ, ਮੁਨੀ ਸਭ ਗੁਣ ਗਾਇਕ; ਸਭ ਸਾਧਕਾਂ ਦਾ ਉਲੇਖ ਅਸੰਭਵ। ਵਡਾ ਸਾਹਿਬ ਆਪਣੀ ਇਛਾ ਅਨੁਸਾਰ ਵਡੇ ਸਾਹਿਤਕਾਰ ਤਾਂ ਗਲਾਧੜ ਜਾਂ ਬੋਲ-ਵਿਗਾੜ; ਉਨ੍ਹਾਂ ਵਲੋਂ ਵਰਨਨ ਕਰਨ ਦਾ ਜਤਨ ਵੀ ਮੂਰਖਤਾ ਹੈ; ... 46

11. **ਸੋਦਰ**—(ਪਉ. 27) ਭਗਵਾਨ ਦਾ ਦਰਬਾਰ ਵਿਚਿਤ੍ਰ; ਉਹ ਸਭ ਦਾ ਰਾਖਾ; ਉਥੇ ਅਨੇਕ ਨਾਦ ਤੇ ਰਾਗ ਰਾਗਨੀਆਂ; ਪ੍ਰਕਿਰਤੀ ਦੇ ਤਤਵ ਅਤੇ ਉਸ ਦੇ ਸਾਜੇ ਧਰਮਰਾਜ, ਸ਼ਿਵ, ਬ੍ਰਹਮਾਂ, ਇੰਦ੍ਰ, ਦੇਵੀ, ਦੇਵ, ਚਿਤ੍ਰਗੁਪਤ ਸਭ ਸਿਫਤ ਸਲਾਹ ਵਿਚ ਲੀਨ; ਜਤੀ ਸਤੀ ਸੰਤੋਖੀ (ਸਮਾਧਾਨੀ), ਕਰਾਰੇ ਬੀਰ, ਪੰਡਿਤ ਅਤੇ ਰਿਖੀਸਰ ਵੀ ਗਾਇਕ; ਤ੍ਰਿਭਵਨ ਦੀਆਂ ਸੁੰਦਰ ਗੋਪੀਆਂ ਅਤੇ ਰਤਨ ਸਿਫਤ ਵਿਚ; ਕੁਰਾਨ : 'ਸਾਰੀ ਸ੍ਰਿਸ਼ਟੀ ਜਪਮਾਲਾ'; ਚਾਰੇ ਯੋਨੀਆਂ ਤੇ ਬ੍ਰਹਮੰਡ ਜਿਨ੍ਹਾਂ ਨੂੰ ਪ੍ਰਭੂ ਨੇ ਧਾਰਿਆ, ਉਹ ਉਸਤਤੀ ਵਿਚ; ਰਸੀਲੇ ਭਗਤ ਕੀਰਤਨ ਵਿਚ; ਪ੍ਰਭੂ ਸਦਾ ਸਤਿ-ਸਰੂਪ ਸਤਿਨਾਮ ਹੈ; ਤ੍ਰਿਕਾਲ ਅਮਰ ਹੈ; ਪਦਾਰਥਕ ਮਾਇਆ ਉਸਨੇ ਬਣਾਈ; ਉਸਨੂੰ ਆਪਣੀ ਰਚਨਾਂ ਦਾ ਚਾਉ; ਉਸ ਦਾ ਹੁਕਮ ਅਟਲ; ਉਸ ਸਚੇ ਰਾਜੇ ਦੀ ਰਜ਼ਾ ਮੰਨਣ ਯੋਗ; ... 4.9

ਸਾਡੇ ਦੇਸ਼ ਦੇ ਧਰਮ-ਨੇਤਾਵਾਂ ਦੀ ਨਜਰ ਵਿਚ ਪ੍ਰਭੂ ਇਕਾਂਗੀ ਨਹੀਂ; ਸਰਬ ਸ਼ਕਤੀਵਾਨ ਤੇ ਸਰਬਗੁਣ-ਸੰਪੰਨ; ਤੁਲਸੀ ਦਾਸ ਅਤੇ ਮਾਣਿਕ੍ਯਵਾਚਕਰ ਦੇ ਕਥਨ ; ...

## ਅਧਿਆਇ 4 : ਸਾਧਨਾ

12. **ਆਦੇਸ਼**—(ਪਉ. 28) ਜੋਗ ਸਾਧਨਾ ਦੇ ਉਪਮਾਨਾਂ ਰਾਹੀਂ ਨਵੇਂ ਭਾਵਾਂ ਦਾ ਕਾਵਿਕ ਚਿਤ੍ਰਨ; ਸੰਤੋਖ ਮੁਦ੍ਰਾ, ਝੋਲੀ ਸਰਮ ਪਤ (ਚੰਗੀ ਮਜ਼ਦੂਰੀ ਜਾਂ ਨਮ੍ਰਤਾ) ਅਤੇ ਬਿਭੂਤੀ ਧਿਆਨ ; ਕਾਲ ਹੀ ਗੁਦੜੀ; ਜੁਗਤ ਕਾਇਆ ਨੂੰ ਕੁਆਰਾ ਰਖਣਾ, ਪਰਤੀਤਿ ਡੰਡਾ। ਸਾਡਾ ਆਈ ਪੰਥ ਸਗਲ ਜਮਾਤੀ;

ਮਨਿ ਜੀਤੈ ਜਗੁ ਜੀਤੁ ।ਅਖੰਡ ਨਿਰੰਕਾਰ, ਬੇਅੰਤ ਪ੍ਰਭੂ ਨੂੰ ਆਦੇਸ਼ (ਪ੍ਰਣਾਮ); ਕਠ ਉਪਨਿਸ਼ਦ ਵਿਚ 'ਅਨੀਲ' ਸ਼ਬਦ; ... 53

(ਪਉ. 29) ਯੋਗ ਦਾ ਰੂਪਕ : ਗਿਆਨ ਭੋਜਨ, ਦਇਆ ਭੰਡਾਰਨ; ਘਟ ਘਟ ਦੀ ਅੰਤਰ-ਧੁਨੀ ਨਾਦ, ਸ੍ਰਿਸ਼ਟੀ ਨੂੰ ਨਥ ਕੇ ਰਖਣ ਵਾਲਾ ਨਾਥ, ਰਿਧੀ ਸਿਧੀ ਦਾ ਸੁਆਦ ਨਖਿਧ । ਸੰਜੋਗ ਵਿਜੋਗ, ਅਨੁਰਕਤੀ ਤੇ ਵਿਰਕਤੀ, ਸਿਰਜਨ ਤੇ ਸੰਘਾਰ ਸੰਚਾਲਕ; ਜੋ ਲਿਖਿਆ ਹੈ ਸੋ ਪਾਉਣਾ ਹੈ; ... 55

(ਪਉ. 30) ਮਾਈ (ਮਾਇਆ) ਦੀ ਜੁਗਤ ਨਾਲ ਤਿੰਨ ਚੇਲੇ; ਸੰਸਾਰੀ (ਸਤ) ਭੰਡਾਰੀ (ਰਜ) ਤੇ ਪਰਲੋ ਵਾਲਾ (ਤਮ), ਪਰਮੇਸ਼ਰ ਆਪਣੀ ਇਛਾ ਨਾਲ ਚਲਾਉਣ ਵਾਲਾ: ਫੁਰਮਾਨ ਸ਼ਬਦ ਵਿਚ ਸੰਸਕ੍ਰਿਤ ਅਤੇ ਅਰਬੀ ਦਾ ਮੇਲ; ਅਸਚਰਜ ਦੀ ਗੱਲ: ਉਹ ਸਭ ਨੂੰ ਵੇਖਦਾ ਹੈ ਪਰ ਉਹ ਆਪ ਅਲੋਪ । ਇਹ ਵਿਚਾਰ ਗੀਤਾ ਅਤੇ ਉਪਨਿਸ਼ਦਾਂ ਵਿਚ; ... 56

(ਪਉ. 31) ਉਸ ਦਾ ਭੰਡਾਰ ਲੋਕ ਲੋਕਾਂਤਰ ਵਿਚ : ਇਕੋ ਵੇਰ ਸਭ ਕੁਝ ਪ੍ਰਾਪਤ; ਉਹ ਚਿਤਰਕਾਰ ਵਾਕਰ ਕਰ ਕਰਕੇ ਵੇਖਣ ਵਾਲਾ । ਉਸ ਸਚੇ ਕਰਤੇ ਦੀ ਸ੍ਰਿਸ਼ਟੀ ਮਿਥਿਆ ਨਹੀਂ, ਸਚ; ਸ਼ੰਕਰਾਚਾਰੀਯ: ਕਚੇ ਮਨਾਂ ਲਈ ਸ੍ਰਿਸ਼ਟੀ ਮਿਥਿਆ, ਪਕਿਆਂ ਲਈ ਸਚ; ... 57

13. ਪ੍ਰੇਰਣਾ (ਪਉੜੀ 32) ਜਗਦੀਸ ਨਾਮ ਦਾ ਜਪ ਇਕ ਦੀ ਥਾਂ ਲਖਾਂ ਜੀਭਾਂ ਨਾਲ; । ਸਾਧਨਾ-ਮਾਰਗ ਉਤੇ ਜਗਤਪਤੀ ਨੂੰ ਮਿਲਨ ਲਈ ਪਉੜੀਆਂ; ਅਕਾਸ਼ ਰੂਪ ਬ੍ਰਹਮ ਦੀ ਗਲ ਕੀਟਾਂ ਵਿਚ ਪ੍ਰੇਰਣਾ ਦਾ ਕਾਰਨ; ਪਰ ਸਫਲਤਾ ਤਾਂ ਉਸ ਬ੍ਰਹਮ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਸੰਭਵ; ... 58

(ਪਉ. 33) ਪਰਮੇਸਰ ਅਗੇ ਆਤਮ-ਸਮਰਪਣ; ਉਥੇ ਆਖਣ ਵੇਖਣ ਵਿਚ; ਚੁਪ ਰਹਿਣ, ਮੰਗਣ ਦੇਣ, ਜੀਉਣ ਮਰਨ ਵਿਚ, ਕਿਤੇ ਵੀ ਜ਼ੋਰ ਨਹੀਂ ਚਲੇਗਾ । ਰਾਜ, ਮਾਲ ਜਾਂ ਧਨ ਦੀ ਪ੍ਰਾਪਤੀ ਲਈ ਉਤਸ਼ਾਹ ਲੁੜੀਂਦਾ ਪਰ ਜਬਰਦਸਤੀ ਨਹੀਂ, ਗਿਆਨ ਪ੍ਰਾਪਤੀ ਸੁਰਤ ਦੀ ਲੀਨਤਾ ਜਾਂ ਮੁਕਤੀ ਦੀ ਸਾਧਨਾ ਵਿਚ ਵੀ ਜ਼ੋਰ ਨਹੀਂ; ਉਹ ਆਪ ਜੋਰ ਵਾਲਾ ਪਾਰਖੂ; ਗੁਰੂ ਨਾਨਕ : ਉਤਮੁ ਨੀਚੁ ਨ ਕੋਇ; ... 59

14. ਧਰਮਖੰਡ—(ਪਉ. 34) ਗੁਰੂ ਨਾਨਕ ਦੀ ਕੁਸ਼ਲ ਕਲਾ ਅਤੇ ਮੌਲਿਕਤਾ ; ਸਾਧਨਾ ਦੀਆਂ ਪੰਜ ਭੂਮਿਕਾਵਾਂ ਵਿਚੋਂ ਧਰਮ ਖੰਡ ਦੀ ਵਿਆਖਿਆ; ਰਾਤ ਦਿਨ, ਰੁਤ ਵਾਰ ਆਦਿ ਕਾਲ ਅਤੇ ਪਉਣ ਪਾਣੀ ਆਦਿ ਪ੍ਰਕ੍ਰਿਤੀ ਦੇ ਤਤਾਂ

ਵਿਚਕਾਰ ਧਰਤੀ ਧਰਮਸਾਲ ਰੂਪ ਹੈ, ਧਰਮ ਕਮਾਉਣ ਦੀ ਥਾਂ; ਕਰਮਾਂ ਅਨੁਸਾਰ ਨਬੇੜਾ; ਪ੍ਰਭੂ ਦਾ ਦਰਬਾਰ ਸਚਾ; ਪ੍ਰਮਾਣਿਕ ਪੰਚ ਸੁਸ਼ੋਭਿਤ; ਉਹ ਇੰਦ੍ਰੀਆਂ ਦੇ ਪ੍ਰਤਿਨਿਧੀ; ਪ੍ਰਭੂ ਕ੍ਰਿਪਾ ਨਾਲ ਸਫਲਤਾ ਦਾ ਨਿਸ਼ਾਣ; ਉਹੋ ਨਿਰਣਯ ਕਰਨ ਵਾਲਾ; ਉਸ ਦੇ ਦਰਬਾਰ ਵਿਚ ਹੀ ਸਚ ਦੀ ਸੋਝੀ; ... 60

15. **ਗਿਆਨ ਖੰਡ**—(ਪਉ. 35) ਇਸ ਧਰਤੀ ਤੋਂ ਛੁਟ ਬ੍ਰਹਮੰਡ ਵਿਚ ਅਨੇਕ ਪ੍ਰਕਾਰ ਦੇ ਪਉਣ ਪਾਣੀ ਆਦਿ ਤਤਵ ਤੇ ਕਿੰਨੇ ਹੀ ਕਾਨ੍ਹ ਮਹੇਸ਼ ਹਨ; ਕਈ ਬ੍ਰਹਮੇ ਰਚਨਾ ਕਰ ਰਹੇ ਹਨ । ਗਿਆਨੀ ਦੀ ਨਿਗਾਹ ਵਿਚ ਅਨੇਕ ਕਰਮ-ਭੂਮੀਆਂ, ਸੁਮੇਰੂ ਪਰਬਤ ਤੇ ਧ੍ਰੂ-ਪ੍ਰਦੇਸ਼; ਕਿੰਨੇ ਹੀ ਇੰਦਰ, ਚੰਨ ਸੂਰਜ ਤੇ ਨਛਤਰ-ਮੰਡਲ; ਸਿਧ, ਬੁਧ ਅਤੇ ਨਾਥ-ਪੰਥ ਕਈ ਪ੍ਰਕਾਰ; ਕਈ ਦੇਵ ਦਾਨਵ ਅਤੇ ਮੁਨੀ; ਰਤਨਾ ਦੇ ਭਰੇ ਸਾਗਰ; ਕਈ ਯੋਨੀਆਂ, ਕਈ ਬਾਣੀਆਂ, ਕਿੰਨੇ ਹੀ ਰਾਜਵੰਸ਼; ਸਾਧਨਾ ਦੀਆਂ ਕਈ ਪ੍ਰਣਾਲੀਆਂ; ਕੋਈ ਅੰਤ ਨਹੀਂ; ... 62

16. **ਸਰਮ ਖੰਡ**—(ਪਉ. 36) ਸਾਧਨਾ ਦੀ ਦੂਜੀ ਭੂਮਿਕਾ ਵਿਚ ਪ੍ਰਚੰਡ ਗਿਆਨ ਨਾਲ ਸ੍ਰਿਸਟੀ ਦੇ ਮਧ-ਬਿੰਦੂ ਵਿਚ ਪ੍ਰਵੇਸ਼ ਤੇ ਅੰਤਰ ਮਨ ਵਿਚ ਨਾਦ, ਵਿਨੋਦ ਤੇ ਲੀਲਾ ਦਾ ਅਨੰਦ; ਧਰਮ ਵਜੋਂ ਤਟਸਥਤਾ, ਪ੍ਰਤਿਭਾ ਦੀ ਜਾਗ੍ਰਤੀ, ਪਰ ਗਿਆਨ ਕੇਂਦ੍ਰੀ ਸਤਾ ਵਲ ਲੈ ਜਾਣ ਵਾਲਾ ਕਲਿਆਣਕਾਰੀ ਤੇ ਅਨੰਦ ਦਾਇਕ ; ...

ਤੀਜੀ ਭੂਮਿਕਾ ਸਰਮਖੰਡ ਦੀ; ਨਮ੍ਰਤਾ-ਪੂਰਵਕ ਉਦਮ (ਸ਼ਰਮ ਤੇ ਸ੍ਰਮ); ਇਸ ਨਾਲ ਜੀਵਨ ਦੀ ਸੁੰਦਰ ਨੁਹਾਰ ਸੰਭਵ; ਪੁਨਰੁਕਤੀ ਜਾਂ ਨਿਸਤਾਰ ਵੇਦ ਦੇ ਪਵਮਾਨ ਸੁਕਤ ਵਿਚ ਵੀ । ਇਥੇ ਸੁਰਤ ਦੀ ਇਕਾਗ੍ਰਤਾ, ਮਤਿ ਦੀ ਮਨਨ-ਸ਼ਕਤੀ ਅਤੇ ਮਨ ਦੀਆਂ ਹੋਰ ਸ਼ਕਤੀਆਂ ਤੇ ਬੁਧੀ ਦੇ ਵਿਕਾਸ, ਜੀਵਨ-ਮੁਕਤ ਸਿਧਾਂ ਅਤੇ ਕਲਿਆਣ ਕਾਰੀਸੁਰਾਂ ਦੀ ਸੂਝ; ... 64

17. **ਕਰਮ ਖੰਡ**—(ਪਉ. 37) ਕਰਮ ਖੰਡ ਤੇ ਸਚ ਖੰਡ ਦੇ ਰਲਵੇਂ ਵਰਨਨ ਨਾਲ ਇਕੋ ਭੂਮਿਕਾ ਦਾ ਸੰਕੇਤ; ਕਰਮ ਖੰਡ ਦੀ ਬਾਣੀ ਪ੍ਰੇਮ (ਜੋੜ); ਉਸ ਦੀ ਹਜ਼ੂਰੀ ਵਿਚ ਕੋਈ ਪਰਾਇਆ ਨਹੀਂ; ਸਾਧਨਾ ਦੇ ਸੂਰਬੀਰਾਂ ਵਿਚ ਰਾਮ ਰਮਿਆ; ਉਥੇ ਅਣਿਨਿਖੜਵੀਂ ਸੋਭਾ (ਸੀਤਾ); ਮਹਿਮਾ ਵਿਆਪਕ ਤੇ ਅਕਥ; ਜਿਨ੍ਹਾਂ ਦੇ ਮਨ ਵਿਚ ਰਾਮ ਵਸੇ. ਉਹ ਅਮਰ;ਲੋਕ ਲੋਕਾਂਤਰ ਦੇ ਭਗਤ ਹਜ਼ੂਰੀ ਵਿਚ; ਸਚੇ ਪ੍ਰਭੂ ਨੂੰ ਮਨ ਵਿਚ ਧਾਰ ਕੇ ਅਨੰਦ ਕਰਨ ਵਾਲੇ; 66

18. **ਸਚਖੰਡ**—(ਪਉ. 37) ਸਚ ਖੰਡ ਵਿਚ ਨਿਰਾਕਾਰ ਬ੍ਰਹਮ, ਜੋ ਚਿਤ੍ਰਕਾਰ ਵਤ ਆਪਣੀ ਰਚਨਾ ਵੇਖਣ ਵਾਲਾ ਅਤੇ ਮਿਹਰ ਦੀ ਨਜ਼ਰੋ ਵਾਲਾ; ਖੰਡ ਮੰਡਲ, ਬ੍ਰਹਮੰਡ ਅਨੇਕ; ਸਾਰੀ ਸ੍ਰਿਸਟੀ ਮਹਿਮਾ ਦਾ ਰੂਪ; ਲੋਕ-ਲੋਕਾਂਤਰ ਦੇ ਆਕਾਰ ਅਨੇਕ; ਹੁਕਮ ਅਨੁਸਾਰ ਕੰਮ; ਪ੍ਰਭੂ ਵਿਚਾਰ ਕਰਕੇ ਪ੍ਰਸੰਨ; ਇਸ ਵਿਸ਼ੇ ਦਾ ਵਰਨਨ ਲੋਹੇ ਵਾਂਗ ਕਰੜਾ; ... 66

ਇਥੇ ਭਗਤ ਦਾ ਏਕਾਕਾਰ ਰੂਪ ਵੀ ਹੈ ਅਤੇ ਗੁਣ ਗਾਉਣ ਵਾਲਾ ਵੀ;

19. **ਅੰਤਿਮ ਉਪਦੇਸ਼**—(ਪਉ. 38) ਗਹਿਣਾ ਘੜਨ ਦੇ ਰੂਪਕ ਰਾਹੀਂ ਉਪਦੇਸ਼; ਭੱਠੀ ਜਤ ਹੈ, ਧੀਰਜ ਸੁਨਿਆਰ; ਅਹਿਰਨ ਬੁਧੀ; ਵੇਦ ਹਥਿਆਰ; ਭਉ ਖੱਲ (ਧੌਂਕਣੀ) ਤੇ ਅਗਨੀ ਤਪਸਿਆ ਹੈ,ਪਾਤਰ ਪ੍ਰੇਮ-ਭਾਵ ਅਤੇ ਨਾਮ ਰੂਪੀ ਅੰਮ੍ਰਿਤ ਹੈ; ਇਸ ਪ੍ਰਕਾਰ ਸਚੀ ਟਕਸਾਲ ਵਿਚ ਸ਼ਬਦ ਦੀ ਘਾੜਤ; ਪਰ ਇਸ ਅਸ਼ਟਾਂਗ ਸਾਧਨਾ ਵਿਚ ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਜ਼ਰੂਰੀ ਹੈ;... 70

20. **ਉਪਸੰਹਾਰ**—(ਸਲੋਕ) : ਧਰਤੀ ਉਤਮ ਮਾਤਾ, ਪਾਣੀ ਪਿਤਾ ਅਤੇ ਪਉਣ ਗੁਰੂ; ਉਪਨਿਸ਼ਦਾਂ ਵਿਚ ਇਨ੍ਹਾਂ ਪ੍ਰਤਿ ਸਤਿਕਾਰ; ਰਾਤੀ ਰੁਤੀ, ਥਿਤੀ, ਵਾਰ ਦੇ ਕਾਲ ਅਤੇ ਪਵਣ ਪਾਣੀ ਅਗਨੀ ਪਾਤਾਲ ਦੇ ਕਾਰਨ ਜਗਤ ਦਾ ਮੇਲ ਹੈ। ਚੰਗੇ ਮੰਦੇ ਕੰਮਾਂ ਦਾ ਲੇਖਾ ਉਥੇ ਧਰਮਰਾਜ ਰਾਹੀਂ; ਕਰਨੀ ਵਜੋਂ ਪ੍ਰਾਣੀ ਰਬ ਦੇ ਨੇੜੇ ਵੀ ਤੇ ਦੂਰ ਵੀ; ਗੀਤਾ: 'ਭਗਵਾਨ ਨੂੰ ਸਭ ਸਮਾਨ ਹਨ, ਪਰ ਭਗਤ ਬਹੁਤ ਨੇੜੇ; ਸ਼ੰਕਰ ਭਾਸ਼੍ਯ ਵਿਚ ਅਗਨੀ ਦੇ ਗਰਮੀ ਦੇਣ ਦਾ ਉਦਾਹਰਣ;ਦੂਰ ਵਾਲੇ ਨੂੰ ਗਰਮੀ ਘਟ ਹੈ। ਸੁਆਮੀ ਰਾਮਦਾਸ ਦਾ ਵਿਚਾਰ: ਪ੍ਰਭੂ ਭਗਤਾਂ ਪੁਰ ਦਿਆਲੂ ਵੀ ਹੈ, ਨਿਆਂਕਾਰੀ ਵੀ ਅਤੇ ਖਿਮਾ-ਸ਼ੀਲ ਵੀ। ਕੁਰਾਨ ਵਿਚ ਬਦੀ ਦੀਯੋਗ ਸਜ਼ਾ ਪਰ ਨੇਕੀ ਦਾ ਫਲ ਵਧੇਰੇ; ਨਾਮ ਧਿਆਉਣ ਵਾਲੇ ਤੇ ਕਸ਼ਟ ਸਹਿਣ ਵਾਲੇ ਬੰਦਿਆਂ ਦੀ ਮੁਕਤੀ; ... 70

# ਜਪੁਜੀ

## (ਮੂਲ)

ਪਹਿਲਾ ਭਾਗ

# ਮੰਗਲਾਚਰਣ

## ੧. ਮੂਲ ਮੰਤ੍ਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

## ੨. ਜਪੁ

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

## ੩. ਸੱਚ ਦੀ ਖੋਜ

੧

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥

## ੪. ਸਰਨਾਗਤੀ

### ੨

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥

### ੩

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ॥
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥ ੩ ॥

੪

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥

## ੫. ਸੋ ਮੈ ਵਿਸਰਿ ਨ ਜਾਈ

੫

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥

੬

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੬ ॥

੭

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ੭ ॥

# ਸ੍ਰਵਣ, ਮਨਨ ਤੇ ਭਾਵਨ

## ੬. ਸ੍ਰਵਣ

੮

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੮ ॥

੯

ਸੁਣਿਐ ਈਸਰੁ ਬਰਮਾ ਇੰਦੁ ॥
ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥
ਸੁਣਿਐ ਸਾਸਤ ਸਿਮ੍ਰਿਤਿ ਵੇਦ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥

੧੦

ਸੁਣਿਐ ਸਤੁ ਸੰਤੋਖੁ ਗਿਆਨੁ ॥
ਸੁਣਿਐ ਅਠਸਠਿ ਕਾ ਇਸਨਾਨੁ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥
ਸੁਣਿਐ ਲਾਗੈ ਸਹਜਿ ਧਿਆਨੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥

੧੧

ਸੁਣਿਐ ਸਰਾ ਗੁਣਾ ਕੇ ਗਾਹ ॥
ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ।
ਸੁਣਿਐ ਹਾਥ ਹੋਵੈ ਅਸਗਾਹੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥

## ੭. ਮਨਨ

੧੨

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥

੧੩

ਮੰਨੈ ਸੁਰਤਿ ਹੋਵੈ ਮਨਿ ਬੁਧਿ ॥
ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨਾ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥

੧੪

ਮੰਨੈ ਮਾਰਗਿ ਠਾਕ ਨ ਪਾਇ ॥
ਮੰਨੈ ਪਤਿ ਸਿਉ ਪਰਗਟੁ ਜਾਇ ॥
ਮੰਨੈ ਮਗੁ ਨ ਚਲੈ ਪੰਥੁ ॥
ਮੰਨੈ ਧਰਮ ਸੇਤੀ ਸਨਬੰਧੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥

੧੫

ਮੰਨੈ ਪਾਵਹਿ ਮੋਖੁ ਦੁਆਰੁ ॥
ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰੁ ਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

## ੮. ਭਾਵਨ

੧੬

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥
ਜੇ ਕੋ ਕਹੈ ਕਰੈ ਵੀਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥
ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੬ ॥

੧੭

ਅਸੰਖ ਜਪ ਅਸੰਖ ਭਾਉ ॥
ਅਸੰਖ ਪੂਜਾ ਅਸੰਖ ਤਪ ਤਾਉ ॥
ਅਸੰਖ ਗਰੰਥ ਮੁਖਿ ਵੇਦ ਪਾਠ ॥
ਅਸੰਖ ਜੋਗ ਮਨਿ ਰਹਹਿ ਉਦਾਸ ॥
ਅਸੰਖ ਭਗਤ ਗੁਣ ਗਿਆਨ ਵੀਚਾਰ ॥
ਅਸੰਖ ਸਤੀ ਅਸੰਖ ਦਾਤਾਰ ॥
ਅਸੰਖ ਸੂਰ ਮੁਹ ਭਖ ਸਾਰ ॥
ਅਸੰਖ ਮੋਨਿ ਲਿਵ ਲਾਇ ਤਾਰ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੭ ॥

੧੮

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥

ਅਸੰਖ ਮਲੇਛ ਮਲੁ ਭਖਿ ਖਾਹਿ ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੮ ॥

੧੯

ਅਸੰਖ ਨਾਵ ਅਸੰਖ ਥਾਵ ॥
ਅਗੰਮ ਅਗੰਮ ਅਸੰਖ ਲੋਅ ॥
ਅਸੰਖ ਕਹਹਿ ਸਿਰਿ ਭਾਰੁ ਹੋਇ ॥
ਅਖਰੀ ਨਾਮੁ ਅਖਰੀ ਸਾਲਾਹ ॥
ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥
ਜਿਵ ਫੁਰਮਾਏ ਤਿਵ ਤਿਵ ਪਾਹਿ ॥
ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

# ਭਗਵੰਤ ਮਹਿਮਾ

## ੯. ਕਿਵ ਕਰਿ ਆਖਾ

੨੦

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥
ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥

੨੧

ਤੀਰਥੁ ਤਪੁ ਦਇਆ ਦਤੁ ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥
ਸਭਿ ਗੁਣ ਤੇਰੇ ਮੈ ਨਾਹੀ ਕੋਇ ॥

ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥
ਸਤਿ ਸੁਹਾਣੁ ਸਦਾ ਮਨਿ ਚਾਉ ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥ ੨੧ ॥

੨੨

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨ ॥

੨੩

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥

## ੧੦. ਅਕਥ

### ੨੪

ਅੰਤੁ ਨ ਸਿਫਤੀ ਕਹਣਿ ਨ ਅੰਤੁ ॥
ਅੰਤੁ ਨ ਕਰਣੈ ਦੇਣਿ ਨ ਅੰਤੁ ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥
ਅੰਤੁ ਨ ਜਾਪੈ ਕੀਆ ਮਨਿ ਮੰਤੁ ॥
ਅੰਤੁ ਨ ਜਾਪੈ ਕੀਤਾ ਆਕਾਰੁ ॥
ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥ ੨੪ ॥

### ੨੫

ਬਹੁਤਾ ਕਰਮੁ ਲਿਖਿਆ ਨਾ ਜਾਇ ॥
ਵਡਾ ਦਾਤਾ ਤਿਲੁ ਨ ਤਮਾਇ ॥
ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥

ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ ॥
ਕੇਤੇ ਮੂਰਖ ਖਾਹੀ ਖਾਹਿ ॥
ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥
ਹੋਰੁ ਆਖਿ ਨ ਸਕੈ ਕੋਇ ॥
ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥
ਆਪੇ ਜਾਣੈ ਆਪੇ ਦੇਇ ॥
ਆਖਹਿ ਸਿ ਭਿ ਕੇਈ ਕੇਇ ॥
ਜਿਸਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

੨੬

ਅਮੁਲ ਗੁਣ ਅਮੁਲ ਵਾਪਾਰ ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥
ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥

ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁ ਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥

## ੧੧. ਸੋ ਦਰੁ

੨੭.

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁ ਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭ ॥

# ਸਾਧਨਾ

## ੧੨. ਆਦੇਸ

੨੮

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੨੮ ॥

੨੯

ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ ॥

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੨੯ ॥

੩੦

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੩੦ ॥

੩੧

ਆਸਣੁ ਲੋਇ ਲੋਇ ਭੰਡਾਰ ॥
ਜੋ ਕਿਛੁ ਪਾਇਆ ਸੁ ਏਕਾ ਵਾਰ ॥
ਕਰਿ ਕਰਿ ਵੇਖੈ ਸਿਰਜਣਹਾਰੁ ॥
ਨਾਨਕ ਸਚੇ ਕੀ ਸਾਚੀ ਕਾਰ ॥

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੩੧ ॥

## ੧੩. ਪ੍ਰੇਰਣਾ

### ੩੨

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥

### ੩੩

ਆਖਣਿ ਜੋਰੁ ਚੁਪੈ ਨਹ ਜੋਰੁ ॥
ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥

## ੧੪. ਧਰਮ ਖੰਡ

### ੩੪

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥

77054

ਤਿਸੁ ਵਿਚਿ ਧਰਤੀ
ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥ ੩੪ ॥

੩੫

ਧਰਮ ਖੰਡ ਕਾ ਏਹੋ ਧਰਮੁ ॥

## ੧੫. ਗਿਆਨ ਖੰਡ

ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ ੩੫ ॥

੩੬

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥

## ੧੬. ਸਰਮ ਖੰਡ

ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ੩੬ ॥

## ੧੭. ਕਰਮ ਖੰਡ

੩੭

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥

## ੧੮. ਸਚ ਖੰਡਿ

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥ ੩੭ ॥

## ੧੯. ਅੰਤਿਮ ਉਪਦੇਸ਼

੩੮

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥

## ੨੦. ਉਪਸੰਹਾਰ

ਸਲੋਕੁ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

# ਜਪੁਜੀ

(ਪ੍ਰਵਚਨ)

# ਭੂਮਿਕਾ

'ਜਪੁਜੀ' ਵਿਚ ਧਰਮ ਦਾ ਸਾਰ ਤੇ ਨਿਚੋੜ ਦਿੱਤਾ ਗਿਆ ਹੈ। ਗੁਰੂ ਨਾਨਕ ਜੀ ਨੇ ਇਹ ਬਾਣੀ ਆਪਣੀ ਅੰਤਲੀ ਅਵਸਥਾ ਵਿਚ, ਸਾਰੀ ਯਾਤ੍ਰਾ ਖ਼ਤਮ ਕਰਨ ਮਗਰੋਂ ਰਚੀ। ਮੈਨੂੰ ਇਹ ਬਹੁਤ ਚੰਗੀ ਲੱਗੀ ਹੈ। ਸਨ 1940 ਵਿਚ ਵਿਅਕਤੀਗਤ ਸਤਿਆਗ੍ਰਹਿ ਸਮੇਂ ਜਦੋਂ ਮੈਂ ਜੇਲ ਵਿਚ ਸਾਂ, ਉਸ ਸਮੇਂ ਮੈਂ ਜਪੁਜੀ ਪਹਿਲੀ ਵਾਰ ਪੜ੍ਹਿਆ ਸੀ। ਉਸ ਵੇਲੇ ਮੈਂ ਨਾਮਦੇਵ ਜੀ ਦੇ ਮਰਾਠੀ ਭਜਨਾਂ ਦਾ ਸੰਗ੍ਰਹਿ ਕਰ ਰਿਹਾ ਸਾਂ। ਉਨ੍ਹਾਂ ਦੇ ਕੁਝ ਹਿੰਦੀ ਭਜਨ 'ਗੁਰੂ ਗ੍ਰੰਥ ਸਾਹਿਬ' ਵਿਚ ਵੀ ਹਨ। ਇਸ ਲਈ ਮੈਂ 'ਗੁਰੂ ਗ੍ਰੰਥ ਸਾਹਿਬ' ਮੰਗਵਾਇਆ ਅਤੇ ਨਾਮਦੇਵ ਜੀ ਦੇ ਭਜਨਾਂ ਲਈ ਸਾਰਾ ਪੜ੍ਹ ਲਿਆ। ਉਸ ਵੇਲੇ ਇਕ ਸਿਖ ਸੱਜਨ ਮੇਰੇ ਨਾਲ ਸਨ ਜੋ 'ਜਪੁਜੀ' ਦਾ ਪਾਠ ਕਰਦੇ ਹੁੰਦੇ ਸਨ। ਪਰ ਉਸ ਵੇਲੇ ਮੈਨੂੰ ਅਰਥਾਂ ਦਾ ਪਤਾ ਨਹੀਂ ਸੀ ਅਤੇ ਮੇਰੇ ਕੋਲ ਅਰਥ ਜਾਣਨ ਦੇ ਸਾਧਨ ਵੀ ਨਹੀਂ ਸਨ। ਇਸ ਵਿਚ ਕੁਝ ਅਜੇਹੇ ਸ਼ਬਦ ਹਨ ਜਿਨ੍ਹਾਂ ਦਾ ਅਰਥ ਇਕ-ਦਮ ਧਿਆਨ ਵਿਚ ਨਹੀਂ ਆਉਂਦਾ। ਉਦਾਹਰਣ ਵਜੋਂ, "**ਕਰਮ ਖੰਡ ਕੀ ਬਾਣੀ ਜੋਰੁ**" (ਪਉੜੀ 37) ਲਵੋ। ਇਸ ਵਿਚ '**ਕਰਮ**' ਦਾ ਅਰਥ ਹੈ, ਪਰਮੇਸ਼ਰ ਦੀ ਕ੍ਰਿਪਾ। ਕਰਮ ਅਰਬੀ ਸ਼ਬਦ ਹੈ। ਜਦੋਂ ਮਨੁੱਖ ਪਰਮੇਸ਼ਰ ਦੀ ਕ੍ਰਿਪਾ ਦੀ ਭੂਮਿਕਾ ਤੇ ਚਲਦਾ ਹੈ, ਤਾਂ ਉਸ ਦੀ ਬਾਣੀ ਦਾ ਸਰੂਪ ਕੀ ਹੁੰਦਾ ਹੈ,. ਇਸ ਦਾ ਵਰਣਨ ਇਥੇ ਕੀਤਾ ਜਾ ਰਿਹਾਂ ਹੈ। ਇਸ ਭੂਮਿਕਾ ਵਿਚ ਉਸ ਦਾ ਮੇਲ ਭਗਵਾਨ ਨਾਲ ਹੋ ਜਾਂਦਾ ਹੈ।

ਪੰਜਾਬ ਦੀ ਪਦ-ਯਾਤ੍ਰਾ ਵਿਚ ਉਥੋਂ ਦੀ ਜਨਤਾ ਨਾਲ ਸਾਂਝ ਪੈਦਾ ਕਰਨੀ ਸੀ, ਇਸ ਲਈ ਮੈਂ ਦੁਬਾਰਾ 'ਜਪੁਜੀ' ਦਾ ਅਧਿਐਨ ਸ਼ੁਰੂ ਕੀਤਾ। ਉਸ ਦਾ ਮੇਰੇ ਤੇ ਬਹੁਤ ਗਹਿਰਾ ਅਸਰ ਹੋਇਆ। ਰਾਤੀਂ ਜਦੋਂ ਕਦੀ ਸੁਫ਼ਨਾ ਆਉਂਦਾ ਤਾਂ ਉਸ ਵਿਚ ਵੀ ਗੁਰੂ ਨਾਨਕ ਦੇਵ ਦੇ ਬਚਨ ਯਾਦ ਆਉਂਦੇ ਸਨ। ਚਿੰਤਨ ਨਾਲ ਉਨ੍ਹਾਂ ਬਚਨਾਂ ਦਾ ਅੰਤਰੀਵ ਭਾਵ ਪਤਾ ਲਗਦਾ ਹੈ। ਇਸ ਦਾ ਜਿੰਨਾ ਚਿੰਤਨ ਕਰੋ ਉੱਨਾ ਹੀ ਭਾਵ ਵਧੇਰੇ ਸਪਸ਼ਟ ਹੁੰਦਾ ਜਾਂਦਾ ਹੈ। ਮੈਂ ਚਾਹੁੰਦਾ ਹਾਂ ਕਿ ਇਸ ਦਾ ਡੂੰਘਾ ਅਸਰ ਹਿੰਦੁਸਤਾਨ ਦੇ ਲੋਕਾਂ ਦੇ ਮਨ ਉਤੇ ਪਵੇ।

ਸਾਡੇ ਦੇਸ਼ ਵਿਚ ਕੁਝ ਵੱਡੇ ਵੱਡੇ ਭਾਸ਼ (ਵਿਆਖਿਆ) ਵਾਲੇ ਗ੍ਰੰਥ ਵੀ ਲਿਖੇ ਗਏ ਹਨ ਅਤੇ ਕੁਝ ਸੂਤ੍ਰ ਵਾਲੇ ਵੀ। 'ਜਪੁਜੀ' ਸੂਤ੍ਰ ਵਾਲਾ ਗ੍ਰੰਥ ਹੈ। 38 ਪਉੜੀਆਂ, ਆਰੰਭ ਦਾ ਮੂਲ ਮੰਤ੍ਰ ਅਤੇ ਅੰਤਿਮ ਸ਼ਲੋਕ ਮਿਲ ਕੇ ਬਿਲਕੁਲ ਥੋੜੇ ਵਿਚ, ਧਰਮ ਦਾ ਸਾਰਾ ਸਾਰ ਰੱਖ ਦਿੱਤਾ ਗਿਆ ਹੈ। ਉਹ ਵੀ ਅਜੇਹੇ ਢੰਗ ਨਾਲ ਕਿ ਕੇਵਲ ਸ਼ਰਧਾ ਦੀ ਗੱਲ ਨਹੀਂ ਕੀਤੀ ਗਈ, ਸਗੋਂ ਕਾਫ਼ੀ ਵਿਆਪਕ ਦ੍ਰਿਸ਼ਟੀ ਤੋਂ ਸੋਚਿਆ ਗਿਆ ਹੈ। ਗਿਆਨ ਯੋਗ, ਧਿਆਨ ਯੋਗ, ਭਗਤੀ ਯੋਗ, ਸਾਧਨਾ ਆਦਿ ਬਾਰੇ ਸਭ ਕੁਝ ਕਿਹਾ ਗਿਆ ਹੈ। ਜਿਵੇਂ

'ਈਸ਼ਾਵਾਸਜ ਉਪਨਿਸ਼ਦ' ਵਿਚ 18 ਮੰਤ੍ਰਾਂ ਰਾਹੀਂ ਸਾਰੇ ਵੈਦਿਕ ਧਰਮ ਦਾ ਸਾਰ ਦਿੱਤਾ ਗਿਆ ਹੈ, ਤਿਵੇਂ ਹੀ ਇਸ ਵਿਚ ਦਰਸ਼ਨ, ਨੀਤੀ-ਵਿਚਾਰ, ਤੱਤ੍ਵ-ਗਿਆਨ ਆਦਿ ਸਭ ਦਾ ਸਾਰ ਦੇ ਦਿੱਤਾ ਗਿਆ ਹੈ। ਜਪੁਜੀ ਦੀ ਬਾਣੀ 'ਈਸ਼ਾਵਾਸਜ ਉਪਨਿਸ਼ਦ' ਜਿੱਨੀ ਸੰਖਿਪਤ ਨਹੀਂ ਹੈ। ਇਸ ਦੀਆਂ 38 ਪਉੜੀਆਂ ਹਨ ਜਿਹੜੀਆਂ ਗੀਤਾ ਦੇ ਲਗ ਭਗ 160 ਅਨੁਸ਼ਟੁਪ ਛੰਦਾ ਦੇ ਬਰਾਬਰ ਹਨ। ਆਕਾਰ ਵਿਚ ਇਹ ਗੀਤਾ ਦਾ ਚੌਥਾ ਹਿੱਸਾ ਹੈ।

# ਅੰਤਰਿ ਵਸਤੂ

## ਪੂਰਵਾਰਧ

ਜਪੁਜੀ ਵਿਚ 38 ਪਉੜੀਆਂ, ਮੂਲ ਮੰਤ੍ਰ ਅਤੇ ਅੰਤਿਮ ਸ਼ਲੋਕ ਮਿਲ ਕੇ ਕੁਲ ਚਾਲ੍ਹੀ ਪਦ ਹਨ।...ਮੈਨੂੰ ਚਿੰਤਨ ਕਰਨ ਤੇ ਇਸ ਦੇ ਚਾਰ ਭਾਗ ਸੁੱਝੇ ਹਨ। ਇਹ ਭਾਗ ਮੂਲ ਲੇਖਕ ਨੇ ਨਹੀਂ ਬਣਾਏ।

1. **ਪਹਿਲਾ ਭਾਗ :** 'ਮੰਗਲਾਚਰਣ' ਦੀਆਂ ਪਹਿਲੀਆਂ ਸੱਤਾਂ ਪਉੜੀਆਂ ਵਿਚ ਭਗਵਾਨ੍ ਸਤਿ ਸਰੂਪ ਹੈ, ਇਹ ਆਖ ਕੇ ਪ੍ਰਭੁ ਭਗਤੀ ਵਲ ਧਿਆਨ ਦਿਵਾਇਆ ਹੈ। ਜਿਸ ਨੂੰ ਅਸੀਂ 'ਮੰਗਲਾਚਰਣ' ਆਖਦੇ ਹਾਂ, ਉਸੇ ਤਰ੍ਹਾਂ ਦਾ ਇਹ ਭਾਗ ਹੈ। ਇਸ ਭਾਗ ਵਿਚ ਪੰਜ ਪਰਿਛੇਦ ਹਨ :
   **ਪਰਿਛੇਦ :** 1. ਮੰਤ੍ਰ, 2. ਜਪੁ, 3. ਸੱਚ ਦੀ ਖੋਜ, 4. ਸਰਨਾਗਤੀ, ਅਤੇ 5. ਸੋ ਮੈ ਵਿਸਰਿ ਨ ਜਾਈ।

   ਪਉੜੀਆਂ ੧-੭

2. **ਦੂਜਾ ਭਾਗ :** 'ਸ੍ਰਵਣ, ਮਨਨ ਤੇ ਭਾਵਨ' ਦੀਆਂ 12 ਪਉੜੀਆਂ ਵਿਚ ਚਾਰ ਚਾਰ ਪਉੜੀਆਂ ਦੇ ਤਿੰਨ ਪਰਿਛੇਦ ਹਨ :
   **ਪਰਿਛੇਦ :** 1. ਸ੍ਰਵਣ (=ਸੁਣਨ), 2. ਮਨਨ, 3. ਭਾਵਨ।

   ਪਉੜੀਆਂ ੮-੧੯

## ਉੱਤਰਾਰਧ

3. **ਤੀਜਾ ਭਾਗ :** 'ਭਗਵੰਤ ਮਹਿਮਾ' ਦੀਆਂ ੮ ਪਉੜੀਆਂ ਵਿਚ ਭਗਵਾਨ ਦੇ ਸਰੂਪ ਦਾ ਚਿੰਤਨ ਕੀਤਾ ਹੈ ਜਿਸ ਦਾ ਸਾਰ ਇਹ ਹੈ ਕਿ ਭਗਵਾਨ ਦੀ **ਮਹਿਮਾ ਵੱਡੀ ਹੈ ਤੇ ਉਸ ਦਾ ਦਰਬਾਰ ਵੱਡਾ ਹੈ।** ਉਸ ਦੇ ਸਰੂਪ, ਉਸ ਦੀਆਂ ਸ਼ਕਤੀਆਂ ਆਦਿ ਦਾ ਮੂਲਿਆਂਕਣ ਕਰਨਾ ਸਾਡੀ ਬੁੱਧੀ ਤੋਂ ਪਰੇ ਹੈ। ਅਸੀਂ ਉਸ ਦਾ ਨਾਉਂ ਲਈਏ, ਉਸ ਦੀ ਸਰਨ ਵਿਚ ਜਾਈਏ, ਉਸ ਵਿਚ ਲੀਨ ਹੋ ਜਾਈਏ, ਇਹੋ ਅਸੀਂ ਕਰ ਸਕਦੇ ਹਾਂ ਅਤੇ ਇਹੋ ਸਾਨੂੰ ਕਰਨਾ

ਚਾਹੀਦਾ ਹੈ । ਇਸ ਭਾਗ ਦੇ ਤਿੰਨ ਪਰਿਛੇਦ ਹਨ :

**ਪਰਿਛੇਦ:** 1. ਕਿਵ ਕਰਿ ਆਖਾ, 2. ਅਕਥ, ਅਤੇ 3. ਸੋ ਦਰੁ ।

ਪਉੜੀਆਂ ੨੦-੨੭

4. **ਚੌਥਾ ਭਾਗ :** 'ਸਾਧਨਾ' ਦੀਆਂ 11 ਪਉੜੀਆਂ ਵਿਚੋਂ ਪਹਿਲੀਆਂ ਚਾਰ ਪਉੜੀਆਂ ਵਿਚ ਭਗਵਾਨ ਨੂੰ ਨਮਸਕਾਰ ਕੀਤਾ ਗਿਆ ਹੈ । ਉਸ ਪਿੱਛੋਂ ਨਾਮ-ਜਪ ਦੀ ਮਹਿਮਾ ਦੱਸੀ ਗਈ ਹੈ । ਫਿਰ ਅੰਤ ਦੀਆਂ ਕੁਝ ਪਉੜੀਆਂ ਵਿਚ ਸਾਧਕ ਦੇ ਅੱਗੇ ਕਿਹੜੇ ਕਿਹੜੇ ਪੜਾਉ ਆਉਂਦੇ ਹਨ, ਉਨ੍ਹਾਂ ਦਾ ਵਰਣਨ ਕੀਤਾ ਗਿਆ ਹੈ । ਆਮ ਕਰਕੇ ਸਾਧਕ ਦੀਆਂ ਤਿੰਨ ਭੂਮਿਕਾਵਾਂ ਮੰਨੀਆਂ ਗਈਆਂ ਹਨ, ਕੋਈ ਕੋਈ ਚਾਰ ਵੀ ਮੰਨਦੇ ਹਨ । 'ਯੋਗ ਸ਼ਾਸਤ੍ਰ' ਵਿਚ ਸੱਤ ਦੱਸੀਆਂ ਗਈਆਂ ਹਨ । ਗੁਰੂ ਨਾਨਕ ਨੇ ਪੰਜ ਮੌਲਿਕ ਭੂਮਿਕਾਵਾਂ (ਖੰਡਾਂ) ਦਾ ਵਰਣਨ ਕੀਤਾ ਹੈ । ਸਗੁਣ ਨਿਰਗੁਣ ਦਾ ਵਿਵੇਚਨ, ਯੋਗ ਸ਼ਾਸਤ੍ਰ, ਗੁਣ ਵਿਕਾਸ, ਨਾਮ ਜਪ ਆਦਿ ਦਾ ਸਮਨਵਯ ਕੀਤਾ ਹੈ । ਅੰਤਿਮ ਪਉੜੀ ਵਿਚ ਅੱਠ ਪ੍ਰਕਾਰ ਦੇ ਸਾਧਨ ਦੱਸੇ ਹਨ । ਜਿਵੇਂ ਯੋਗ ਸ਼ਾਸਤ੍ਰ ਵਿਚ ਅਸ਼ਟਾਂਗ ਯੋਗ ਅਤੇ ਬੁੱਧ ਭਗਵਾਨ ਨੇ ਅਸ਼ਟਾਂਗ-ਮਾਰਗ ਦੱਸੇ ਹਨ, ਤਿਵੇਂ ਇਥੇ **ਅੱਠ ਮੌਲਿਕ ਸਾਧਨ ਦੱਸ ਕੇ ਜਪੁ ਸਮਾਪਤ ਕੀਤਾ ਹੈ** । ਇਸ ਭਾਗ ਵਿਚ 8 ਪਰਿਛੇਦ ਹਨ :

**ਪਰਿਛੇਦ:**

1. ਆਦੇਸ
2. ਪ੍ਰੇਰਣਾ
3. ਧਰਮ ਖੰਡ
4. ਗਿਆਨ ਖੰਡ
5. ਸਰਮ ਖੰਡ
6. ਕਰਮ ਖੰਡ
7. ਸੱਚ ਖੰਡ
8. ਅੰਤਿਮ ਉਪਦੇਸ਼

**ਉਪਸੰਹਾਰ :** ਉਪਸੰਹਾਰ ਵਜੋਂ ਇਕ ਸ਼ਲੋਕ ਦਿੱਤਾ ਗਿਆ ਹੈ ।

ਪਉੜੀਆਂ ੨੮-੩੮

---

ਟਿੱਪਣ : ਇਹ 'ਅੰਤਰਿ ਵਸਤੂ' ਵਿਨੋਬਾ ਜੀ ਦੇ ਸੰਕਲਨ ਨੂੰ ਸਮਝਣ ਲਈ ਉਨ੍ਹਾਂ ਦੇ ਆਪਣੇ ਸੰਕੇਤਾਂ ਤੋਂ ਅਨੁਵਾਦਕ ਨੇ ਤਿਆਰ ਕੀਤੀ ਹੈ । ਵੇਖੋ ਮੂਲ ਹਿੰਦੀ ਟੀਕਾ ਪੰਨੇ 31, 46, 47, 48, 50, 62, 85 ਅਤੇ 106.

# ਮੰਗਲਾਚਰਣ

## ੧. ਮੂਲ ਮੰਤ੍ਰ

੧ ਓ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

## ੨. ਜਪੁ

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

**ਹਰ** ਉਪਾਸਨਾ ਵਿਚ ਕੁਝ ਮੂਲ ਮੰਤ੍ਰ ਹੁੰਦੇ ਹਨ ਜੋ ਚਿੰਤਨ ਲਈ ਹੁੰਦੇ ਹਨ। ਜਿਵੇਂ ਭਾਗਵਤ ਸੰਪ੍ਰਦਾਇ ਵਿਚ 'ਦ੍ਵਾਦਸ਼ ਅਕ੍ਸ਼ਰ ਮੰਤ੍ਰ', ਰਾਮ ਸੰਪ੍ਰਦਾਇ ਵਿਚ 'ਤ੍ਰਿਯੋਦਸ਼ ਅਕ੍ਸ਼ਰ ਮੰਤ੍ਰ', ਸ਼ਿਵ ਸੰਪ੍ਰਦਾਇ ਵਿਚ 'ਪੰਚਾਕ੍ਸ਼ਰ ਮੰਤ੍ਰ', ਤਿਵੇਂ ਹੀ ਸਿਖਾਂ ਦਾ ਇਹ ਮੂਲ ਮੰਤ੍ਰ ਹੈ ਜਿਸ ਦੇ ਦ੍ਰਸ਼ਟਾ (ਦਾਨਾ ਬੀਨਾ) ਰਿਖੀ ਨਾਨਕ ਹਨ। ਮੰਤ੍ਰਾਂ ਦੇ ਕੋਈ ਕਰਤਾ (ਲੇਖਕ) ਨਹੀਂ ਹੁੰਦੇ, ਸਗੋਂ ਦ੍ਰਸ਼ਟਾ ਹੁੰਦੇ ਹਨ। ਰਿਖੀਆਂ ਨੂੰ ਦਰਸ਼ਨ ਹੁੰਦੇ ਹਨ; ਜੇ ਇਸਲਾਮ ਦੀ ਧਾਰਣਾ ਵਿਚ ਦੱਸਣਾ ਹੋਵੇ ਤਾਂ ਕਹਾਂਗੇ, 'ਵਹੀ' ਹੁੰਦੀ ਹੈ।

ਇਸ ਦੇ ਆਰੰਭ ਵਿਚ ਇਕ ਦਾ ਅੰਕ [੧] ਦੇਂਦੇ ਹਨ, ਅਖਰ ਨਹੀਂ। ਪਰਮੇਸ਼ਰ ਦੀ ਏਕਤਾ ਸਭ ਧਰਮਾਂ ਦੀ ਨੀਂਹ ਹੈ।

**ਓਅੰਕਾਰ**—ਇਕ ਨਾਦਾਤਮਕ ਚਿੰਨ੍ਹ ਹੈ. ਨਾਦ ਰੂਪ ਧੁਨੀ ਹੈ। ਇਸ ਪ੍ਰਕਾਰ ਦਾ ਸ਼ਬਦ ਹੋਵੇ ਤਾਂ ਚਿੰਤਨ ਵਿਚ ਮਦਦ ਮਿਲਦੀ ਹੈ। ਓਅੰਕਾਰ ਵੇਦ-ਸਾਹ ਮੰਨਿਆ ਜਾਂਦਾ ਹੈ। ਉਪਨਿਸ਼ਦ ਅਤੇ ਗੀਤਾ ਉਸੇ ਦਾ ਉਪਯੋਗ ਕਰਦੇ ਹਨ। ਗੁਰੂ ਨਾਨਕ ਨੇ ਉਸ ਦਾ ਉਚਾਰਣ ਕਰ ਕੇ ਆਪਣੀ ਪਰੰਪਰਾ ਕਾਇਮ ਰੱਖੀ ਹੈ। ਪੁਰਾਣੇ ਵਿਚਾਰ ਨੂੰ ਤੋੜ ਕੇ ਜਦੋਂ ਕੋਈ ਨਵਾਂ ਵਿਚਾਰ ਆਉਂਦਾ ਹੈ ਤਾਂ ਉਹ ਫਲਦਾ ਫੁਲਦਾ ਨਹੀਂ। ਜਦੋਂ ਪੁਰਾਣੇ ਵਿਚਾਰ ਦਾ ਆਧਾਰ ਲੈ ਕੇ ਕੋਈ ਨਵਾਂ ਵਿਚਾਰ ਅੱਗੇ ਵਧਦਾ ਹੈ, ਤਾਂ ਉਸ ਵਿਚ ਨਵੀਂ ਚੀਜ਼ ਦਾ ਸੁਆਦ ਅਤੇ ਪੁਰਾਣੀ ਚੀਜ਼ ਦਾ ਜ਼ੋਰ ਦੋਵੇਂ ਹੁੰਦੇ ਹਨ। ਇਸ ਨਾਲ ਉਸ ਦਾ ਸੁਆਦ ਹੋਰ ਵਧਦਾ ਹੈ। ਈਸਾ ਮਸੀਹ ਨੇ ਕਿਹਾ ਹੈ : 'I am not come to destroy, but

to fulfil' (ਮੈਂ ਤੋੜਨ ਲਈ ਨਹੀਂ ਆਇਆ ਸਗੋਂ ਪਰਿਪੂਰਣਤਾ ਲਈ ਆਇਆ ਹਾਂ)। ਇਸਲਾਮ ਵਿਚ ਵੀ ਕਿਹਾ ਹੈ ਕਿ 'ਮੈਂ ਤਸਦੀਕ ਕਰਨ ਆਇਆ ਹਾਂ'। ਗੁਰੂ ਨਾਨਕ ਨੇ ਉਸੇ ਤਰ੍ਹਾਂ ਕੀਤਾ ਹੈ। ਇਸ ਨਾਲ ਤਾਕਤ ਬਣਦੀ ਹੈ।

ਪਰਮੇਸ਼ਰ ਦੇ ਨਾਮ ਅਨੰਤ ਹਨ, ਪਰ ਇਥੇ ਇਕ ਚੁਣਿਆ ਹੈ 'ਸਤਿ' (ਸਤਿਨਾਮੁ)। ਵਿਗਿਆਨ ਵੀ ਸਤਿ ਦੀ ਖੋਜ ਕਰਦਾ ਹੈ, ਅਰਥਾਤ ਸੱਚ ਦੀ ਖੋਜ ਵਿਚ ਵਿਗਿਆਨ ਅਤੇ ਆਤਮ-ਗਿਆਨ ਇਕ ਹੋ ਜਾਂਦੇ ਹਨ। ਇਥੇ ਪਰਮੇਸ਼ਰ ਦਾ ਆਲੰਬਨ 'ਸਤਿ' ਮੰਨਿਆ ਗਿਆ ਹੈ ਜੋ ਇਸ ਵਿਗਿਆਨ ਦੇ ਯੁਗ ਵਿਚ ਬਹੁਤ ਚੰਗੀ ਚੀਜ਼ ਹੈ। ਗੀਤਾ ਨੇ ਉਸ ਦੇ ਨਾਲ ਦੋ ਹੋਰ ਵਿਸ਼ੇਸ਼ਣ ਜੋੜ ਕੇ 'ॐ तत् सत्' (ਓਂ ਤਤ੍ ਸਤ੍) ਮੰਤ੍ਰ ਬਣਾਇਆ ਹੈ।

**'ਕਰਤਾ ਪੁਰਖੁ'** ਵਿਚ ਦੋ ਸ਼ਬਦ ਇਕੱਠੇ ਲਿਆ ਕੇ ਦੱਸਿਆ ਹੈ ਕਿ ਪਰਮੇਸ਼ਰ ਜਗਤ ਦਾ ਕਰਤਾ ਹੈ, ਨਾਲੇ ਉਹ ਚੇਤਨ ਹੈ। 'ਪੁਰਖੁ' ਨਾ ਕਿਹਾ ਜਾਂਦਾ ਤਾਂ ਪ੍ਰਕ੍ਰਿਤੀ ਵੀ ਕਰਤਾ ਹੋ ਸਕਦੀ ਸੀ। ਜੜ ਪਦਾਰਥ ਤੋਂ ਜੜ ਪੈਦਾ ਹੋ ਸਕਦਾ ਹੈ, ਸਾਰੇ ਵਿਸ਼੍ਵ ਦੇ ਮੂਲ ਵਿਚ ਜੜ ਪ੍ਰਕ੍ਰਿਤੀ ਹੈ, ਇਹ ਵੀ ਕਿਹਾ ਜਾ ਸਕਦਾ ਹੈ। ਵਿਗਿਆਨ ਵੀ ਸ੍ਰਿਸ਼ਟੀ ਦਾ ਸਰੂਪ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਹੁਣ, ਸ੍ਰਿਸ਼ਟੀ ਹੀ ਚੇਤਨ ਹੈ, ਇਹ ਸਿੱਧ ਹੋ ਜਾਏ ਤਾਂ ਦੂਜੀ ਗੱਲ ਹੈ। ਪਰ ਇਥੇ 'ਪੁਰਖੁ' ਆਖ ਕੇ ਪ੍ਰਭੂ ਨੂੰ ਇਕ ਸੁਤੰਤਰ ਕੀਮਤ ਦਿੱਤੀ ਗਈ ਹੈ। ਜੇਕਰ ਦੁਨੀਆ ਜੜ ਹੈ, ਤਾਂ ਵੀ ਜੜ ਦਾ ਕਰਤਾ ਚੇਤਨ ਹੈ, ਅਤੇ ਦੁਨੀਆ ਚੇਤਨ ਸਿੱਧ ਹੋ ਜਾਏ ਤਾਂ ਕਰਤਾ ਚੇਤਨ ਹੈ ਹੀ।

**'ਨਿਰਭਉ ਨਿਰਵੈਰੁ'**—ਇਹ ਦੋ ਅਦਭੁਤ ਵਿਸ਼ੇਸ਼ਣ ਧਿਆਨ ਖਿੱਚਣ ਵਾਲੇ ਹਨ। ਆਮ ਕਰਕੇ ਪਰਮੇਸ਼ਰ ਲਈ ਅਜੇਹੇ ਅਭਾਵਾਤਮਕ (negative) ਵਿਸ਼ੇਸ਼ਣ ਨਹੀਂ, ਸਗੋਂ ਭਾਵਾਤਮਕ (positive) ਵਿਸ਼ੇਸ਼ਣ ਹੀ ਵਰਤੇ ਜਾਂਦੇ ਹਨ। ਭਗਵਾਨ ਨੂੰ ਭਉ ਅਤੇ ਵੈਰ ਦਾ ਕੋਈ ਕਾਰਣ ਹੀ ਨਹੀਂ ਹੈ। ਪਰ ਇਥੇ ਇਹ ਦੋ ਅਭਾਵਾਤਮਕ ਵਿਸ਼ੇਸ਼ਣ ਖ਼ਾਸ ਤੌਰ ਤੇ ਭਗਤਾਂ ਦੇ ਧਿਆਨ ਲਈ ਦਿੱਤੇ ਹਨ ਤਾਂ ਜੋ ਭਗਵਾਨ ਦੇ ਇਨ੍ਹਾਂ ਦੋ ਗੁਣਾਂ ਦਾ ਧਿਆਨ ਕਰਕੇ ਅਸੀਂ ਨਿਰਭਉ-ਨਿਰਵੈਰ ਬਣੀਏ।

**'ਸਤਿ ਸ੍ਰੀ ਅਕਾਲ'** ਸਿਖਾਂ ਦਾ ਮੰਤ੍ਰ ਹੈ। ਆਪਣੀ 'ਨਾਮ-ਮਾਲਾ' ਵਿਚ ਵੀ ਅਸੀਂ 'ਅਕਾਲ, ਨਿਰਭਯ' ਲੈ ਲਿਆ ਹੈ। **'ਅਕਾਲ ਮੂਰਤਿ'** ਅਰਥਾਤ ਕਾਲਾਤੀਤ, ਜਿਥੇ ਕਾਲ ਦੀ ਪਛਾਣ ਨਹੀਂ ਹੈ। ਪਰਮੇਸ਼ਰ ਕਾਲਾਤੀਤ ਹੈ। **'ਅਜੂਨੀ'** ਅਰਥਾਤ ਅਜਨਮਾ, ਜਨਮ ਰਹਿਤ ਹੈ, ਅਥਵਾ ਅਯੋਨੀ ਹੈ। **'ਸੈਭੰ'** ਅਰਥਾਤ 'ਸ੍ਵਯੰਭੂ' ਹੈ, ਉਹ ਆਪਣੇ ਆਪ ਤੋਂ ਹੀ ਸਭ ਨੂੰ ਪੈਦਾ ਕਰਦਾ ਹੈ ਅਤੇ ਉਸ ਦਾ ਕਿਸੇ ਤੋਂ ਜਨਮ ਨਹੀਂ ਹੋਇਆ।

**'ਗੁਰ ਪ੍ਰਸਾਦਿ'**—ਭਗਵਾਨ ਨੂੰ ਗੁਰੂ ਰੂਪ ਵਿਚ ਦੇਖਿਆ ਗਿਆ ਹੈ। ਗੀਤਾ ਵਿਚ **'ਅਨੁਸ਼ਾਸਿਤਾਰਮ੍'** ਦਾ ਜ਼ਿਕਰ ਆਇਆ ਹੈ। ਇਥੇ **'ਕਰਤਾ'** ਅਰਥਾਤ ਪੈਦਾ ਕਰਨ ਵਾਲੇ ਦੇ ਰੂਪ ਵਿਚ ਅਤੇ ਗੁਰੂ ਦੇ ਰੂਪ ਵਿਚ, ਇਸ ਤਰ੍ਹਾਂ ਭਗਵਾਨ ਦਾ ਦੋਹਰਾ

ਧਿਆਨ ਹੈ। ਬਹੁਤੇ ਲੋਕ ਪਰਮੇਸ਼ਰ ਨੂੰ ਪਿਤਾ ਦੇ ਰੂਪ ਵਿਚ ਦੇਖਦੇ ਹਨ ਅਤੇ ਮਾਤਾ ਦੇ ਰੂਪ ਵਿਚ ਵੀ ਵੇਖਦੇ ਹਨ। ਗੁਰੂ ਨਾਨਕ ਨੇ ਗੁਰੂ ਦੇ ਰੂਪ ਵਿਚ ਵਰਣਨ ਕਰਕੇ ਯਾਚਨਾ ਕੀਤੀ ਹੈ ਕਿ ਉਸ ਦਾ ਪ੍ਰਸਾਦ ਸਾਨੂੰ ਮਿਲਣਾ ਚਾਹੀਦਾ ਹੈ।

ਜਿਵੇਂ ਮੁਸਲਮਾਨਾਂ ਵਿਚ **'ਬਿਸਮਿੱਲਾਹਿਰ ਰਹਮਾਨਿਰ ਰਹੀਮ'**—"ਆਰੰਭ ਅੱਲਾਹ ਦੇ ਨਾਉਂ ਤੋਂ ਜੋ ਰਹਿਮਾਨ ਤੇ ਰਹੀਮ ਹੈ—ਆਖ ਕੇ ਹਰ ਕੰਮ ਆਰੰਭਿਆ ਜਾਂਦਾ ਹੈ, ਤਿਵੇਂ ਇਥੇ ਹਰ ਕੰਮ ਉਸ ਦੇ ਸਿਮਰਨ ਨਾਲ ਆਰੰਭ ਕਰਨ ਦੀ ਗੱਲ ਹੈ। ਕਾਰਜ ਆਰੰਭਣ ਵਿਚ ਮੂਲ ਮੰਤ੍ਰ ਦਾ ਉਚਾਰਣ ਹੈ । ਇਹ ਮੰਤ੍ਰ ਜਪੁਜੀ ਸਾਹਿਬ ਦਾ ਹਿੱਸਾ ਨਹੀਂ ਹੈ। ਹਰ ਚੀਜ਼ ਦੇ ਆਰੰਭ ਵਿਚ ਇਹ ਬੋਲਿਆ ਜਾਂਦਾ ਹੈ। 'ਅਸੀਂ ਹਰ ਕੰਮ ਸ਼ੁਰੂ ਕਰਾਂਗੇ ਉਸ ਭਗਵਾਨ ਦੀ ਕ੍ਰਿਪਾ ਨਾਲ ਜੋ 'ਓਅੰਕਾਰ' ਹੈ, 'ਸਤਿ' ਜਿਸ ਦਾ ਨਾਮ ਹੈ, ਜੋ 'ਕਰਤਾ' ਹੈ, ਚੇਤਨ ਰੂਪ 'ਪੁਰਖੁ' ਹੈ, 'ਨਿਰਭਉ ਨਿਰਵੈਰ' ਹੈ, 'ਕਾਲਾਤੀਤ', 'ਅਜਨਮਾ', ਸ੍ਵੈਂਭੂ [ਆਪੇ ਆਪ] ਹੈ, ਅਤੇ ਗੁਰੂ ਦੇ ਰੂਪ ਵਿਚ ਵੀ ਹੈ।

**'ਆਦਿ ਸਚੁ ਜੁਗਾਦਿ ਸਚੁ'**—'ਆਦਿ' ਯਾਨੀ ਆਕਾਰ ਦਾ ਆਦਿ [ਮੁੱਢ] ਅਤੇ 'ਜੁਗਾਦਿ' ਅਰਥਾਤ ਕਾਲ ਦਾ ਆਦਿ। ਸਥਲ-ਕਾਲ (space and time) ਦਾ ਉਹ ਆਦਿ ਹੈ। ਇਹ ਦੋ ਸ਼ਬਦ ਇਸ ਲਈ ਵਰਤੇ ਹਨ ਕਿ ਗੁਰੂ ਨਾਨਕ ਆਖਣਾ ਚਾਹੁੰਦੇ ਹਨ ਕਿ ਪਰਮੇਸ਼ਰ ਜਗਤ ਦਾ ਵੀ ਆਦਿ ਹੈ ਅਤੇ ਕਾਲ ਦਾ ਵੀ ਆਦਿ ਹੈ ਜਾਂ ਮੂਲ-ਕਾਲ ਦਾ ਆਦਿ ਅਤੇ ਸਾਡੇ ਯੁਗ ਦਾ ਆਦਿ ਹੈ।

ਉਹ ਆਦਿ ਵਿਚ ਜਾਂ ਭੂਤ ਕਾਲ ਵਿਚ ਵੀ ਸਤਿ ਸਰੂਪ ਸੀ, ਵਰਤਮਾਨ ਕਾਲ ਵਿਚ ਵੀ ਸਤਿ ਸਰੂਪ ਹੈ ਅਤੇ ਭਵਿਖ ਵਿਚ ਸਤਿ ਸਰੂਪ ਰਹੇਗਾ।

**'ਹੈ ਭੀ ਸਚੁ ਨਾਨਕ ਹੋਸੀ ਭੀ ਸਚੁ'**— ਉਹ ਪਹਿਲਾਂ ਵੀ ਸੱਚ ਸੀ, ਅੱਜ ਵੀ ਸੱਚ ਹੈ, ਅਤੇ ਨਾਨਕ ਆਖਦੇ ਹਨ, ਅੱਗੇ ਵੀ ਸੱਚ ਹੀ ਰਹੇਗਾ । ਇਸ ਤਰ੍ਹਾਂ, ਇਸ ਮੰਤ੍ਰ ਵਿਚ ਭੂਤ, ਵਰਤਮਾਨ ਅਤੇ ਭਵਿਖ ਤਿੰਨਾਂ ਕਾਲਾਂ ਦਾ ਸੰਕੇਤ ਹੈ।

## ੩. ਸੱਚ ਦੀ ਖੋਜ

### ੧

"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ" ॥ ੧ ॥

**'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ'**—ਅਸੀਂ ਲੱਖ ਵੇਰ ਭਾਵੇਂ ਸੋਚੀਏ, ਤਾਂ ਵੀ ਉਸ ਦਾ ਚਿੰਤਨ ਨਹੀਂ ਕਰ ਸਕਦੇ। ਉਸ ਦਾ ਚਿੰਤਨ ਅਜੇਹੀ ਚੀਜ਼ ਹੈ ਜੋ ਸੋਚਣ ਤੋਂ ਪਰੇ ਹੈ। ਤਰਕ-ਸ਼ਕਤੀ ਜਾਂ ਦਲੀਲ ਉਥੇ ਕੰਮ ਨਹੀਂ ਕਰ ਸਕਦੀ। ਇਸ ਲਈ ਅਸੀਂ ਚਾਹੇ ਲੱਖ ਵੇਰ ਵੀ ਸੋਚਦੇ ਹਾਂ, ਤਾਂ ਵੀ ਸਮਝੋ ਕੁਝ ਨਹੀਂ ਸੋਚਦੇ।

**'ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ'**—ਜੇਕਰ ਅਸੀਂ ਚੁੱਪ ਬੈਠਦੇ ਹਾਂ, ਤਾਂ ਇਹ ਨਾ ਸਮਝਣਾ ਕਿ ਸਾਡਾ ਚੁੱਪ ਬੈਠਣਾ ਅਸਲ ਵਿਚ ਮੌਨ ਹੈ। ਬਾਹਰਲਾ ਸਥੂਲ ਧਿਆਨ ਭਾਵੇਂ ਕਿੰਨਾ ਵੀ ਲਾ ਰੱਖੀਏ, ਤਾ ਵੀ ਕੁਝ ਨਹੀਂ ਬਣੇਗਾ। ਅੰਦਰੋਂ ਵਾਸਨਾ ਚੁੱਪ ਹੋਏਗੀ, ਤਦੇ ਸੱਚਾ ਮੌਨ ਮਿਲੇਗਾ।

**'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ'** – ਭਾਵੇਂ ਦੁਨੀਆ-ਭਰ ਦਾ ਸਾਮਾਨ ਇਕੱਠਾ ਕਰ ਲਿਆ ਹੋਵੇ ਅਰਥਾਤ ਬਹੁਤ ਸਾਰਾ ਖਾਣਾ ਇਕੱਠਾ ਕੀਤਾ ਹੋਵੇ. ਇਸੇ ਨਾਲ ਭੁੱਖ ਮਿਟ ਜਾਏਗੀ—ਇਹ ਨਹੀਂ ਆਖ ਸਕਦੇ। ਖਾਣਾ ਖਾਧਾ ਜਾਏਗਾ ਤਾਂ ਹੀ ਸਾਖਿਆਤ ਖਾਣੇ ਦਾ ਅਨੁਭਵ ਹੋਏਗਾ, ਤਦੇ ਹੀ ਭੁੱਖੇ ਦੀ ਭੁੱਖ ਮਿਟੇਗੀ।

**'ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ'**—ਅਸੀਂ ਬੁੱਧੀਮਾਨ ਹੋਈਏ, ਸਿਆਣਪਾਂ ਕਰੀਏ, ਜੁਗਤ ਤੇ ਵਿਹਾਰਕ ਅਕਲ ਚਲਾਈਏ, ਭਾਵੇਂ ਉਹ ਜੁਗਤਾਂ ਹਜ਼ਾਰ ਤੋਂ ਲੱਖ ਬਣ ਜਾਣ ਤਾਂ ਵੀ ਉਨ੍ਹਾਂ ਵਿਚੋਂ ਇਕ ਵੀ ਸਾਡੇ ਨਾਲ ਚਲਣ ਵਾਲੀ ਨਹੀਂ।

ਇਸੇ ਲਈ ਅਗਲੀ ਪੰਗਤੀ ਵਿਚ ਸਾਡੇ ਸਾਮ੍ਹਣੇ ਅਸਲੀ ਸਮੱਸਿਆ ਰੱਖ ਦਿੱਤੀ ਹੈ।

**'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ'**—ਅਸੀਂ ਸੱਚੇ ਕਿਵੇਂ ਬਣਾਂਗੇ ਅਤੇ ਝੂਠ ਦਾ ਪਰਦਾ ਕਿਵੇਂ ਟੁਟੇਗਾ। ਇਹੋ ਵੱਡੀ ਸਮੱਸਿਆ ਹੈ। ਅਸੀਂ ਸੱਚੇ ਬਣਾਂਗੇ ਤਾਂ ਹੀ ਧਿਆਨ ਤੇ ਚਿੰਤਨ ਦਾ ਉਪਯੋਗ ਹੋਏਗਾ।

**'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'**—(ਗੁਰੂ) ਨਾਨਕ ਆਖਦੇ ਹਨ : ਪ੍ਰਭੂ ਨੇ ਜੋ ਕੁਝ ਸਾਡੇ ਲਈ ਰਖਿਆ ਹੈ, ਉਸ ਦੇ ਅਨੁਸਾਰ, ਉਸ ਦੇ ਹੁਕਮ ਦੇ ਮੁਤਾਬਿਕ, ਉਸ ਦੀ ਮਰਜ਼ੀ ਤੇ ਆਗਿਆ ਤੇ ਚਲਣਾ, ਇਹੋ ਸੱਚੇ ਬਣਨ ਦਾ ਰਾਹ ਹੈ।

ਇਸ ਪਉੜੀ ਵਿਚ ਸਮੱਸਿਆ ਵੀ ਪੇਸ਼ ਕੀਤੀ ਹੈ ਅਤੇ ਥੋੜੇ ਵਿਚ ਉਸ ਦਾ ਉੱਤਰ ਵੀ ਦੇ ਦਿੱਤਾ ਹੈ। ਅਸੀਂ ਆਪਣੀ ਹਉਮੈ ਅਤੇ ਵਾਸਨਾ ਛੱਡਾਂਗੇ ਤਦੇ ਸੱਚੇ ਬਣਾਂਗੇ, ਤਦੇ ਕੂੜ ਦਾ ਪਰਦਾ ਟੁੱਟ ਸਕੇਗਾ।

ਸੰਸਕ੍ਰਿਤ ਗ੍ਰੰਥਾਂ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ ਕਿ ਆਪਣਾ ਵਿਸ਼ਾ ਪਹਿਲਾਂ ਸੰਖੇਪ ਰੂਪ ਵਿਚ ਰੱਖ ਦਿੱਤਾ ਜਾਂਦਾ ਹੈ; ਫਿਰ ਉਸ ਦਾ ਵਿਸਤਾਰ ਕੀਤਾ ਜਾਂਦਾ ਹੈ।

ਉਸ ਦਾ ਹੁਕਮ ਕਿਵੇਂ ਮੰਨਿਆ ਜਾਏ, ਕਿਵੇਂ ਸਮਝਿਆ ਜਾਏ ? ਇਸ ਲਈ ਤਾਂ ਬੁੱਧੀ ਸ਼ੁੱਧ ਕਰਨੀ ਪਏਗੀ ਅਤੇ ਵਾਸਨਾਵਾਂ ਖ਼ਤਮ ਕਰਨੀਆਂ ਹੋਣਗੀਆਂ। ਜੇਕਰ ਅਸੀਂ ਵਾਸਨਾਵਾਂ ਵਿਚ ਫਸ ਜਾਈਏ ਤੇ ਇਹ ਮੰਨ ਬੈਠੀਏ ਕਿ ਇਹ ਤਾਂ ਭਗਵਾਨ ਨੇ ਕਰਵਾਇਆ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਕੂੜ ਦਾ ਪਰਦਾ ਅਜੇ ਖਲੋਤਾ ਹੈ। ਇਸ ਲਈ ਇਥੇ ਜੋ ਉੱਤਰ ਦਿੱਤਾ ਹੈ ਕਿ ਉਸ ਦੇ ਆਦੇਸ਼ ਅਨੁਸਾਰ ਚਲਣਾ ਚਾਹੀਦਾ ਹੈ, ਇਹ ਕੋਈ

ਆਸਾਨ ਗੱਲ ਨਹੀਂ ਹੈ ।

[ਅਨੁਭਵ ਦੀ ਗੱਲ] . . . ਜਦੋਂ ਭੂਦਾਨ ਦਾ ਕੰਮ ਆਰੰਭ ਹੋਇਆ, ਤਾਂ ਮੇਰੇ ਕੋਲ ਕੋਈ ਕੰਮ ਨਹੀਂ ਸੀ, ਅਜੇਹੀ ਗੱਲ ਤਾਂ ਨਹੀਂ ਸੀ । ਉਸ ਵੇਲੇ ਮੇਰੇ ਹੱਥ ਖ਼ਾਲੀ ਨਹੀਂ ਸਨ । ਮੇਰੇ ਕੋਲ ਕਈ ਕੰਮ ਸਨ । ਪਰ ਜਦੋਂ ਭੂਦਾਨ ਦੇ ਕੰਮ ਦਾ ਇਸ਼ਾਰਾ ਮਿਲਿਆ, ਮੈਨੂੰ ਇੰਜ ਲਗਿਆ ਕਿ ਇਹ ਉਸ ਦਾ ਹੁਕਮ ਹੈ । ਅੱਜ ਵੀ ਸੋਚਦਾ ਹਾਂ ਤਾਂ ਇਹੋ ਪ੍ਰਤੀਤ ਹੁੰਦਾ ਹੈ ਕਿ ਮੈਂ ਉਸ ਨਿਰਣੇ ਉਤੇ ਟਿਕ ਰਿਹਾ ਹਾਂ । ਮੈਂ ਆਸ਼੍ਰਮ ਛੱਡਿਆ, ਅਨੇਕਾਂ ਦੀ ਸੰਗਤ ਛੱਡੀ, ਇਧਰ ਉਧਰ ਦੀ ਭੱਜ ਨੱਠ ਛੱਡੀ । ਦੂਜੀ ਕਿਸੇ ਗੱਲ ਵਲ ਮੈਂ ਧਿਆਨ ਨਹੀਂ ਦੇ ਰਿਹਾ । ਇਹ ਜੋ ਕੁਝ ਹੋਇਆ, ਸਾਰਾ ਠੀਕ ਹੀ ਹੋਇਆ, ਇੰਜ ਜਾਪਦਾ ਹੈ । ਮਨ ਵਿਚ ਅਸੰਤੋਖ ਬਿਲਕੁਲ ਨਹੀਂ ਹੈ । . . .

ਪ੍ਰਭੂ ਦੇ ਹੁਕਮ ਤੇ ਆਦੇਸ਼ ਨੂੰ ਸੁਣਨ ਵਿਚ ਮਨੁੱਖ ਦਾ ਹੰਕਾਰ ਅਤੇ ਮੋਹ ਅੜਚਨ ਪਾਉਂਦੇ ਹਨ । ਪ੍ਰਮੁਖ ਚੀਜ਼ ਹੈ ਸੱਚ ਦਾ ਦਰਸ਼ਨ । ਆਪਣੇ ਆਪੇ ਨੂੰ ਕਾਇਮ ਰੱਖ ਕੇ ਸੱਚ ਦਾ ਦਰਸ਼ਨ ਨਹੀਂ ਹੁੰਦਾ । ਆਪਣੇ ਆਪੇ ਨੂੰ ਮਿਟਾ ਦੇਈਏ, ਵਿਚੋਂ ਹਟਾ ਦੇਈਏ ਜਾਂ ਦੂਰ ਕਰ ਲਈਏ ਤਾਂ ਚਿੰਤਨ ਦੀ ਪ੍ਰਕ੍ਰਿਆ ਠੀਕ ਚਲੇਗੀ ਅਤੇ ਸਹਿਜੇ ਹੀ ਉੱਜਲ ਪ੍ਰਕਾਸ਼ ਮਿਲੇਗਾ । ਫਿਰ ਉਸ ਤੇ ਚਲਣਾ ਆਸਾਨ ਹੋ ਜਾਏਗਾ । ਇਹ ਬ੍ਰਹਮ ਵਿਦਿਆ ਦਾ ਵਿਸ਼ਾ ਹੈ ।

ਮਨੁੱਖ ਨੂੰ ਕੁਝ ਨਾ ਕੁਝ ਕੰਮ ਕਰਨਾ ਹੀ ਪੈਂਦਾ ਹੈ । ਉਸ ਤੋਂ ਬਿਨਾ ਜੀਵਨ ਨਹੀਂ ਚਲਦਾ । ਕੰਮ ਕੀਤੇ ਬਿਨਾ ਨਾ ਖਾਣਾ ਮਿਲਦਾ ਹੈ ਤੇ ਨਾ ਹੀ ਖਾਣਾ ਹਜ਼ਮ ਹੋ ਸਕਦਾ ਹੈ, ਨਾ ਨੀਂਦ ਆ ਸਕਦੀ ਹੈ । ਇਸ ਲਈ ਮਨੁੱਖ ਕੁਝ ਨਾ ਕੁਝ ਕਰਦਾ ਹੀ ਰਹਿੰਦਾ ਹੈ । ਪਰ ਉਸ ਵਿਚ ਸਾਧਨਾ ਦੀ ਦ੍ਰਿਸ਼ਟੀ ਨਹੀਂ ਹੁੰਦੀ ਇਹ ਦ੍ਰਿਸ਼ਟੀ ਸਾਡੇ ਵਿਚ ਆਉਣੀ ਚਾਹੀਦੀ ਹੈ ।

## ੪. ਸਰਨਾਗਤੀ

੨

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ" ॥ ੨ ॥

ਇਸ ਪਉੜੀ ਵਿਚ ਪਰਮੇਸ਼ਰ ਦੇ ਹੁਕਮ ਦੀ ਗੱਲ ਕੀਤੀ ਗਈ ਹੈ । ਇਸ ਦੁਨੀਆ

ਵਿਚ ਪਰਮੇਸ਼ਰ ਦਾ ਹੀ ਹੁਕਮ ਚਲਦਾ ਹੈ। ਇਹ ਸਾਰੀ ਸਾਕਾਰ ਸ੍ਰਿਸ਼ਟੀ ਉਸੇ ਦੇ ਹੁਕਮ ਨਾਲ ਹੋਂਦ ਵਿਚ ਆਈ ਹੈ। ਉਸ ਦੇ ਹੁਕਮ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਜੀਵਾਂ ਦੀ ਹੋਂਦ, ਵਡਿਆਈ ਅਤੇ ਮਹੱਤ੍ਵ ਦੀ ਪ੍ਰਾਪਤੀ, ਉੱਤਮ ਅਤੇ ਨੀਚ ਦਾ ਬਣਨਾ ਜਾਂ ਮੰਨਿਆ ਜਾਣਾ, ਸੁਖ ਦੁਖ ਭੋਗ, ਸੰਸਾਰ ਵਿਚ ਸਦਾ ਭਟਕਦੇ ਰਹਿਣਾ ਅਤੇ ਬਖ਼ਸ਼ਿਸ਼ ਜਾਂ ਮੁਕਤੀ ਦਾ ਪ੍ਰਾਪਤ ਹੋਣਾ—ਇਹ ਸਭ ਕੁਝ ਉਸ ਦੇ ਹੁਕਮ ਨਾਲ ਹੁੰਦਾ ਹੈ। ਸਭ ਕੁਝ ਉਸ ਦੇ ਹੁਕਮ ਵਿਚ ਹੈ। ਸਭ ਉਸ ਦੇ ਹੁਕਮ ਅੰਦਰ ਹਨ, ਕੋਈ ਉਸ ਦੇ ਹੁਕਮ ਤੋਂ ਬਾਹਰ ਨਹੀਂ ਹੋ ਸਕਦਾ।

**ਸਾਰਾਂਸ਼** : ਸ੍ਰਿਸ਼ਟੀ ਰਚਨਾ ਦਾ ਕਾਰਜ, ਸਮਾਜਕ ਕੰਮ-ਕਾਰ, ਵਿਅਕਤੀਗਤ ਸਾਧਨਾ ਆਦਿ, ਜੋ ਕੁਝ ਵੀ ਚਲ ਰਿਹਾ ਹੈ, ਸਭ ਕੁਝ ਭਗਵਾਨ ਦੀ ਪ੍ਰੇਰਣਾ ਨਾਲ ਹੋ ਰਿਹਾ ਹੈ।

ਗੁਰੂ ਨਾਨਕ ਆਖਦੇ ਹਨ, ਜਿਸ ਨੇ ਪਰਮੇਸ਼ਰ ਦਾ ਇਹ ਹੁਕਮ ਪਛਾਣ ਲਿਆ ਹੈ, ਉਹ ਫਿਰ ਮੈਂ-ਮੇਰਾ ਤੇ ਤੂ-ਤੇਰਾ ਨਹੀ ਕਹਿੰਦਾ। ਜਿਸ ਨੇ ਹੁਕਮ ਪਛਾਣਿਆ, ਉਸ ਨੇ ਸਮਝ ਲਿਆ ਕਿ ਅਸੀਂ ਸਭ ਪਰਮੇਸ਼ਰ ਦੇ ਹੱਥ ਵਿਚ ਕਠਪੁਤਲੀਆਂ ਹਾਂ। ਇਸ ਲਈ ਸਭ ਕੁਝ ਉਸ ਨੂੰ ਹੀ ਸੌਂਪਣਾ ਚਾਹੀਦਾ ਹੈ, ਆਪਣੇ ਹੰਕਾਰ ਨਾਲ ਕੁਝ ਨਹੀਂ ਕਰਨਾ ਚਾਹੀਦਾ। ਇਹ ਇਕ ਅਧਿਆਤਮਿਕ ਗੱਲ ਹੈ। ਦੂਜੀ ਗੱਲ ਇਹ ਹੈ ਕਿ ਸਾਨੂੰ ਪਰਮੇਸ਼ਰ ਦੇ ਹੁਕਮ ਅਨੁਸਾਰ ਚਲਣਾ ਅਰਥਾਤ ਕੁਦਰਤ ਦੇ ਕਾਨੂੰਨ ਅਨੁਸਾਰ ਵਰਤਣਾ ਚਾਹੀਦਾ ਹੈ।

ਵਿਗਿਆਨ ਦੇ ਜ਼ਮਾਨੇ ਵਿਚ ਸਾਨੂੰ ਸਮਝਣਾ ਚਾਹੀਦਾ ਹੈ ਕਿ ਪ੍ਰਕ੍ਰਿਤੀ ਦੇ ਨਿਯਮ ਅਨੁਸਾਰ ਸਭ ਕੁਝ ਚਲੇਗਾ, ਸਾਡੇ ਹੁਕਮ ਨਾਲ ਨਹੀਂ ਚਲੇਗਾ। ਅਗਨੀ ਵਿਚ ਹੱਥ ਪਾਓ ਤੇ ਫਿਰ ਵੀ ਹੱਥ ਨਾ ਸੜੇ, ਇਹ ਕਦੀ ਨਹੀਂ ਹੋਏਗਾ।

ਇਸ ਤਰ੍ਹਾਂ ਇਕ ਪਾਸੇ ਤਾਂ ਸਭ ਕੁਝ ਅੰਤਰਯਾਮੀ ਭਗਵਾਨ ਤੇ ਛੱਡ ਦੇਣ ਦੀ ਗੱਲ ਹੈ, ਦੂਜੇ ਪਾਸੇ ਕੁਦਰਤ ਦੇ ਕਾਨੂੰਨ ਅਨੁਸਾਰ ਆਪਣਾ ਜੀਵਨ ਬਿਤਾਉਣ ਦੀ ਗੱਲ ਹੈ। 'ਮੈਂ ਹਾਂ' ਵਾਲੀ ਗੱਲ ਤਾਂ ਦੋਹਾਂ ਪਾਸਿਓਂ ਕਹਿ ਨਹੀਂ ਸਕਦੇ।

ਇਸਲਾਮ ਨੇ ਵੀ ਇਹੋ ਕਿਹਾ ਹੈ। ਇਸਲਾਮ ਦਾ ਮਤਲਬ ਹੈ ਸਭ ਕੁਝ ਭਗਵਾਨ ਨੂੰ ਸਮਰਪਣ (ਤਸਲੀਮ) ਕਰਨਾ। ਇਹੋ ਗੱਲ ਈਸਾ ਮਸੀਹ ਨੇ ਕਹੀ ਸੀ: Let Thy will be done, not mine (ਤੇਰੀ ਇੱਛਾ ਪੂਰੀ ਹੋਵੇ, ਭਗਵਾਨ! ਮੇਰੀ ਨਹੀਂ)। ਗੀਤਾ ਵਿਚ ਆਉਂਦਾ ਹੈ—'सर्वधर्मान् परित्यज्य मामेकं शरणं व्रज'—ਅਰਥਾਤ ਸਾਰੇ ਧਰਮਾਂ ਦੇ ਆਸਰੇ ਛੱਡ ਕੇ ਤੂੰ ਕੇਵਲ ਮੇਰੀ ਸਰਨੀ ਪੈ ਜਾ। (ਅਧਿਆਇ ੧੮, ਸ਼ਲੋਕ ੬੬)

## ੩

"ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥

ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ" ॥ ੩ ॥

ਵਖ ਵਖ ਲੋਕੀਂ ਆਪਣੇ ਆਪਣੇ ਅਨੁਭਵਾਂ ਅਨੁਸਾਰ ਪਰਮੇਸ਼ਰ ਦਾ ਵਰਣਨ ਵਿਭਿੰਨ ਰੂਪਾਂ ਵਿਚ ਕਰਦੇ ਹਨ। ਕਈ ਉਸ ਦੀਆਂ ਸ਼ਕਤੀਆਂ ਦਾ ਵਰਣਨ ਕਰਦੇ ਹਨ ਜਿਨ੍ਹਾਂ ਨੇ (ਵਰਣਨ) ਸ਼ਕਤੀ ਪ੍ਰਾਪਤ ਕੀਤੀ ਹੈ। ਕੋਈ ਉਸ ਦੀ ਉਦਾਰਤਾ ਦਾ ਤੇ ਕਈ ਚਿੰਨ੍ਹ ਸਮਝ ਕੇ ਚਿੰਨ੍ਹ ਦੇ ਰੂਪ ਵਿਚ ਉਸ ਦੀਆਂ ਦਾਤਾਂ ਤੇ ਬਖਸ਼ਿਸ਼ਾਂ ਦਾ ਵਰਣਨ ਕਰਦੇ ਹਨ, ਜਦ ਕਿ ਕਈ ਉਸ ਦੇ ਗੁਣਾਂ ਦਾ ਵਰਣਨ ਕਰਦੇ ਹਨ। ਇਸੇ ਤਰ੍ਹਾਂ ਕਈ ਉਸ ਦੀਆਂ ਸੁੰਦਰ [ਚਾਰੁ] ਵਡਿਆਈਆਂ (ਮਹਿਮਾ) ਗਾਉਂਦੇ ਹਨ। ਕਈ ਆਖਦੇ ਹਨ ਕਿ ਉਸ ਵਿਚ ਵਿਚਾਰ ਲਈ ਕਿੰਨਾ ਔਖਾ ਤੇ ਗੂੜ੍ਹਾ ਗਿਆਨ ਭਰਿਆ ਹੋਇਆ ਹੈ। ਇਹ ਤਰਕ ਤੇ ਦਲੀਲ ਤੋਂ ਪਰੇ ਹੈ। ਕਈ ਆਖਦੇ ਹਨ ਕਿ ਉਹੋ ਪਿੰਡ ਅਤੇ ਬ੍ਰਹਿਮੰਡ ਨੂੰ ਸਜਾਉਂਦਾ ਅਤੇ ਸਾਜਦਾ ਹੈ ਤੇ ਉਹੋ ਸੰਹਾਰ ਕਰਕੇ ਖੇਹ ਬਣਾ ਦੇਂਦਾ ਹੈ! ਉਹੋ ਜੀਵਾਂ ਨੂੰ ਜਨਮ ਅਤੇ ਮ੍ਰਿਤੂ ਦੀ ਪ੍ਰੇਰਣਾ ਦੇਂਦਾ ਹੈ। ਕਈ ਆਖਦੇ ਹਨ ਕਿ ਪਰਮੇਸ਼ਰ ਬਹੁਤ ਦੂਰ ਦਿਸਦਾ ਹੈ (ਉਨ੍ਹਾਂ ਨੂੰ ਦੂਰ ਹੀ ਜਾਪਦਾ ਹੈ)। ਕਈ ਵੇਖਦੇ ਹਨ ਕਿ ਉਹ ਨੇੜੇ ਹੈ, ਉਹ ਸਾਮ੍ਹਣੇ ਹਾਜ਼ਿਰ-ਨਾਜ਼ਿਰ ਹੈ। ਸੋ ਭਾਵੇਂ ਕਿਸੇ ਤਰ੍ਹਾਂ ਹੀ ਕਹਿੰਦੇ ਚਲੇ ਜਾਓ, ਉਸ ਦਾ ਕੋਈ ਅੰਤ ਨਹੀਂ ਆਉਂਦਾ; **'ਕੋਟੀ ਕੋਟਿ ਕੋਟਿ'** ਕਹਿ ਕੇ ਵੀ ਉਸ ਦਾ ਕੋਈ ਨਤੀਜਾ ਨਹੀਂ ਨਿਕਲਦਾ—**'ਕਥਨਾ ਕਥੀ ਨ ਆਵੈ ਤੋਟਿ'**।

ਦੇਣ ਵਾਲਾ ਦੇ ਹੀ ਰਿਹਾ ਹੈ। ਪਰ ਲੈਣ ਵਾਲੇ ਥਕ ਰਹੇ ਹਨ **'ਦੇਦਾ ਦੇ ਲੈਦੇ ਥਕਿ ਪਾਹਿ'**। ਅਨੇਕਾਂ ਜੁਗਾਂ ਤੋਂ ਲੋਕੀਂ ਉਸ ਤੋਂ ਲੈ ਲੈ ਖਾਂਦੇ ਆ ਰਹੇ ਹਨ ਅਤੇ ਉਹ ਦੇਂਦਾ ਹੀ ਜਾ ਰਿਹਾ ਹੈ।

**'ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ'**—ਹੁਕਮ ਕਰਨ ਵਾਲੇ ਪਰਮੇਸ਼ਰ ਨੇ ਇਕ ਰਾਹ ਬਣਾਇਆ ਹੈ। ਜੋ ਉਸ ਦੀ ਆਗਿਆ ਅਨੁਸਾਰ, ਉਸ ਦੇ ਹੁਕਮ ਮੁਤਾਬਿਕ ਚਲਣਗੇ, ਉਨ੍ਹਾਂ ਦਾ ਸਭ ਕਾਰਜ ਠੀਕ ਚਲੇਗਾ, ਦੂਜਿਆਂ ਦਾ ਨਹੀਂ। ਗੁਰੂ ਨਾਨਕ ਆਖਦੇ ਹਨ ਕਿ ਉਹ (ਪਰਮੇਸ਼ਰ) ਆਪਣੇ ਆਪ ਤੋਂ ਹੀ ਵਿਕਸਿਤ ਹੈ ਅਤੇ ਉਹ ਬੇਪਰਵਾਹ ਹੈ, ਉਹ ਆਨੰਦ ਵਿਚ ਹੈ, ਕਿਉਂਜੋ ਉਸ ਨੇ ਕਾਨੂੰਨ ਬਣਾਏ ਹਨ। ਉਸ ਨੇ ਹੁਕਮ ਰੂਪੀ ਰਾਹ ਖੋਲ੍ਹ ਦਿੱਤਾ ਹੈ ਅਤੇ ਆਪ ਨਿਪਟ ਬੇਪਰਵਾਹ ਬਣ ਗਿਆ ਹੈ।

ਇਸ [ਪਉੜੀ] ਵਿਚ ਭਗਵਾਨ ਲਈ **'ਵੇਪਰਵਾਹ'** ਵਿਸ਼ੇਸ਼ਣ ਆਇਆ ਹੈ। ਇਹ ਉਪਨਿਸ਼ਦਾਂ ਵਿਚ ਇਕ ਵੇਰ ਆਇਆ ਹੈ: **'अवाकी अनादर:|'** **'ਅਵਾਕੀ'** ਅਰਥਾਤ ਜੋ ਬੋਲਦਾ ਨਹੀਂ ਅਤੇ 'ਅਨਾਦਰ:' ਅਰਥਾਤ ਜਿਸ ਨੂੰ ਕਿਸੇ ਲਈ ਲਿਹਾਜ਼ (ਆਦਰ) ਨਹੀਂ,

ਜੋ ਕਿਸੇ ਦੀ ਪਰਵਾਹ ਨਹੀਂ ਕਰਦਾ ।

ਕੁਰਾਨ (ਸ਼ਰੀਫ਼) ਵਿਚ ਅਜੇਹਾ ਵਰਣਨ ਬਹੁਤ ਵਾਰੀ ਆਇਆ ਹੈ । ਉਹ 'ਗ਼ਨੀ' ਹੈ ਅਰਥਾਤ ਉਸ ਨੂੰ ਕਿਸੇ ਦੀ ਪਰਵਾਹ ਨਹੀਂ । ਇਥੇ ਗੁਰੂ ਨਾਨਕ ਤੇ ਸ਼ਾਇਦ ਕੁਰਾਨ ਦਾ ਵੀ ਪ੍ਰਭਾਵ ਪਿਆ ਹੋਏਗਾ ਜਾਂ ਉਪਨਿਸ਼ਦ ਦਾ ਵੀ । ਕਿਸ ਦਾ ਪ੍ਰਭਾਵ ਹੈ, ਇਹ ਕਹਿਣ ਦੀ ਲੋੜ ਨਹੀਂ । ਇਹ ਵਿਚਾਰ ਸੁਤੰਤ੍ਰ ਵੀ ਹੋ ਸਕਦਾ ਹੈ । ਪਰ 'ਹੁਕਮ' ਸ਼ਬਦ ਤੋਂ ਕੁਰਾਨ ਦਾ ਅਧਿਐਨ ਦਿਸਦਾ ਹੈ । ਗੁਰੂ ਨਾਨਕ ਨੇ ਦੋਹਾਂ ਦਾ ਅਧਿਐਨ ਕੀਤਾ ਸੀ । ਉਹ ਵੱਡੇ ਪੰਡਿਤ ਤਾਂ ਨਹੀਂ ਸਨ, ਪਰ ਉਹ ਗੋਸ਼ਠ ਜਾਂ ਚਰਚਾ ਆਦਿ ਕਾਫ਼ੀ ਕਰਦੇ ਸਨ । ਹਾਲਾਂਕਿ ਜੋ ਅਨੁਭਵ ਦਾ ਰਾਹ ਲੈਂਦੇ ਹਨ, ਉਨ੍ਹਾਂ ਨੂੰ ਤਾਂ ਚਰਚਾ ਦੀ ਵੀ ਲੋੜ ਨਹੀਂ ਹੁੰਦੀ । ਉਂਜ ਹਿੰਦੁਸਤਾਨ ਵਿਚ ਅਨੁਭਵ ਦੇ ਨਾਲ ਨਾਲ ਸੰਤਾਂ ਦੀ ਪ੍ਰੇਰਣਾ ਸਦਕੇ ਕੁਝ ਸ਼ਬਦ ਅਜੇਹੇ ਚਲਦੇ ਆਏ ਹਨ ਜਿਨ੍ਹਾਂ ਦੇ ਆਧਾਰ ਤੇ ਮਨੁੱਖ ਅਨੁਭਵ ਵਿਚ ਪੈ ਸਕਦਾ ਹੈ ।

ਜਪੁਜੀ ਵਿਚ ਸੰਸਕ੍ਰਿਤ ਅਤੇ ਅਰਬੀ ਸ਼ਬਦ ਕਾਫ਼ੀ ਹਨ । ਇਸ ਤੋਂ ਪੁਰਾਣੇ ਸਾਹਿਤ ਦਾ ਫਲ ਵੀ ਸਾਫ਼ ਦਿਸਦਾ ਹੈ । ਪਰ ਗੁਰੂ ਨਾਨਕ ਨੇ ਆਪਣੇ ਅਨੁਭਵ ਵੀ ਦੱਸੇ ਹਨ । ਪਰਮੇਸ਼ਰ ਬੇਪਰਵਾਹ ਹੋ ਕੇ ਰਹਿੰਦਾ ਹੈ ਜਿਵੇਂ ਦੁਨੀਆ ਹੈ ਹੀ ਨਹੀਂ । ਉਸ ਉਤੇ ਅਜੇਹਾ ਭਾਰ ਨਹੀਂ । ਉਸ ਨੇ ਹੁਕਮ ਬਣਾਇਆ ਹੈ, ਉਸ ਦੇ ਰਾਹ ਤੇ ਚਲੋ ।

## ੪

"ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ" ॥ ੪ ॥

ਸਾਹਿਬ ਸੱਚਾ ਹੈ, ਉਸ ਦਾ ਨਾਉਂ ਸੱਚਾ ਹੈ ਅਤੇ ਅਪਾਰ ਪ੍ਰੇਮ ਹੀ ਉਸ ਦੀ ਭਾਸ਼ਾ ਹੈ । ਪਰਮੇਸ਼ਰ ਕੋਲ ਪਹੁੰਚਣ ਦੀ ਭਾਸ਼ਾ ਹੈ ਅਪਾਰ ਪ੍ਰੇਮ ਅਥਵਾ ਪਰਮੇਸ਼ਰ ਦੀ ਭਾਸ਼ਾ ਹੈ ਉਸ ਦਾ ਅਪਾਰ ਪ੍ਰੇਮ ਜੋ ਉਹ ਸਭ ਨਾਲ ਇਕੋ ਜੇਹਾ ਕਰਦਾ ਹੈ। ਉਸ ਦੀ ਹੋਰ ਕੋਈ ਭਾਸ਼ਾ ਨਹੀਂ ਹੈ ।

ਲੋਕੀਂ ਉਸੇ ਦਾ ਵਰਣਨ ਕਰਦੇ ਹਨ ਅਤੇ 'ਦੇ ਦੇ' ਕਰਦੇ ਉਸ ਤੋਂ ਮੰਗਦੇ ਹਨ ਅਤੇ ਉਹ ਦਾਤਾ ਦੇਂਦਾ ਹੀ ਚਲਾ ਜਾਂਦਾ ਹੈ ।

ਜਦੋਂ ਮੇਰੇ ਸਾਮ੍ਹਣੇ ਉਹ ਦਰਬਾਰ ਹੋਵੇਗਾ, ਜਾਂ ਉਸ ਦਰਬਾਰ ਵਿਚ ਮੈਂ ਹਾਜ਼ਰ

ਹੋਵਾਂਗਾ, ਤਦ ਮੈਂ ਉਸ ਦੇ ਅੱਗੇ ਕੀ ਭੇਟ ਰੱਖਾਂਗਾ ? ਸਭ ਕੁਝ ਤਾਂ ਉਹੋ ਦੇ ਰਿਹਾ ਹੈ।

ਮੂੰਹੋਂ ਅਸੀਂ ਕਿਹੜੇ ਸ਼ਬਦ ਬੋਲੀਏ ? ਕਿਹੜੀ ਬਾਣੀ ਬੋਲੀਏ, ਜਿਸ ਨੂੰ ਸੁਣ ਕੇ ਉਹ ਪਿਆਰ ਕਰੇ ? ਉਹ ਤਾਂ ਸਦਾ ਪਿਆਰ ਕਰਦਾ ਹੀ ਰਹਿੰਦਾ ਹੈ; ਫਿਰ ਵੀ ਸਾਨੂੰ ਆਪਣੀ ਭਲਾਈ ਲਈ ਸਵੇਰੇ ਅਮ੍ਰਿਤ ਵੇਲੇ ਭਗਵਾਨ ਦਾ 'ਸਚਾ' ਨਾਉਂ ਲੈਣਾ ਚਾਹੀਦਾ ਹੈ ਅਤੇ ਉਸ ਦੀ ਵਡਿਆਈ ਉਪਰ ਵਿਚਾਰ ਕਰਨਾ ਚਾਹੀਦਾ ਹੈ। ਉਸ ਨਾਮ ਦੀ ਅਰਥ-ਮਹਿਮਾ ਤੇ ਵੀ ਚਿੰਤਨ ਕਰਨਾ ਚਾਹੀਦਾ ਹੈ, ਜਿਵੇਂ ਕਿ ਪਤੰਜਲਿ ਦੇ ਸੂਤ੍ਰ ਵਿਚ ਨਿਰਦੇਸ਼ ਹੈ—'तज्जपस् तदर्थभावनम्' ਅਰਥਾਤ ਉਸ ਦਾ ਨਾਮ ਜਪੋ ਅਤੇ ਉਸ ਦੇ ਅਰਥ ਦਾ ਭਾਵਨ ਕਰੋ।

ਸੋਚ ਸੋਚ ਕੇ ਪਤਾ ਚਲਦਾ ਹੈ ਕਿ ਜਿਵੇਂ ਅਸੀਂ ਕਰਮ ਕਰਦੇ ਹਾਂ, ਤਿਵੇਂ ਸਾਨੂੰ ਕਪੜਾ ਅਰਥਾਤ ਦੇਹੀ ਮਿਲੇਗੀ। 'ਨਦਰ' ਅਰਥਾਤ 'ਨਜ਼ਰ' ਅਰਬੀ ਸ਼ਬਦ ਹੈ। ਜਦੋਂ ਉਸ ਦੀ ਨਜ਼ਰ ਸਾਡੇ ਤੇ ਪਏਗੀ ਅਰਥਾਤ ਉਸ ਦੀ ਕ੍ਰਿਪਾ-ਦ੍ਰਿਸ਼ਟੀ ਸਾਡੇ ਉਤੇ ਹੋਵੇਗੀ, ਤਦੋਂ ਮੁਕਤੀ ਮਿਲੇਗੀ।

ਇਸ ਪੰਗਤੀ ਦਾ ਦੂਜਾ ਅਰਥ ਇਸ ਪ੍ਰਕਾਰ ਹੈ—'ਕਰਮੀ' ਅਰਥਾਤ ਉਸ ਦੀ ਉਦਾਰਤਾ ਨਾਲ, ਕ੍ਰਿਪਾ ਨਾਲ ਹੀ ਚੋਲਾ ਮਿਲੇਗਾ। 'ਕਰਮ' ਅਰਥਾਤ ਉਦਾਰਤਾ, ਇਹ ਵੀ ਅਰਬੀ ਸ਼ਬਦ ਹੈ। ਉਸ ਨੇ ਸਾਨੂੰ ਪਿਆਰ ਰੂਪੀ ਚੋਲਾ ਪਵਾਇਆ ਹੈ ਅਤੇ ਉਸ ਦੀ ਨਜ਼ਰ ਨਾਲ ਹੀ ਮੋਖ-ਦੁਆਰ (ਮੁਕਤੀ ਦਾ ਦਰਵਾਜ਼ਾ) ਖੁਲ੍ਹਦਾ ਹੈ ਅਰਥਾਤ ਦੋਵੇਂ ਕਾਰਜ ਉਸ ਦੀ ਕ੍ਰਿਪਾ ਨਾਲ ਹੁੰਦੇ ਹਨ। (ਗੁਰੂ) ਨਾਨਕ ਸਾਹਿਬ ਆਖਦੇ ਹਨ ਕਿ ਜੇ ਅਸੀਂ ਇਹ ਤੱਤ ਸਮਝ ਲਈਏ ਤਾਂ ਕਾਫ਼ੀ ਹੈ ਕਿ ਉਹ ਸਤਿ-ਸਰੂਪ ਹੈ ਅਤੇ ਉਹ ਸਭ ਆਪੇ ਆਪ ਹੀ ਬਣਿਆ ਹੈ। ਉਸ ਤੋਂ ਛੁੱਟ ਹੋਰ ਕੋਈ ਹਸਤੀ ਹੀ ਹੈ ਨਹੀਂ। ਉਹੋ ਇਕ ਹਸਤੀ ਹੈ।

## ੫. ਸੋ ਮੈਂ ਵਿਸਰਿ ਨ ਜਾਈ

੫

"ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ" ॥ ੫ ॥

ਵੈਦਿਕ ਮੰਤ੍ਰਾਂ ਨਾਲ ਭਗਵਾਨ ਦੀ ਸਥਾਪਨਾ ਅਰਥਾਤ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਜਾਂਦੀ ਹੈ। ਪਰ, ਕੀ ਉਹ ਥਾਪਿਆ ਜਾ ਸਕਦਾ ਹੈ ? ਕਾਰੀਗਰ ਪੱਥਰ ਤੋਂ ਮੂਰਤੀ ਬਣਾਉਂਦਾ ਹੈ। ਪਰ, ਕੀ ਉਸ ਭਗਵਾਨ ਨੂੰ ਬਣਾਇਆ ਜਾ ਸਕਦਾ ਹੈ ? ਕਦਾਚਿਤ ਨਹੀਂ, ਨਾ ਉਹ ਕਿਸੇ ਕੋਲੋਂ ਥਾਪਿਆ ਜਾ ਸਕਦਾ ਹੈ, ਨਾ ਬਣਾਇਆ ਜਾ ਸਕਦਾ ਹੈ।

ਉਹ ਆਪਣੇ ਆਪ ਹੀ ਹੈ। **'स्वयंभू : परिभूः'** ਆਦਿ ਦੇ ਰੂਪ ਵਿਚ ਉਸ ਦਾ ਵਰਣਨ ਉਪਨਿਸ਼ਦ ਵਿਚ ਆਉਂਦਾ ਹੈ। 'ਨਿਰੰਜਨੁ' ਅਰਥਾਤ ਨਿਸ਼ਕਲੰਕ, ਪਾਕ, ਸਾਫ਼। ਧਿਆਨ-ਯੋਗੀਆਂ ਨੇ 'ਨਿਰੰਜਨੁ' ਸ਼ਬਦ ਚਲਾਇਆ ਹੈ। ਪਰਮੇਸ਼ਰ ਲਈ ਇਹ ਸ਼ਬਦ ਹਿੰਦੁਸਤਾਨ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਚਲਦਾ ਹੈ। ਪਰਮੇਸ਼ਰ ਆਪੇ ਆਪ ਨਿਰੰਜਨ ਹੈ। ਦੁਨੀਆ ਵਿਚ ਉਹੋ ਹੈ, ਹੋਰ ਕੋਈ ਨਹੀਂ।

ਉਸ ਦੀ ਥਾਪਨਾ ਕਰਨ ਵਾਲੇ ਕੌਣ ਹਨ ? ਜਿਨ੍ਹਾਂ ਨੇ ਉਸ ਦਾ ਸੇਵਨ ਕੀਤਾ— **'ਜਿਨਿ ਸੇਵਿਆ'**, ਜਾਂ ਜਿਨ੍ਹਾਂ ਨੇ ਸੇਵਾ ਕੀਤੀ, ਦੋਵੇਂ, ਅਰਥ ਹੋ ਸਕਦੇ ਹਨ। ਜੋ ਸਗੁਣ ਰੂਪ ਅਤੇ ਨਿਰਗੁਣ ਰੂਪ ਦਸਦੇ ਹਨ, ਉਨ੍ਹਾਂ ਨੇ ਉਸ ਦਾ 'ਮਾਨ' ਪਾਇਆ ਜਾਂ ਪ੍ਰਮਾਣ ਪਾਇਆ। 'ਮਾਨ' ਅਰਥਾਤ ਭਾਨ; ਉਨ੍ਹਾਂ ਨੂੰ ਪਛਾਣ ਹੋਈ। ਦੂਜਾ ਅਰਥ ਹੋਏਗਾ 'ਮਾਨ' ਅਰਥਾਤ ਇੱਜ਼ਤ। ਜਿਨ੍ਹਾਂ ਨੇ ਉਸ ਦੀ ਸੇਵਾ ਕੀਤੀ ਉਨ੍ਹਾਂ ਨੇ ਇੱਜ਼ਤ ਪਾਈ। ਸੰਸਕ੍ਰਿਤ ਵਿਚ **'मानम्'**ਅਤੇ **'मान:'**ਦੋਵੇਂ ਸ਼ਬਦ ਹਨ।**'न हि वचनस्य अतिभारो नाम कश्चित्'**— ਸ਼ੰਕਰਚਾਰੀਆ ਨੇ ਕਿਹਾ ਹੈ ਕਿ ਵਚਨ ਨੂੰ ਅਰਥ ਦਾ ਭਾਰ ਜਾਂ ਬੋਝ ਨਹੀਂ ਹੁੰਦਾ। ਗੁਰੂ ਨਾਨਕ ਜੀ ਆਖਦੇ ਹਨ ਕਿ ਸਾਨੂੰ ਇੰਨਾ ਹੀ ਕਰਨਾ ਚਾਹੀਦਾ ਹੈ ਕਿ ਜੋ ਗੁਣ-ਨਿਧਾਨ ਹੈ, ਉਸ ਦਾ ਅਸੀਂ ਜਸ ਗਾਈਏ। ਉਸ ਗਾਇਨ ਨੂੰ ਅਸੀਂ ਵਿਕਸਿਤ ਕਰੀਏ। ਉਸੇ ਗਾਇਨ ਨੂੰ ਸੁਣੀਏ ਅਤੇ ਮਨ ਵਿਚ ਉਸੇ ਲਈ ਪ੍ਰੇਮ ਰਖੀਏ, ਤਾਂ ਦੁਖ ਦਾ ਨਾਸ਼ ਹੋਏਗਾ ਅਤੇ ਅਸੀਂ ਸੁਖ ਦੇ ਘਰ ਵਿਚ ਪੁੱਜ ਸਕਾਂਗੇ, ਜਿਥੇ ਆਨੰਦ ਹੀ ਆਨੰਦ ਹੈ। ਅਜੇਹੇ ਘਰ ਵਿਚ ਉਹੋ ਹੀ ਸਾਨੂੰ ਲੈ ਜਾਏਗਾ। ਸਾਨੂੰ ਤਾਂ ਕੇਵਲ ਉਸ ਦਾ ਗੁਣ ਗਾਇਨ ਕਰਨ ਦੀ ਲੋੜ ਹੈ, ਇਹੀ ਸਾਡਾ ਕੰਮ ਹੈ।

**'ਗੁਰਮੁਖਿ ਨਾਦੰ ਗੁਰਮੁਖਿ ਵੇਦੰ'**—ਇਸ ਪਦ ਵਿਚ ਅਜੇਹਾ ਜਾਦੂ ਹੈ ਕਿ ਬਿਲਕੁਲ ਸਮਾਧੀ ਲੱਗ ਸਕੇ। ਧਿਆਨ ਨਾਲ ਪਰਮੇਸ਼ਰ ਦੀ ਜੋ ਧੁਨੀ ਸੁਣਾਈ ਦੇਂਦੀ ਹੈ, ਜੋ ਧਿਆਨ ਦਾ ਫਲ ਹੈ, ਉਸ ਨੂੰ 'ਨਾਦ' ਆਖਦੇ ਹਨ, ਅਤੇ ਗਿਆਨ ਦਾ ਫਲ 'ਵੇਦ' ਹੈ। ਇਕ, ਚਿੰਤਨ ਨਾਲ ਧਿਆਨ ਹੁੰਦਾ ਹੈ—ਸਮਾਧੀ ਦੀ ਅਵਸਥਾ ਵਿਚ ਧਿਆਨ ਹੁੰਦਾ ਹੈ—ਅਤੇ ਦੂਜਾ, ਸ੍ਰਿਸ਼ਟੀ ਦਾ ਨਿਰੀਖਣ-ਪਰੀਖਣ ਕਰਕੇ ਗਿਆਨ ਪ੍ਰਾਪਤ ਹੁੰਦਾ ਹੈ। ਗਿਆਨ ਪ੍ਰਾਪਤੀ ਦੀ ਪ੍ਰਕ੍ਰਿਆ ਹੈ **'ਵੇਦ'** ਅਤੇ ਅੰਤਰ ਵਿਚ ਲੀਨ ਹੋਣ ਦੀ ਪ੍ਰਕ੍ਰਿਆ ਹੈ 'ਧਿਆਨ'। ਜੇ ਕੋਈ ਤਜਰਬੇਕਾਰ, ਪਛਾਣ ਵਾਲਾ, ਪਹੁੰਚਿਆ ਹੋਇਆ ਹੋਵੇਗਾ, ਉਹੋ ਸਾਨੂੰ ਧਿਆਨ ਵਿਚ ਲਾ ਸਕਦਾ ਹੈ। ਆਪਣੇ ਆਪ ਧਿਆਨ ਕਰਨਾ ਔਖਾ ਹੁੰਦਾ ਹੈ।

ਉਹ ਗੁਰਮੁਖ ਵਿਚ ਹੀ ਸਮਾਇਆ ਹੋਇਆ ਹੈ ਜਾਂ ਗੁਰਮੁਖ ਤੋਂ ਹੀ ਉਸ ਦਾ ਪਤਾ ਲਗਦਾ ਹੈ। ਗੁਰੂ ਹੀ ਈਸ਼ਰ ਹੈ। ਇਥੇ **'ਈਸ਼ਰ'** ਦਾ ਮਤਲਬ ਹੈ ਸ਼ੰਕਰ। **'ਗੋਰਖੁ'** ਅਰਥਾਤ ਗਾਂ ਦੀ ਰਖਿਆ ਕਰਨ ਵਾਲਾ ਵਿਸ਼ਣੂ, ਅਤੇ **'ਬਰਮਾ'** ਅਰਥਾਤ ਬ੍ਰਹਮਦੇਵ।

**'गुरु ब्रह्मा गुरु विष्णुः गुरुर्देवो महेश्वरः ।'**

'ਪਾਰਬਤੀ ਮਾਈ' ਅਰਥਾਤ ਸ਼ਕਤੀ ਮਾਤਾ,[1] ਗੁਰੂ ਹੀ ਹੈ। 'ਮਾਈ' ਅਰਥਾਤ ਲਛਮੀ ਵੀ ਹੋ ਸਕਦੀ ਹੈ। ਇਸ ਵਿਚ ਗੁਰੂ ਦੀ ਮਹਿਮਾ ਮੁਖ ਰੂਪ ਵਿਚ ਹੈ।

**'ਜੇ ਹਉ ਜਾਣਾ ਆਖਾ ਨਾਹੀ'**—ਪਰਮੇਸ਼ਰ ਦੀ ਸਥਿਤੀ ਅਜੇਹੀ ਹੈ ਕਿ ਮੈਂ ਉਸ ਨੂੰ ਨਹੀਂ ਜਾਣਾਂਗਾ ਤਾਂ ਵਰਣਨ ਨਹੀਂ ਕਰ ਸਕਾਂਗਾ, ਕਿਉਂਜੋ ਜਦ ਮੈਂ ਜਾਣਦਾ ਹੀ ਨਹੀਂ ਤਾਂ ਵਰਣਨ ਕੀ ਕਰਾਂ। ਪਰੰਤੂ ਜੇਕਰ ਜਾਣਦਾ ਵੀ ਹੋਵਾਂ, ਤਾਂ ਵੀ ਮੈਂ ਵਰਣਨ ਨਹੀਂ ਕਰ ਸਕਦਾ। ਉਸ ਦਾ ਕਥਨ ਬਾਣੀ ਵਿਚ ਨਹੀਂ ਆ ਸਕਦਾ। ਜੇ ਮੈਂ ਜਾਣਦਾ ਹੋਵਾਂ ਤਾਂ ਕਹਿ ਨਹੀਂ ਸਕਦਾ। ਬਾਣੀ ਦੀ ਸ਼ਕਤੀ ਉਥੇ ਖ਼ਤਮ ਹੋ ਜਾਂਦੀ ਹੈ।

...मूकं करोति वाचालं पंगु लंघयते गिरिम्' *

(1) ਪਰਮੇਸ਼ਰ ਮੂਕ (ਗੂੰਗੇ ਬੋਲੇ) ਨੂੰ ਵਾਚਾਲ (ਬੜ-ਬੋਲਾ) ਕਰ ਦੇਂਦਾ ਹੈ।

(2) ਉਹ ਬੜ-ਬੋਲੇ ਨੂੰ ਗੂੰਗਾ-ਬੋਲਾ ਬਣਾ ਦੇਂਦਾ ਹੈ। **'वाचाल करोति मूकम्'**। ਜੋ ਬਹੁਤ ਚੰਗਾ ਬੋਲਣ ਵਾਲਾ ਹੈ, ਉਹ ਪਰਮੇਸ਼ਰ ਦੀ ਕ੍ਰਿਪਾ ਨਾਲ ਬੋਲ ਨਹੀਂ ਸਕਦਾ। ਉਸ ਦੀ ਬਾਣੀ ਖ਼ਤਮ ਹੋ ਜਾਂਦੀ ਹੈ।...ਜੇਕਰ ਮੈਂ ਉਸ ਨੂੰ ਜਾਣਦਾ ਵੀ ਹੋਵਾਂ ਤਾਂ ਵੀ ਉਸ ਦਾ ਵਿਆਖਿਆਨ ਨਹੀਂ ਕਰ ਸਕਦਾ।

ਗੁਰੂ ਨੇ ਮੈਨੂੰ ਇਕ ਗੱਲ ਸਮਝਾ ਦਿੱਤੀ ਹੈ ਕਿ ਸਭ ਜੀਵਾਂ ਨੂੰ ਦੇਣ ਵਾਲਾ ਜੋ ਇਕੋ ਦਾਤਾ ਹੈ, ਉਸ ਨੂੰ ਮੈਂ ਕਦੇ ਵੀ ਨਾ ਭੁੱਲਾਂ। ਕਿਤੇ ਉਹ ਨਾ ਭੁੱਲ ਜਾਏ।

ਇਥੇ ਪਰਮੇਸ਼ਰ ਨੂੰ ਕਰਤਾ ਦੇ ਰੂਪ ਵਿਚ ਨਹੀਂ, ਸਗੋਂ ਦਾਤਾ ਦੇ ਰੂਪ ਵਿਚ ਲਿਆ ਹੈ। ਉਂਜ ਤਾਂ ਉਹ ਕਰਤਾ ਵੀ ਹੈ, ਦਾਤਾ ਵੀ, ਅਤੇ ਗੁਰੂ ਵੀ।

ਇਸ ਪਦ ਦੇ ਦੋ ਅਰਥ ਹੋ ਸਕਦੇ ਹਨ :

(1) ਸਭ ਜੀਵਾਂ ਦਾ ਜੋ ਇਕੋ ਹੀ ਦਾਤਾ ਹੈ, ਉਹ ਮੈਂ ਕਦੇ ਨਾ ਭੁੱਲਾਂ।

(2) ਸਭ ਜੀਵਾਂ ਨੂੰ ਦੇਣ ਵਾਲਾ ਜੋ ਇਕੋ ਹੀ ਦਾਤਾ ਹੈ, ਸੋ ਮੈਂ ਹਾਂ, **'सोऽहम्'**, ਇਹ ਗੱਲ ਮੈਂ ਕਦੇ ਨਾ ਭੁੱਲਾਂ।

---

1. [ਮਾ=ਮਾਤਾ ਲੱਛਮੀ; ਈ=ਇੜਾ, ਸਰਸ੍ਵਤੀ—ਵੇਖੋ ਫ਼ਰੀਦਕੋਟੀ ਟੀਕਾ ਗੁਰੂ ਗ੍ਰੰਥ ਸਾਹਿਬ]। (ਅਨੁਵਾਦਕ)

* 'ਬਚਪਨ ਵਿਚ ਬੜੌਦੇ ਵਿਚ ਇਕ ਕੀਰਤਨਕਾਰ ਤੋਂ ਮੈਂ ਇਸ ਦਾ ਭਾਸ਼ ਸੁਣਿਆ ਸੀ ਜੋ ਹਾਲੀ ਵੀ ਮੈਨੂੰ ਯਾਦ ਹੈ। ਉਨ੍ਹਾਂ ਨੇ ਕਿਹਾ ਸੀ ਕਿ ਸੰਸਕ੍ਰਿਤ ਦੀ ਇਹ ਖ਼ੂਬੀ ਹੈ ਕਿ ਇਸ ਪਦ ਦੇ ਦੋ ਅਰਥ ਨਿਕਲਦੇ ਹਨ। (ਵਿਨੋਬਾ)

੬

"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਦਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ" ॥ ੬ ॥

ਜੇਕਰ ਭਗਵਾਨ ਨੂੰ ਭਾਏ ਤਾਂ ਮੈਂ ਤੀਰਥ ਵਿਚ ਨ੍ਹਾਉਣ ਲਈ ਤਿਆਰ ਹਾਂ, ਪਰ ਜੇ ਉਸ ਨੂੰ ਨਾ ਭਾਏ, ਚੰਗਾ ਨਾ ਲੱਗੇ ਤਾਂ ਨ੍ਹਾਉਣ ਦਾ ਕੀ ਲਾਭ। [ਪ੍ਰਭੂ ਨੂੰ ਚੰਗਾ ਲੱਗਣਾ ਹੀ ਤੀਰਥ ਇਸ਼ਨਾਨ ਹੈ]।

ਜਿੰਨੀ ਸ੍ਰਿਸ਼ਟੀ ਪੈਦਾ ਹੋਈ, ਉਹ ਮੈਂ ਵੇਖ ਲਈ ਹੈ। ਮੈਨੂੰ ਅਨੁਭਵ ਹੋਇਆ ਕਿ ਉਸ ਦੀ ਉਦਾਰਤਾ ਤੇ ਕ੍ਰਿਪਾ ਬਿਨਾ ਕੁਝ ਵੀ ਨਹੀਂ ਹੋਏਗਾ। 'ਕਰਮ' ਦੇ ਦੋ ਅਰਥ ਹੋ ਸਕਦੇ ਹਨ, ਉਦਾਰਤਾ ਅਤੇ ਕਰਮ (कर्म) : ਉਦਾਰਤਾ ਈਸ਼ਰ ਦੀ ਅਤੇ ਕਰਮ ਅਰਥਾਤ ਪ੍ਰਯਤਨ ਭਗਤ ਦਾ। ਪਹਿਲਾ ਅਰਬੀ ਸਬਦ ਹੈ, ਦੂਜਾ ਸੰਸਕ੍ਰਿਤ।

ਜੇਕਰ ਗੁਰੂ ਦੀ ਇਕ ਸਿਖਿਆ ਅਸੀਂ ਸੁਣਾਂਗੇ, ਤਾਂ ਸਾਨੂੰ ਆਪਣੀ ਮਤਿ (ਬੁੱਧੀ) ਵਿਚ ਹੀ ਰਤਨ, ਜਵਾਹਰ ਤੇ ਮਾਣਿਕ ਮੋਤੀ ਮਿਲ ਜਾਣਗੇ, ਬਾਹਰ ਢੂੰਡਣ ਦੀ ਲੋੜ ਨਹੀਂ ਪਏਗੀ। ਗੁਰੂ ਅਰਜਨ ਦੇਵ ਨੇ ਗੁਰਬਾਣੀ ਦੇ ਤਿੰਨ ਗੁਣ ਦੱਸੇ ਹਨ: **'ਸਤੁ ਸੰਤੋਖੁ ਵੀਚਾਰੁ'**** ਅਰਥਾਤ ਰਤਨ, ਜਵਾਹਰ, ਮਾਣਿਕ।

ਗੁਰੂ ਦੀ ਸਿਖਿਆ ਸੁਣਨ ਨਾਲ ਬੁੱਧੀ ਵਿਚ ਪ੍ਰਤਿਭਾ ਜਾਗਦੀ ਹੈ। ਸਾਧਾਰਣ ਬੁੱਧੀ ਇਕ ਵਖਰੀ ਵਸਤੂ ਹੈ ਅਤੇ ਪ੍ਰਤਿਭਾ ਵਖਰੀ। ਬੁੱਧੀ ਤਰਕ ਨਾਲ ਵਿਕਸਿਤ ਹੁੰਦੀ ਹੈ, ਪਰ ਪ੍ਰਤਿਭਾ ਤਰਕ ਤੋਂ ਪਰੇ ਹੈ। [ਗੁਰੂ ਨੇ ਇਕ ਮੂਲ ਗੱਲ ਸਮਝਾ ਦਿੱਤੀ ਕਿ ਸਭਨਾਂ ਜੀਆਂ ਦਾ ਇਕੋ ਦਾਤਾ ਹੈ, ਉਹ ਮੈਂ ਕਦੇ ਨਾ ਭੁੱਲਾਂ। ਬਸ ਇਹ ਸਿਖਿਆ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ।]

੭

"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥

---

** (1) 'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ'. ਵੇਖੋ ਗੁ. ਗ੍ਰੰ., ਪੰਨਾ 1429
(2) ਜਪੁ ਪਉੜੀ ੧੦ ਵਿਚ ਵੀ ਸਤੁ ਸੰਤੋਖੁ ਗਿਆਨ ਦਾ ਉਲੇਖ ਹੈ।—ਅਨੁਵਾਦਕ.

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ" ॥ ੭ ॥

'ਆਰਜਾ' ਦੇ ਅਰਥ ਹਨ ਆਯੂ [ਉਮਰ]। ਜੇ ਸਾਨੂੰ ਚਾਰੇ ਜੁਗਾਂ ਜਿੱਡੀ ਲੰਮੀ ਉਮਰ ਵੀ ਮਿਲ ਜਾਵੇ ਅਤੇ ਉਹ ਵੀ ਦਸ ਗੁਣੀ ਹੋ ਜਾਏ, ਨਵਾਂ ਖੰਡਾਂ ਵਿਚ ਅਸੀਂ ਮਸ਼ਹੂਰ ਹੋ ਜਾਈਏ, ਨਵਾਂ ਦੀਪਾਂ ਵਿਚ ਸਾਡੀ ਕੀਰਤੀ ਫੈਲ ਜਾਏ, ਸਭ ਲੋਕ ਸਾਡੇ ਨਾਲ ਹੋ ਜਾਣ; ਸਭ ਲੋਕ ਸਾਡੀ ਗੱਲ ਮੰਨਣ, ਸਾਡਾ ਚੰਗਾ ਨਾਮ (ਰੋਸ਼ਨ) ਹੋਵੇ, ਦੁਨੀਆ ਵਿਚ ਸਾਨੂੰ ਜਸ ਕੀਰਤ ਪ੍ਰਾਪਤ ਹੋਵੇ, ਤਾਂ ਵੀ ਜੇਕਰ ਉਸ ਦੀ ਕ੍ਰਿਪਾ-ਦ੍ਰਿਸ਼ਟੀ ਵਿਚ ਇਹ ਚੀਜ਼ ਨਹੀਂ ਆਈ ਅਰਥਾਤ ਭਗਵਾਨ ਦੀ ਮਿਹਰ ਮਨੁੱਖ ਨੂੰ ਨਸੀਬ ਨਹੀਂ ਹੋਈ, ਤਾਂ ਕੋਈ ਉਸ ਦੀ 'ਵਾਤ' (ਬਾਤ) ਨਹੀਂ ਪੁੱਛੇਗਾ। ਪਰਮੇਸ਼ਰ ਦੀ ਨਿਗਾਹ ਵਿਚ ਬੰਦਾ ਕੀਟਾਂ ਤੋਂ ਵੀ ਕੀਟ (ਕੀੜਾ) ਅਰਥਾਤ ਨੀਚ ਮੰਨਿਆ ਜਾਏਗਾ, ਦੋਸ਼ੀ ਵੀ ਉਸ ਤੇ ਦੋਸ਼ ਧਰਨਗੇ। ਜੋ ਦੁਨੀਆ ਵਿਚ ਪ੍ਰਸਿੱਧ ਹੋਇਆ, ਉਹ ਆਪਣੀ ਮਹੱਤਾ ਚਾਹੁਣ ਵਾਲਾ ਹੈ, ਸਭ ਲੋਕੀਂ ਉਸ ਦੇ ਪਿਛੇ ਲੱਗਣਗੇ। ਪਰ ਜੇ ਉਸ ਨੂੰ ਪਰਮੇਸ਼ਰ ਦੀ ਕ੍ਰਿਪਾ-ਦ੍ਰਿਸ਼ਟੀ ਪ੍ਰਾਪਤ ਨਹੀਂ ਹੋਈ, ਤਾਂ ਉਸ ਨੂੰ ਕੀੜਾ ਤੇ ਦੋਸ਼ੀ ਮੰਨਿਆ ਜਾਏਗਾ।

ਗੁਰੂ ਨਾਨਕ ਜੀ ਆਖਦੇ ਹਨ ਕਿ ਭਗਵਾਨ ਹੀ ਹੈ ਜੋ ਗੁਣਹੀਨ ਨੂੰ ਗੁਣਵਾਨ ਬਣਾਉਂਦਾ ਹੈ ਅਤੇ ਗੁਣਵਾਨ ਨੂੰ ਹੋਰ ਵਡੇਰਾ ਗੁਣਵਾਨ ਬਣਾ ਦੇਂਦਾ ਹੈ।

ਅਜੇਹਾ ਕੋਈ ਬੰਦਾ ਦਿਸਦਾ ਨਹੀਂ ਜੋ ਉਸ ਵਰਗਾ ਗੁਣ-ਦਾਨ ਦਾ ਕੰਮ ਕਰ ਸਕੇ।

**[ਪਹਿਲੇ ਭਾਗ ਦਾ ਵਿਚਾਰ-ਸਾਰ]**

ਇਥੇ ਸੱਤ ਪਉੜੀਆਂ ਸਮਾਪਤ ਹੁੰਦੀਆਂ ਹਨ।

ਮੂਲ ਮੰਤ੍ਰ ਅਤੇ ਸੱਤ ਪਉੜੀਆਂ ਮਿਲ ਕੇ ਜਪੁਜੀ ਦਾ ਇਹ ਹਿੱਸਾ ਬਣਦਾ ਹੈ। ਉਂਜ ਇਸ ਦੇ ਹਿੱਸੇ ਬਣੇ ਹੋਏ ਨਹੀਂ ਹਨ। ਮੈਂ ਆਪਣੇ ਚਿੰਤਨ ਲਈ ਬਣਾਏ ਹਨ।

ਇਸ ਭਾਗ ਵਿਚ **ਪਹਿਲਾਂ** ਤਾਂ **'ੴ ਸਤਿ ਨਾਮੁ'** ਦੀ ਗੱਲ ਹੈ, ਫਿਰ ਸਤਿ ਹੀ ਜੁਗਾਦਿ ਤੇ ਸਤਿ ਹੀ ਅਨਾਦਿ ਕਿਹਾ ਹੈ। ਫਿਰ ਇਕ ਸੁਆਲ ਪੇਸ਼ ਕੀਤਾ ਹੈ ਜੋ ਅਧਿਆਤਮਿਕ ਜੀਵਨ ਦੇ ਸਾਮ੍ਹਣੇ ਆਉਂਦਾ ਹੈ ਕਿ ਅਸੀਂ ਸੱਚ ਵਿਚ ਦ੍ਰਿੜ ਨਿਸ਼ਚਾ ਰੱਖਣ ਵਾਲੇ ਕਿਵੇਂ ਹੋ ਸਕਾਂਗੇ ਅਤੇ ਕੂੜ ਦਾ ਪਰਦਾ ਕਿਵੇਂ ਟੁਟੇਗਾ ?

ਉਸ ਦਾ ਉੱਤਰ ਦਿੱਤਾ ਹੈ —**'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'**।

**ਦੂਜੀ ਪਉੜੀ** ਵਿਚ ਕਿਹਾ ਹੈ ਕਿ ਇਹ ਪਛਾਣਨ ਦੀ ਗੱਲ ਹੈ ਕਿ ਦੁਨੀਆ ਵਿਚ ਅਸੀਂ ਵਿਅਰਥ ਹੀ ਹੰਕਾਰ ਅਤੇ ਮੋਹ ਵਿਚ ਪੈ ਜਾਂਦੇ ਹਾਂ, ਪਰ ਮਨ ਤੋਂ ਅਲਗ ਹੋ ਕੇ

ਸੋਚੀਏ ਤਾਂ ਪਤਾ ਚਲਦਾ ਹੈ ਕਿ ਦੁਨੀਆ ਵਿਚ ਜੋ ਕੁਝ ਹੁੰਦਾ ਹੈ, ਉਸ ਦੇ ਹੁਕਮ ਨਾਲ ਹੁੰਦਾ ਹੈ। ਇਸ ਲਈ ਸਾਨੂੰ ਹੰਕਾਰ ਛੱਡਣਾ ਚਾਹੀਦਾ ਹੈ। ਜੋ ਉਸ ਨੂੰ ਪਛਾਣਦੇ ਹਨ, ਉਨ੍ਹਾਂ ਵਿਚ ਹੰਕਾਰ ਨਹੀਂ ਹੁੰਦਾ।

**ਤੀਜੀ ਪਉੜੀ** ਵਿਚ ਪਰਮੇਸ਼ਰ ਦੀਆਂ ਅਨੰਤ ਸ਼ਕਤੀਆਂ ਦਾ ਗੁਣਗਾਨ ਤੇ ਉਸ ਦੀ ਮਹਿਮਾ ਦਾ ਬਖਾਨ ਹੈ। ਅੰਤ ਵਿਚ ਸਭ ਦਾ ਸਾਰ ਦਸਿਆ ਹੈ—

**'ਹੁਕਮੀ ਹੁਕਮੁ ਚਲਾਏ ਰਾਹੁ ਨਾਨਕ ਵਿਗਸੈ ਵੇਪਰਵਾਹੁ'**

ਇਹੋ ਠੀਕ ਰਾਹ ਹੈ। ਅਸੀਂ ਆਪਣੇ ਲਈ ਹੋਰ ਹੋਰ ਡੰਡੀਆਂ ਵਿਅਰਥ ਬਣਾ ਲੈਂਦੇ ਹਾਂ। ਉਸ ਦੀ ਥਾਂ ਜੇਕਰ ਅਸੀਂ ਹਰਿ ਦੀ ਸਰਨ ਵਿਚ ਆ ਜਾਈਏ ਤਾਂ ਠੀਕ ਹੋਏਗਾ। ਪਰਮੇਸ਼ਰ ਨੇ ਹੁਕਮ ਅਰਥਾਤ ਕਾਨੂਨ ਬਣਾਇਆ ਹੈ ਅਤੇ ਉਹ ਬੇਪਰਵਾਰ ਬਣ ਕੇ ਹਸਦਾ ਹੈ।

**ਚੌਥੀ ਪਉੜੀ** ਵਿਚ ਸਾਡਾ ਧਿਆਨ ਨਾਮ ਵਲ ਖਿਚਿਆ ਹੈ ਜੋ ਜਪੁਜੀ ਦਾ ਮੁਖ ਵਿਸ਼ਾ ਹੈ। ਉਹ ਸਾਹਿਬ ਸੱਚ ਹੈ, ਉਸ ਦਾ ਨਾਮ ਸੱਚ ਹੈ। ਅੰਮ੍ਰਿਤ ਵੇਲੇ ਅਸੀਂ ਉਸ ਦਾ ਸੱਚਾ ਨਾਉਂ ਗਾਉਂਦੇ ਰਹੀਏ ਅਤੇ ਸਮਝੀਏ ਕਿ ਉਹੋ ਇਕ ਸਤਿ ਸਰੂਪ ਹੈ।

**ਪੰਜਵੀਂ ਪਉੜੀ** ਸਾਰ-ਰੂਪ ਪਉੜੀ ਹੈ ਜਿਸ ਵਿਚ ਪਰਮੇਸ਼ਰ ਦੇ ਸੈਭੰ (ਆਪੇ ਆਪ ਹੋਣ) ਦਾ ਵਿਚਾਰ ਹੈ। ਅਸੀਂ ਉਸ ਦਾ ਜਸ ਗਾਈਏ, ਧਿਆਨ ਕਰੀਏ ਤੇ ਉਸ ਨਾਲ ਪਿਆਰ ਕਰੀਏ। ਫਿਰ ਗੁਰੂ-ਮਹਿਮਾ ਦੱਸੀ ਹੈ, ਅਤੇ ਗੁਰੂ ਅੱਗੇ ਪ੍ਰਾਰਥਨਾ ਕੀਤੀ ਹੈ ਕਿ ਉਹੋ ਪਰਮੇਸ਼ਰ ਸਭ ਥਾਈਂ ਹੈ, ਉਸ ਦਾ ਸਾਨੂੰ ਗਿਆਨ ਪ੍ਰਾਪਤ ਹੋਵੇ, ਇਸ ਦਾ ਸਾਨੂੰ ਭਾਨ ਹੋਵੇ।

**ਛੇਵੀਂ ਪਉੜੀ** ਵਿਚ ਕਿਹਾ ਹੈ ਕਿ ਗੁਰੂ ਦੀ ਸਰਨ ਹੀ ਪ੍ਰਮੁਖ ਵਸਤੂ ਹੈ। ਤੀਰਥ ਆਦਿ ਜੇਹੇ ਸਾਧਨਾਂ ਦਾ ਅਸੀਂ ਤਾਂ ਹੀ ਉਪਯੋਗ ਕਰ ਸਕਦੇ ਹਾਂ, ਜੇਕਰ ਉਨ੍ਹਾਂ ਨਾਲ ਚਿੱਤ-ਸ਼ੁੱਧੀ ਵਿਚ ਸਾਨੂੰ ਸਹਾਇਤਾ ਮਿਲੇ। ਮੁਖ ਗੱਲ ਤਾਂ ਇਹ ਹੈ ਕਿ ਅਸੀਂ ਗੁਰੂ-ਸਰਨ ਵਿਚ ਜਾਈਏ ਤਾਂ ਫਿਰ ਸਾਡੀ ਮਤਿ ਵਿਚ ਰਤਨ, ਜਵਾਹਰ, ਮਾਣਿਕ ਹੋਣਗੇ, ਅਤੇ ਬੁੱਧੀ ਦੀ ਪ੍ਰਤਿਭਾ ਨਿਖਰੇਗੀ।

**ਸੱਤਵੀਂ ਪਉੜੀ** ਵਿਚ ਕਿਹਾ ਹੈ ਕਿ ਭਾਵੇਂ ਅਸੀਂ ਦੁਨੀਆ ਵਿਚ ਮਸ਼ਹੂਰ ਹੋ ਜਾਈਏ, ਸਾਡੀ ਪ੍ਰਤਿਸ਼ਠਾ ਵਧੇ, ਲੋਕੀਂ ਸਾਡੇ ਪਿਛੇ ਲਗਦੇ ਹੋਣ, ਪਰ ਜੇਕਰ ਅਸੀਂ ਭਗਵਾਨ ਦਾ ਸਿਮਰਨ ਨਹੀਂ ਕਰਦੇ ਅਤੇ ਸਾਡੇ ਉਤੇ ਉਸ ਪ੍ਰਭੂ ਦੀ ਮੇਹਰ ਨਹੀਂ ਹੋਈ, ਤਾਂ ਅਸੀਂ ਈਸ਼ਵਰ ਦੀ ਨਿਗਾਹ ਵਿਚ ਕੀੜਿਆ ਤੋਂ ਵੀ ਕੀੜੇ [ਨੀਚਾਂ ਤੋਂ ਵੀ ਨੀਚ] ਮੰਨੇ ਜਾਵਾਂਗੇ।

# ਸ਼੍ਰਵਣ, ਮਨਨ ਅਤੇ ਭਾਵਨ

## ੬. ਸ਼੍ਰਵਣ*

### ੮

"ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ" ॥ ੮ ॥

ਇਸ ਪਉੜੀ ਵਿਚ ਦਸਿਆ ਗਿਆ ਹੈ ਕਿ ਭਗਵਾਨ ਦਾ ਨਾਮ ਸੁਣਨ ਨਾਲ ਤੇ ਭਗਵਾਨ ਦੀ ਮਹਿਮਾ ਸੁਣਨ ਨਾਲ ਕੀ ਫਲ ਪ੍ਰਾਪਤ ਹੁੰਦਾ ਹੈ ।

'**ਸੁਣਿਐ**' ਅਰਥਾਤ ਸੁਣਨ ਨਾਲ, ਈਸ਼ਵਰ ਦਾ ਨਾਮ ਤੇ ਉਸ ਦੀ ਮਹਿਮਾ ਸੁਣਨ ਨਾਲ ਦੁਨੀਆ ਵਿਚ ਕਈ ਸਿੱਧ, ਪੀਰ, ਸੁਰ, ਨਾਥ ਹੋ ਗਏ ਹਨ ।

ਭਗਵਾਨ ਦਾ ਨਾਮ ਸੁਣ ਕੇ ਅਰਥਾਤ ਉਸ ਦੀ ਸ਼ਬਦ-ਸ਼ਕਤੀ ਤੋਂ ਪ੍ਰੇਰਿਤ ਹੋ ਕੇ ਹੀ ਧਰਤੀ, ਨਿਰਮਲ ਆਕਾਸ਼, ਨਛਤਰ-ਲੋਕ ਅਤੇ ਪਾਤਾਲ ਆਦਿ ਵਿਭਾਗ ਬਣੇ । ਸੁਣਨ ਨਾਲ ਕਾਲ ਦੇ ਸਰੂਪ ਦੀ ਪਛਾਣ ਹੁੰਦੀ ਹੈ, ਇਸ ਲਈ ਕਾਲ ਦੀ ਕੈਦ ਨਹੀਂ ਹੁੰਦੀ । ਪਰਮੇਸ਼ਰ ਦਾ ਨਾਮ ਹੀ '**ਅਕਾਲ**' ਹੈ । ਪਉੜੀ ਦੇ ਅੰਤ ਵਿਚ ਧ੍ਰੁਪਦ ਆਇਆ ਹੈ ।

**ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥**

ਗੁਰੂ ਨਾਨਕ ਜੀ ਆਖਦੇ ਹਨ ਕਿ ਭਗਤਾਂ ਨੂੰ ਹਮੇਸ਼ਾ ਆਨੰਦ ਹੀ ਆਨੰਦ ਮਿਲਦਾ ਹੈ, ਭਗਤ ਸਦਾ ਵਿਗਸਦੇ ਤੇ ਪ੍ਰਫੁੱਲਿਤ ਹੁੰਦੇ ਹਨ । ਭਗਵਾਨ ਦਾ ਨਾਮ ਸੁਣਨ ਨਾਲ ਉਨ੍ਹਾਂ ਦੇ ਦੁਖਾਂ ਅਤੇ ਪਾਪਾਂ ਦਾ ਨਾਸ਼ ਹੁੰਦਾ ਹੈ । ਦੁਖਾਂ ਦਾ ਮੂਲ ਆਮ ਕਰਕੇ ਪਾਪ ਹੁੰਦੇ ਹਨ । ਇਸ ਲਈ ਪਾਪ-ਨਾਸ਼ ਦੀ ਹੀ ਵੱਡੀ ਲੋੜ ਹੈ ।

---

1. 'ਹੁਣ ੧੨ ਪਉੜੀਆਂ ਦਾ ਦੂਜਾ ਭਾਗ ਆਉਂਦਾ ਹੈ ਜਿਸ ਵਿਚ ਚਾਰ ਚਾਰ ਪਉੜੀਆਂ ਦੇ ਤਿੰਨ ਪਰਿਛੇਦ ਹਨ । ਪਹਿਲੇ ਭਾਗ ਦੀਆਂ ੭ ਪਉੜੀਆਂ ਤੇ ਇਹ ੧੨ ਮਿਲਾ ਕੇ ੧੯ ਪਉੜੀਆਂ ਵਿਚ 'ਜਪੁਜੀ' ਦਾ ਪੂਰਵਾਰਧ ਮੁਕਦਾ ਹੈ ।

'ਤਿੰਨ ਪਰਿਛੇਦ' ਵਿਚੋਂ ਪਹਿਲਾ ਸ਼੍ਰਵਣ-ਮਹਿਮਾ ਦਾ ਹੈ ।'—ਵਿਨੋਬਾ

## ੯

"ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ" ॥੯॥

ਸ਼ਿਵ, ਬ੍ਰਹਮਾ, ਇੰਦ੍ਰ ਆਦਿ ਸਭ ਵਿਸ਼ੇਸ਼ ਸਥਾਨ ਦੇ ਅਧਿਕਾਰੀ ਹਨ। ਇਹ ਸਭ ਹਰਿਨਾਮ-ਸ਼੍ਰਵਣ ਨਾਲ ਹੀ ਇਸ ਪ੍ਰਕਾਰ ਬਣੇ ਹਨ। ਪਰਮੇਸ਼ਰ ਦੇ ਅਨੇਕ ਸੰਕਲਪ ਹੁੰਦੇ ਹਨ। ਉਨ੍ਹਾ ਵਿਚੋਂ ਇਕ ਇਕ ਸੰਕਲਪ ਜਿਨ੍ਹਾਂ ਨੇ ਉਠਾਇਆ, ਉਹ, 'ਸਥਾਨੀ' ਮੰਨੇ ਜਾਂਦੇ ਹਨ। ਸ਼ਿਵ ਪਰਮੇਸ਼ਰ ਦਾ ਇਕ ਸੰਕਲਪ ਹੈ, ਬ੍ਰਹਮਾ ਦੂਜਾ ਸੰਕਲਪ ਅਤੇ ਇੰਦ੍ਰ ਤੀਜਾ ਸੰਕਲਪ।

ਸ਼੍ਰਵਣ ਮੰਦਾ ਮਨੁੱਖ ਵੀ ਸੁਣਨ ਨਾਲ ਲੋਕਾਂ ਦੀ ਪ੍ਰਸ਼ੰਸਾ ਦਾ ਪਾਤਰ ਬਣ ਜਾਂਦਾ ਹੈ, ਅਥਵਾ ਮੰਦਵਾਕ (ਗੂੰਗਾ ਬੋਲਾ) ਵੀ ਸੁਣਨ ਨਾਲ ਭਗਵਤ ਸਤੋਤ੍ਰ ਗਾਉਣ ਵਿਚ ਮੁਖੀ ਬਣ ਜਾਂਦਾ ਹੈ।

ਸ਼੍ਰਵਣ ਨਾਲ ਯੋਗ ਦੀ ਜੁਗਤ ਦਾ ਪਤਾ ਲਗ ਜਾਂਦਾ ਹੈ ਅਤੇ 'ਤਨਿ ਭੇਦ' ਅਰਥਾਤ ਸਥੂਲ, ਸੂਖਮ, ਸੂਖਮਤਰ ਸਰੀਰ ਦਾ ਵੀ ਅਨੁਭਵ ਹੁੰਦਾ ਹੈ। ਨਾਮ ਸੁਣਨ ਨਾਲ ਸ਼ਾਸਤ੍ਰਾਂ ਸਿਮ੍ਰਿਤੀਆਂ ਅਤੇ ਵੇਦਾਂ ਦਾ ਸਾਰ ਲੱਭ ਜਾਂਦਾ ਹੈ।

## ੧੦

"ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਦਾ ਇਸਨਾਨੁ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ" ॥੧੦॥

**'ਸਤਿ ਸੰਤੋਖੁ ਵੀਚਾਰ'**—ਇਹ ਤਿੰਨ ਵੱਡੇ ਰਤਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮੁਚਾ ਸਾਰ ਇਹ ਤਿੰਨ ਰਤਨ ਹਨ। ਇਥੇ ਵਿਚਾਰ ਦੀ ਥਾਂ 'ਗਿਆਨੁ' ਰਖਿਆ ਹੈ। [ਇਹ ਤਿੰਨੇ ਰਤਨ ਸੁਣਨ ਨਾਲ ਪ੍ਰਾਪਤ ਹੁੰਦੇ ਹਨ]।

ਭਾਰਤ ਵਿਚ 68 ਤੀਰਥ ਮੰਨੇ ਜਾਂਦੇ ਹਨ। ਸਾਰੇ ਦੇ ਸਾਰੇ 'ਅਠਸਠਿ' (ਅਠਾਹਠ) ਤੀਰਥਾਂ ਦਾ ਇਸ਼ਨਾਨ ਨਾਮ-ਸਿਮਰਨ ਵਿਚ ਹੁੰਦਾ ਹੈ।

ਅਸੀਂ ਖ਼ੂਬ ਪੜ੍ਹਦੇ ਹਾਂ, ਚਿੰਤਨ ਕਰਦੇ ਹਾਂ, ਗ੍ਰੰਥਾਂ ਦਾ ਸੂਖਮ ਅਧਿਐਨ ਕਰਦੇ ਹਾਂ। ਉਸ ਨਾਲ ਜੋ ਮਾਨ ਜਾਂ ਪਦਵੀ ਪਾਉਂਦੇ ਹਾਂ, ਉਹ ਸ਼੍ਰਵਣ (ਸੁਣਨ) ਨਾਲ ਪ੍ਰਾਪਤ ਹੁੰਦੇ ਹਨ। ਸੁਣਨ ਨਾਲ ਸਾਧਕ ਦਾ ਸਹਿਜ ਧਿਆਨ ਲਗਦਾ ਹੈ।

੧੧

"ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ" ॥ ੧੧ ॥

ਨਾਮ ਸੁਣਨ ਨਾਲ ਮਨੁੱਖ ਗੁਣਾਂ ਦੇ ਸਰੋਵਰ ਦੀ ਥਾਹ ਪਾ ਲੈਂਦਾ ਹੈ। ਉਸ ਸ਼੍ਰਵਣ ਨਾਲ ਅਧਿਆਤਮਿਕ ਖੇਤਰ ਦੇ ਸ੍ਰੇਸ਼ਠ [ਸੇਖ], ਗੁਰੂ ਤੇ ਬਾਦਸ਼ਾਹ ਬਣਦੇ ਹਨ। ਸੁਣਨ ਨਾਲ ਅੰਨ੍ਹੇ ਨੂੰ ਵੀ ਰਾਹ ਮਿਲੇਗਾ ਅਤੇ ਸੰਸਾਰ-ਸਮੁੰਦਰ ਵੀ ਛੋਟਾ ਬਣ ਜਾਏਗਾ, ਉਸ ਦੀ ਹਾਥ ਆ ਜਾਵੇਗੀ।

ਇਨ੍ਹਾਂ ਚਾਰ ਪਉੜੀਆਂ ਵਿਚ ਸ਼੍ਰਵਣ-ਮਹਿਮਾ ਦੱਸੀ ਗਈ ਹੈ। ਭਗਤੀ ਮਾਰਗ ਵਿਚ, ਨਵ-ਵਿਧਾ ਭਗਤੀ ਵਿਚ, ਸ਼੍ਰਵਣ ਦਾ ਨਾਉਂ ਤੇ ਥਾਉਂ ਪਹਿਲਾਂ ਰਖਿਆ ਗਿਆ ਹੈ ਅਤੇ ਉਹ ਠੀਕ ਵੀ ਹੈ। ਪਰ ਇਥੇ ਗੁਰੂ ਨਾਨਕ ਜੀ ਦਾ ਜੋ ਵਿਚਾਰ ਦਿਸਦਾ ਹੈ, ਉਹ 'ਸ਼੍ਰਵਣਂ ਕੀਰ੍ਤਨਂ' ਦੀ ਥਾਂ 'श्रोतव्यो मनतव्यो निदिध्यासितव्यः' ਦੇ ਇਸ ਉਪਨਿਸ਼ਦ-ਵਾਕ ਅਨੁਸਾਰ ਦਿਸਦਾ ਹੈ। ਇਥੇ ਸ਼੍ਰਵਣ-ਮਹਿਮਾ ਵਰਣਨ ਕੀਤੀ ਗਈ ਹੈ। ਇਸ ਦੇ ਮਗਰੋਂ ਆਉਣ ਵਾਲੀਆਂ ਚਾਰ ਪਉੜੀਆਂ ਵਿਚ ਮਨਨ-ਮਹਿਮਾ ਹੈ।

## ੭. ਮਨਨ

੧੨

"ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ"॥ ੧੨ ॥

'ਮੰਨੇ ਕੀ ਗਤਿ' ਅਰਥਾਤ ਮਨਨ ਵਾਲੇ ਦੀ ਗਤੀ। ਮਨਨ ਵਾਲਾ ਕਿੰਨਾ ਉੱਚਾ ਚੜ੍ਹੇਗਾ, ਇਸ ਦਾ ਕੋਈ ਨਾਪ ਨਹੀਂ। ਉਸ ਦੀ ਗਤੀ ਕਿਸੇ ਕੋਲੋਂ ਦੱਸੀ ਨਹੀਂ ਜਾਂਦੀ, ਇਸ ਲਈ ਜਿਹੜਾ ਵੀ ਪਰਮੇਸ਼ਰ ਦੇ ਨਾਮ ਦੇ ਚਿੰਤਨ-ਮਨਨ ਕਰਨ ਵਾਲੇ ਦੀ ਯੋਗਿਤਾ ਦਾ ਕਦੇ ਵਰਣਨ ਕਰੇਗਾ, ਉਹ ਪਿਛੋਂ ਪਛਤਾਏਗਾ, ਅਰਥਾਤ ਅੱਜ ਜਿਨ੍ਹਾਂ ਨੂੰ ਵਰਣਨ ਕੀਤਾ ਜਾ ਸਕਿਆ ਹੈ, ਕੱਲ ਉਸ ਤੋਂ ਵਧੇਰੇ ਵਰਣਨ ਕਰਨ ਦੀ ਲੋੜ ਪਏਗੀ। ਮਨਨ ਕਰਨ ਵਾਲੇ ਦੀ ਪ੍ਰਗਤੀ ਹੋਰ ਦੀ ਹੋਰ ਹੁੰਦੀ ਜਾਏਗੀ। ਇਸ ਲਈ ਉਸ ਦੀ ਕੋਈ ਸੀਮਾ ਨਹੀਂ ਹੈ। ਮਨਨ ਦੀ ਹੱਦ ਕਿਥੇ ਆ ਜਾਵੇਗੀ, ਅਜੇਹਾ ਨਹੀਂ ਕਿਹਾ ਜਾ ਸਕਦਾ।

ਇਕਾਗਰ ਮਨਨ ਦਾ ਸਰੂਪ ਅੰਕਿਤ ਕਰਨ ਲਈ ਜੇਕਰ ਕੋਈ (ਚਰਚਾ-ਮੰਡਲ) ਬੈਠੇਗਾ ਤਾਂ ਕਾਗ਼ਜ਼, ਕਲਮ ਅਤੇ ਲਿਖਣ ਵਾਲਾ ਪੂਰਾ ਨਹੀਂ ਪਵੇਗਾ (ਅਰਥਾਤ ਉਹ

ਥੁੜ ਜਾਣਗੇ)। ਭਗਵਾਨ ਦਾ ਅਜੇਹਾ 'ਨਿਰੰਜਨੁ' ਨਾਮ ਹੈ ਕਿ ਵਿਰਲਾ ਹੀ ਕੋਈ ਇਹ ਨਾਮ ਜਾਣੇਗਾ (ਤੇ ਜਾਣੇਗਾ ਉਹ), ਜਿਸ ਦੇ ਮਨ ਨੂੰ ਮਨਨ ਦੀ ਕਲਾ ਆਉਂਦੀ ਹੋਵੇਗੀ। ਮਨਨ ਕਰਨ ਵਾਲੇ ਦੀ ਸਭ ਤੋਂ ਵੱਡੀ ਮਹਿਮਾ ਇਹ ਹੀ ਤਾਂ ਹੈ ਕਿ ਉਹ ਭਗਵਾਨ ਦਾ ਨਾਮ ਜਾਣੇਗਾ। [ਜਿਹੜਾ ਕੋਈ ਮਨ ਵਿਚ ਉਸ ਦਾ ਮਨਨ ਕਰੇਗਾ, ਉਹੀ ਉਸ ਨੂੰ ਜਾਣੇਗਾ]।

### ੧੩

"ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ" ॥ ੧੩ ॥

ਮਨਨ ਨਾਲ 'ਸੁਰਤਿ' ਹੁੰਦੀ ਹੈ, ਭਾਵ ਲਿਵਲੀਨਤਾ ਹੁੰਦੀ ਹੈ ਅਤੇ ਫਿਰ ਮਨ ਵਿਚ ਬੋਧ ਹੁੰਦਾ ਹੈ। 'ਭਵਣ' ਸ਼ਬਦ ਦਾ ਅਰਥ 'ਘਰ' ਹੁੰਦਾ ਹੈ, ਪਰ ਇਹ ਸ਼ਬਦ ਸਾਰੇ ਵਿਸ਼ਵ ਲਈ ਵੀ ਵਰਤਿਆ ਜਾਂਦਾ ਹੈ। ਮਨਨ ਨਾਲ ਸਾਰੇ ਵਿਸ਼ਵ ਦੀ ਖ਼ਬਰ ਮਿਲਦੀ ਹੈ। ਜੋ ਭਗਵਾਨ ਦਾ ਮਨਨ ਕਰਦਾ ਹੈ, ਉਸ ਨੂੰ ਭਗਵਾਨ ਦੇ ਵਿਸ਼ਵ ਵਿਚ ਫੈਲੇ ਹੋਏ ਅਨੰਤ ਗੁਣਾਂ ਦਾ ਗਿਆਨ ਹੁੰਦਾ ਹੈ, ਫਿਰ ਵਿਸ਼ਵ ਦੇ ਵੱਖਰੇ ਮਨਨ ਦੀ ਲੋੜ ਨਹੀਂ ਰਹਿੰਦੀ। ਉਸ ਲਈ ਵਿਸ਼ਵ ਦਾ ਰਾਜ ਖੁਲ੍ਹ ਜਾਂਦਾ ਹੈ। ਮਨਨ ਕਰਨ ਨਾਲ ਮੂੰਹ ਉਤੇ ਥੱਪੜ ਨਹੀਂ ਖਾਣੇ ਪੈਂਦੇ। ਮਨਨ ਕਰਨ ਵਾਲੇ ਦੀ ਹਾਲਤ ਇਸ ਦੁਨੀਆ ਵਿਚ ਨੀਚ ਤੇ ਡਿਗੀ ਹੋਈ ਨਹੀਂ ਰਹੇਗੀ ਅਤੇ ਪਰਲੋਕ ਵਿਚ ਉਹ ਜਮ ਦੇ ਨਾਲ ਨਹੀਂ ਜਾਏਗਾ।

ਭਗਵਾਨ ਦਾ ਅਜੇਹਾ ਨਿਰੰਜਨ ਨਾਮ ਹੈ ਕਿ ਜੋ ਕੋਈ ਮਨ ਵਿਚ ਉਸ ਦਾ ਮਨਨ ਕਰੇਗਾ, ਉਹੋ ਉਸ ਨੂੰ ਜਾਣੇਗਾ।

### ੧੪

"ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥
ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ" ॥੧੪॥

ਮਨਨ ਕਰਨ ਨਾਲ ਕਦੇ ਵੀ ਮਾਰਗ ਵਿਚ ਰੁਕਾਵਟ (ਠਾਕ) ਨਹੀਂ ਆਉਂਦੀ। ਮਨਨ ਕਰਨ ਵਾਲਾ ਮਾਨ-ਪ੍ਰਤਿਸ਼ਠਾ ਨਾਲ ਜਗਤ ਵਿਚ ਪ੍ਰਗਟ ਹੋਏਗਾ। ਜੇ ਪ੍ਰਗਟ ਨਹੀਂ ਹੋਵੇਗਾ ਤਾਂ ਪ੍ਰਤਿਸ਼ਠਾ ਵੀ ਪ੍ਰਗਟ ਨਹੀਂ ਹੋਵੇਗੀ। ਉਹ ਇੱਜ਼ਤ-ਪਤ ਨਾਲ ਹੀ ਰਹਿੰਦਾ ਹੈ। ਅਥਵਾ 'ਪਰਗਟੁ ਜਾਇ' ਅਰਥਾਤ ਭਗਵਾਨ ਦੀ ਹਜ਼ੂਰੀ ਵਿਚ ਪਹੁੰਚਦਾ ਹੈ।

ਮਨਨ ਕਰਨ ਵਾਲਾ ਮਨੁੱਖ ਮਾਰਗਾਂ ਜਾਂ ਪੰਥਾਂ ਦੇ ਰਾਹੇ ਨਹੀਂ ਚਲੇਗਾ। ਉਸ ਨੂੰ

ਆਪਣੇ ਆਪ ਧਰਮ-ਤੱਤ੍ਹ ਦੀ ਸਮਝ ਆ ਜਾਵੇਗੀ ਕਿਉਂਜੋ ਮਨਨ ਕਰਨ ਨਾਲ ਧਰਮ ਨਾਲ ਸਿੱਧਾ ਸੰਬੰਧ ਜੁੜ ਜਾਂਦਾ ਹੈ । ਦੁਨੀਆ ਵਿਚ ਜੋ ਅਨੇਕ ਪ੍ਰਕਾਰ ਦੇ ਪੰਥ ਬਣੇ ਹੋਏ ਹਨ, ਉਨ੍ਹਾਂ ਵਿਚ ਪੈ ਜਾਣ ਦੀ ਲੋੜ ਮਨੁੱਖ ਨੂੰ ਨਹੀਂ ਸੀ; ਪਰ ਪੈ ਗਈ ਹੈ, ਇਸੇ ਲਈ ਮਨੁੱਖ ਬਸ ਪੰਥਾਂ ਵਿਚ ਹੀ ਵਹਿ ਕੇ ਰਹਿ ਜਾਂਦੇ ਹਨ ।

ਇਥੇ ਧਰਮ ਦੇ ਵਿਰੁੱਧ ਪੰਥ ਜੇਹਾ ਸੁਆਲ ਪੇਸ਼ ਕਰਕੇ ਗੁਰੂ ਨਾਨਕ ਜੀ ਨੇ ਪੰਥਾਂ ਦੀ ਨਿਖੇਧੀ ਕੀਤੀ ਹੈ । ਵੇਦਾਂ ਵਿਚ ਵੀ ਇਹ ਵਿਚਾਰ ਆਇਆ ਹੈ । "पथां विसर्गे धरूणेषु तस्थौ"—ਜੀਵਨ ਦਾ ਆਧਾਰ ਸਦੀਵੀ ਧਰਮ ਦੇ ਤੱਤਾਂ ਪੁਰ (धरूणेषु) ਹੈ, ਜਿਥੇ ਪੁੱਜ ਕੇ ਸਾਰੇ ਪੰਥਾਂ ਦਾ ਅੰਤ (पथां विसर्गे) ਹੋ ਜਾਂਦਾ ਹੈ ।

## ੧੫

**"ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥**
**ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥**
**ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ" ॥੧੫॥**

**ਮਨਨ** ਕਰਨ ਨਾਲ ਮਨੁੱਖ ਮੁਕਤੀ-ਦੁਆਰ ਵਿਚ ਪ੍ਰਵੇਸ਼ ਕਰਦਾ ਹੈ । ਮਨਨ ਨਾਲ ਇਸ ਦੁਨੀਆ ਵਿਚ ਆਪਣੇ ਪਰਿਵਾਰ ਅਰਥਾਤ ਸਮਾਜ ਨੂੰ ਵੀ ਆਧਾਰ ਦੇਂਦਾ ਹੈ ।

ਮਨਨ ਕਰਨ ਨਾਲ ਗੁਰੂ ਅਤੇ ਸਿਖ ਦੋਵੇਂ ਤਰ ਜਾਂਦੇ ਹਨ ਅਤੇ ਤਾਰਦੇ ਹਨ । ਗੁਰੂ ਆਪ ਤਰਦਾ ਹੈ ਅਤੇ ਸਿਖ ਨੂੰ ਵੀ ਆਪ ਤਾਰਦਾ ਹੈ ।

(ਗੁਰੂ) ਨਾਨਕ ਜੀ ਆਖਦੇ ਹਨ ਕਿ ਮਨਨ ਨਾਲ ਦੁਨੀਆ ਵਿਚ ਫਿਰ ਭਿਖਿਆ ਨਹੀਂ ਮੰਗਣੀ ਪੈਂਦੀ, ਅਰਥਾਤ ਮਨਨ ਕਰਨ ਵਾਲਾ ਭਵ ਸਾਗਰ ਵਿਚ ਘੁੰਮਦਾ ਫਸਿਆ ਨਹੀਂ ਰਹੇਗਾ ।

ਪ੍ਰਭੂ ਦਾ ਨਾਮ ਨਿਰੰਜਨ-ਨਿਸ਼ਕਲੰਕ ਹੈ । ਜੋ ਕੋਈ ਵੀ ਉਸ ਨਿਸ਼ਕਲੰਕ ਨਾਮ ਦਾ ਮਨਨ ਕਰੇਗਾ, ਉਸ ਦੇ ਚਿੱਤ ਵਿਚ ਪ੍ਰਕਾਸ਼ ਹੋਵੇਗਾ । ਨਿਰੰਜਨ ਪਰਮੇਸ਼ਰ ਦਾ ਚਿੰਤਨ ਕਰਨ ਨਾਲ ਮਨ ਵਿਚ ਅੰਜਨ (ਖੋਟ ਤੇ ਅਗਿਆਨ) ਨਹੀਂ ਰਹਿੰਦਾ, ਸਗੋਂ ਜਗਤ ਦਾ ਗਿਆਨ ਹੋ ਜਾਂਦਾ ਹੈ । ਮਨਨ ਦੀਆਂ ਚਾਰੇ ਪਉੜੀਆਂ ਇਥੇ ਸਮਾਪਤ ਹੁੰਦੀਆਂ ਹਨ । ਹੁਣ ਅੱਗੇ ਨਿਧਿਆਸਨ (ਭਾਵਨ) ਦੀਆਂ ਪਉੜੀਆਂ ਸ਼ੁਰੂ ਹੋਣਗੀਆਂ ।

ਮਨਨ ਵਿਚ ਬੁੱਧੀ ਦਾ ਉਪਯੋਗ ਹੁੰਦਾ ਹੈ, ਧਿਆਨ ਬੁੱਧੀ ਤੋਂ ਪਰੇ ਚਲਾ ਜਾਂਦਾ ਹੈ। ਇਸ ਲਈ ਗੁਰੂ ਨਾਨਕ ਜੀ ਨੇ ਧਿਆਨ ਦੀ ਵਿਆਖਿਆ ਪਿਆਰ ਕਰਨਾ ਕੀਤੀ ਹੈ: ਧਿਆਨ ਕਰਨਾ ਅਰਥਾਤ ਕਿਸੇ ਵਸਤੂ ਵਿਚ ਇੰਨਾ ਮਗਨ ਹੋ ਜਾਣਾ ਕਿ ਉਸ ਤੋਂ ਛੁੱਟ ਦੂਜੀ ਗੱਲ ਹੀ ਨਾ ਸੁੱਝੇ । ਉਪਨਿਸ਼ਦਾਂ ਵਿਚ ਨਿਧਿਆਸਨ ਦੇ ਅਰਥ ਹਨ: ਇਕੋ ਚੀਜ਼ ਘੋਟ ਘੋਟ ਕੇ ਆਤਮਸਾਤ ਕਰਨੀ, ਅਰਥਾਤ ਉਸ ਦਾ ਸਾਖਿਆਤ ਅਨੁਭਵ ਕਰਨਾ ।

## ੮. ਭਾਵਨ*

### ੧੬

"ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥
ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ" ॥੧੬॥

ਜੋ ਪੰਚ ਹਨ ਉਹ ਪ੍ਰਵਾਣ ਹਨ। ਉਹੋ ਪੰਚ ਪ੍ਰਧਾਨ ਹੋ ਜਾਣਗੇ। ਦੁਨੀਆ ਉਨ੍ਹਾਂ ਨੂੰ ਮੰਨੇਗੀ, ਭਗਵਾਨ ਉਨ੍ਹਾਂ ਨੂੰ ਪ੍ਰਵਾਣ ਕਰੇਗਾ—ਇਹ ਦੋਵੇਂ ਅਰਥ ਹੋ ਸਕਦੇ ਹਨ।

ਜੋ ਭਗਵਾਨ ਦਾ ਚਿੰਤਨ ਕਰਨ ਵਾਲਾ ਹੈ, ਉਸ ਨੂੰ ਗੁਰੂ ਨਾਨਕ ਜੀ ਨੇ ਪੰਚ ਦਾ ਨਾਉਂ ਦਿੱਤਾ ਹੈ। ਮਨਨ ਕਰਨ ਵਾਲੇ ਮਨੁੱਖ 'ਪੰਚ' ਦੁਨੀਆ ਨੂੰ ਅਤੇ ਸਮਾਜ ਨੂੰ ਕਬੂਲ ਹੋ ਸਕਦੇ ਹਨ, ਅਤੇ ਉਹੋ ਪ੍ਰਧਾਨ ਮੰਨੇ ਜਾਣੇ ਚਾਹੀਦੇ ਹਨ। ਜੋ ਭਗਵੰਤ ਦੇ ਨਾਮ ਦਾ, ਗੁਰ-ਮੰਤ੍ਰ ਦਾ ਜਾਂ ਗੁਰਮੁਖ ਤੋਂ ਪ੍ਰਾਪਤ ਨਾਮ ਦਾ—ਵੇਦ ਦਾ—ਸ੍ਰਵਣ ਤੇ ਮਨਨ ਕਰਨ ਵਾਲੇ ਪੰਚ ਹਨ, ਉਹ ਮਾਨ ਤੇ ਇੱਜ਼ਤ ਪਾਉਣਗੇ। ਦੂਜਾ ਅਰਥ ਇਹ ਹੋਵੇਗਾ ਕਿ ਉਹ ਭਗਵਾਨ ਦੀ ਦਰਗਾਹ ਵਿਚ, ਧਾਰਮਿਕ ਖੇਤਰ ਵਿਚ ਮਾਨ ਇੱਜ਼ਤ ਪ੍ਰਾਪਤ ਕਰਨਗੇ।

ਰਾਜਿਆਂ ਦੇ ਦਰਬਾਰ ਵਿਚ ਵੀ ਉਹੋ ਸ਼ੋਭਾ ਪਾਉਣਗੇ। ਸਮਾਜਕ, ਧਾਰਮਿਕ ਤੇ ਰਾਜਸੀ ਇਹ ਤਿੰਨ ਪ੍ਰਕਾਰ ਦੀ ਮਾਨ-ਪ੍ਰਤਿਸ਼ਠਾ ਉਨ੍ਹਾਂ ਨੂੰ ਹੀ ਪ੍ਰਾਪਤ ਹੋਏਗੀ ਜੋ ਭਗਵਾਨ ਦੀ ਮਹਿਮਾ ਦਾ ਸ੍ਰਵਣ, ਮਨਨ ਤੇ ਧਿਆਨ ਕਰਨਗੇ। ਉਨ੍ਹਾਂ ਪੰਚਾਂ ਦਾ, ਸੰਤਾਂ ਦਾ, ਸਾਧਕਾਂ ਦਾ ਗੁਰੂ ਹੀ ਇਕ ਧਿਆਨ ਹੈ ਅਰਥਾਤ ਉਹ ਕੇਵਲ ਗੁਰੂ-ਰੂਪ ਹੋ ਗਏ ਹਨ। ਉਨ੍ਹਾਂ ਨੂੰ

---

* ਇਥੇ ਵਿਨੋਬਾ ਜੀ ਦਾ ਸਿਰਲੇਖ ਹੈ 'ਨਿਦਿਧ੍ਯਾਸਨ', ਜਿਸ ਦਾ ਅਰਥ ਉਨ੍ਹਾਂ ਨੇ ਧਿਆਨ ਦਸਿਆ ਹੈ ਅਤੇ ਭਾਵਨ ਨੂੰ ਵੀ ਇਸ ਦੀ ਥਾਂ ਸ੍ਵੀਕਾਰ ਕੀਤਾ ਹੈ। ਵੇਖੋ ਪਉੜੀ ੨੧, ਟੀਕਾ।

ਆਪਣਾ ਅਹੰਕਾਰ ਨਹੀਂ ਰਿਹਾ। ਇਸੇ ਲਈ ਉਹ ਗੁਰੂ-ਰੂਪ ਹੋ ਕੇ ਉਪਰੋਕਤ ਤਿਹਰੀ ਇੱਜ਼ਤ ਪ੍ਰਾਪਤ ਕਰਦੇ ਹਨ। ਇਹ ਸਾਰਾ ਪੰਚਾਂ ਉਪਰ ਵੀ ਢੁਕਦਾ ਹੈ। 'ਏਕੁ ਧਿਆਨੁ' ਅਰਥਾਤ ਇਕ ਮਤ ਨਾਲ ਪੰਚ ਕੰਮ ਕਾਰ ਚਲਾਉਣਗੇ ਕਿਉਂਕਿ ਗੁਰੂ ਹੀ ਉਨ੍ਹਾਂ ਦਾ ਇਕ ਧਿਆਨ ਹੈ। ਇਸ ਲਈ ਉਹ ਆਪਸ ਵਿਚ ਚਰਚਾ ਕਰਕੇ ਇਕ ਮਤ ਨਾਲ ਫ਼ੈਸਲਾ ਕਰਨਗੇ, ਇਹ ਸਥੂਲ ਅਰਥ ਵੀ ਨਿਕਲ ਸਕਦਾ ਹੈ।

ਵਾਦ-ਵਿਵਾਦੀ ਭਾਵੇਂ ਜੋ ਵੀ ਕਹਿਣ ਅਤੇ ਵਿਚਾਰਵਾਨ ਜੋ ਵੀ ਵਿਚਾਰ ਕਰਨ, ਸਿਰਜਨਹਾਰ ਨੇ ਜੋ ਕੁਝ ਸਿਰਜਨਾ ਕੀਤੀ ਹੈ, ਉਸ ਦਾ ਅੰਦਾਜ਼ਾ ਨਹੀਂ ਲੱਗ ਸਕਦਾ। ਉਸ ਦੀ ਜੋ ਕਰਾਮਾਤ ਹੈ ਉਸ ਦਾ ਕੋਈ ਹਿਸਾਬ ਨਹੀਂ', ਉਹ ਅਣਗਿਣਤ ਹੈ।

**'ਧੌਲੁ ਧਰਮੁ ਦਇਆ ਕਾ ਪੂਤੁ'**— ਇਸ ਵਿਚ ਸ੍ਰਿਸ਼ਟੀ ਰਚਨਾ ਦਾ ਇਕ ਸੂਤ੍ਰ ਹੀ ਕਹਿ ਦਿੱਤਾ ਹੈ। ਧਰਮ ਧੌਲ, ਚਿੱਟੇ ਰੰਗ ਦਾ ਇਕ ਬੈਲ ਹੈ। ਮਹਾਭਾਰਤ ਵਿਚ ਆਇਆ ਹੈ "**धर्मो वृष:**"। ਉਹ ਸਤਯੁਗ ਵਿਚ ਚਾਰ ਪੈਰਾ ਵਾਲਾ, ਸਾਬਤ ਪੈਰਾਂ ਵਾਲਾ ਹੁੰਦਾ ਹੈ; ਤ੍ਰੇਤਾ ਯੁਗ ਵਿਚ ਉਸ ਦਾ ਇਕ ਪੈਰ ਕਟਿਆ ਜਾਂਦਾ ਹੈ, ਦੁਆਪਰ ਵਿਚ ਉਸ ਦੇ ਦੋ ਪੈਰ ਕਟ ਜਾਂਦੇ ਹਨ ਅਤੇ ਕਲਯੁਗ ਵਿਚ ਉਹ ਇਕੋ ਪੈਰ ਤੇ ਚਲਦਾ ਹੈ। ਇਹ ਧਰਮ ਰੂਪੀ ਬੈਲ ਸਾਰੀ ਦੁਨੀਆ ਨੂੰ ਸੰਭਾਲਦਾ ਹੈ। ਕਿਹੜਾ ਬੈਲ ਹੈ ਜਿਹੜਾ ਪ੍ਰਿਥਵੀ ਦਾ ਭਾਰ ਚੁਕ ਰਿਹਾ ਹੈ ? ਉਹ ਧਰਮ ਹੈ, ਜੋ ਦਇਆ ਦਾ ਪੁੱਤਰ ਹੈ। ਗਾਂ ਬੈਲ ਦੀ ਮਾਤਾ ਹੈ, ਤਾਂ ਇਥੇ ਦਇਆ ਨੂੰ ਗਾਂ ਦਾ ਰੂਪ ਦਿੱਤਾ ਹੈ। ਦਇਆ ਰੂਪੀ ਗਊ ਮਾਤਾ ਦਾ ਪੁੱਤਰ ਧਰਮ ਰੂਪੀ ਬੈਲ ਹੈ ਜਿਸ ਨੇ ਸੰਤੋਖ ਦੁਆਰਾ ਪਰਸਪਰ ਸੰਤੋਖ ਦੇ ਆਧਾਰ ਉਤੇ ਦੁਨੀਆ ਵਿਚ **'ਸੂਤਿ'** ਅਰਥਾਤ ਸੁਵਿਵਸਥਿਤ ਯੋਜਨਾ, ਰਚਨਾ, ਸੁਸੰਗਤੀ, ਸੁਸੰਵਾਦ ਬਣਾਇਆ ਹੈ। ਉਸ ਨੇ ਸੰਤੋਖ ਰਾਹੀਂ ਦੁਨੀਆ ਵਿਚ ਇਕਸੁਰਤਾ ਤੇ ਏਕਤਾ ਉਤਪੰਨ ਕੀਤੀ ਹੈ। ਮੁੱਢ ਵਿਚ ਦਇਆ, ਪਰਮੇਸ਼ਰ ਦੀ ਕਰੁਣਾ ਉਤਪੰਨ ਹੋਈ, ਤਦੇ ਹੀ ਸ੍ਰਿਸ਼ਟੀ ਉਤਪੰਨ ਹੋਈ, ਨਹੀਂ ਤਾਂ ਉਹ ਸੈਭੰ (**स्वयंभू**) ਹੀ ਸੀ। ਪਰ ਉਸ ਦੀ ਕਰੁਣਾ ਦੇ ਕਾਰਣ ਸ੍ਰਿਸ਼ਟੀ ਉਤਪੰਨ ਹੋਈ ਅਤੇ ਧਰਮ ਨੇ ਭਾਰ ਚੁਕਿਆ। ਉਸ ਰਾਜੇ ਦਾ ਵਜ਼ੀਰ ਸੰਤੋਖ ਹੈ, ਜਿਸ ਤੋਂ ਬਿਨਾ ਸ੍ਰਿਸ਼ਟੀ-ਵਿਵਸਥਾ ਅਸੰਭਵ ਹੈ। ਉਸੇ ਦੇ ਕਾਰਣ ਇਕ-ਸੂਤ੍ਰਤਾ ਅਤੇ ਇਕਰਸਤਾ ਉਤਪੰਨ ਹੋਈ।

**'ਜੇ ਕੋ ਬੁਝੈ'**—ਜੋ ਕੋਈ ਇਹ ਗੱਲ ਸਮਝੇਗਾ ਉਹ ਸੱਚਾ ਬਣੇਗਾ। ਪਰਮਾਤਮਾ ਸਤਿ-ਸਰੂਪ ਹੈ, ਉਹ ਵੀ ਉਸੇ ਪ੍ਰਕਾਰ ਸਤਿ-ਸਰੂਪ ਬਣੇਗਾ। ਸਾਨੂੰ ਇਹ ਪਛਾਣਨਾ ਚਾਹੀਦਾ ਹੈ ਕਿ ਇਕੋ ਸਤਿ-ਸਰੂਪ ਭਗਵਾਨ ਸਰਵ ਸ੍ਰਿਸ਼ਟੀ ਵਿਚ ਭਰਪੂਰ ਹੈ।

ਇਥੇ ਇਕੋ ਚੌਪਾਈ ਵਿਚ ਸ੍ਰਿਸ਼ਟੀ ਰਚਨਾ ਦਾ ਸਾਰਾ ਰਹੱਸ ਦੱਸ ਦਿੱਤਾ ਹੈ ——ਮੂਲ ਪਰਮੇਸ਼ਰ ਸਤਿ ਸਰੂਪ ਹੈ, ਉਸ ਨੂੰ ਦਇਆ ਆਈ, ਇਸ ਲਈ ਸ੍ਰਿਸ਼ਟੀ ਪੈਦਾ ਹੋਈ। ਫਿਰ ਉਸ ਤੋਂ ਧਰਮ ਪੈਦਾ ਹੋਇਆ। ਧਰਮ ਨੇ ਆਪਣੇ ਕੰਮ ਲਈ ਸੰਤੋਖ ਥਾਪਿਆ ਜੋ ਸੁਸੰਗਤੀ (harmony) ਅਤੇ ਸੁਸੰਵਾਦ ਪੈਦਾ ਕਰਦਾ ਹੈ। ਜੋ ਕੋਈ ਇਹ ਸਮਝੇਗਾ, ਉਸ ਦੇ ਧਿਆਨ ਵਿਚ ਆਏਗਾ ਕਿ ਉਸ ਬੈਲ (ਧੌਲੇ) ਉਪਰ ਕਿੰਨਾ ਭਾਰ ਹੈ। ਸਾਰੇ ਦਾ

ਸਾਰਾ ਭਾਰ ਉਸੇ ਉਪਰ ਹੈ। ਵਿਗਿਆਨੀ ਜਿਸ ਨੂੰ ਸ੍ਰਿਸ਼ਟੀ ਦਾ ਆਕਰਸ਼ਣ ਆਖਦੇ ਹਨ, ਉਸ ਨੂੰ ਇਥੇ ਧਰਮ ਕਿਹਾ ਹੈ। ਇਸ ਪਰਿਭਾਸ਼ਾ ਦਾ ਰੂਪਾਂਤਰ ਵਿਗਿਆਨ ਵਿਚ ਕੀਤਾ ਜਾ ਸਕਦਾ ਹੈ।

**'ਧਰਤੀ ਹੋਰੁ ਪਰੈ'**—ਧਰਤੀ ਦੇ ਉਪਰ ਧਰਤੀ ਹੈ, ਉਸ ਦੇ ਉਪਰ ਹੋਰ ਧਰਤੀ ਹੈ। ਜੋ ਖਗੋਲ-ਸ਼ਾਸਤ੍ਰ (Astronomy) ਸਿਖੇਗਾ, ਉਸ ਦੇ ਧਿਆਨ ਵਿਚ ਆਏਗਾ ਕਿ ਉਪਰ ਉਪਰ ਕਿੰਨਾ ਹੈ। ਹੋਰ ਉਤਾਂਹ ਕਿੰਨਾ ਹੈ।

ਵੇਦ ਵਿਚ ਇਕ (ਅਘਮਰਸ਼ਣ) ਸੂਕ੍ਤ ਹੈ ਜੋ ਸੰਧਿਆ ਉਪਾਸਨਾ ਵਿਚ ਬੋਲਿਆ ਜਾਂਦਾ ਹੈ। ਵੇਦ ਦੇ ਇਕ ਇਕ ਮੰਤ੍ਰ ਦੀ ਵਰਤੋਂ ਭਿੰਨ ਭਿੰਨ ਪਾਪਾਂ ਦੇ ਨਾਸ਼ ਕਰਨ ਲਈ ਹੁੰਦੀ ਹੈ, ਪਰ ਅਘਮਰਸ਼ਣ ਸੂਕ੍ਤ ਪਾਪਾਂ ਨੂੰ ਹੰਗਾਲ ਕੇ ਧੋ ਦੇਂਦਾ ਹੈ। ਉਸ ਸੂਕ੍ਤ ਵਿਚ ਪਾਪ-ਵਿਨਾਸ਼ ਦਾ ਕੋਈ ਉੱਲੇਖ ਹੀ ਨਹੀਂ ਹੈ, ਸਗੋਂ ਉਸ ਵਿਚ ਇਹ ਦੱਸਿਆ ਹੈ ਕਿ ਸ੍ਰਿਸ਼ਟੀ ਕਿਵੇਂ ਬਣੀ। ਪਰਮੇਸ਼ਰ ਨੇ ਆਰੰਭ ਵਿਚ ਜਪ ਕੀਤਾ ਤਾਂ ਉਸ ਨੂੰ ਸੁਝਿਆ ਨਹੀਂ ਕਿ ਸ੍ਰਿਸ਼ਟੀ ਕਿਵੇਂ ਬਣੇ। ਫਿਰ ਉਸ ਨੇ ਤਪ ਕੀਤਾ, ਚਿੰਤਨ ਕੀਤਾ। ਸਿਰਜਨ ਲਈ ਗਿਆਨਮਈ ਤਪ ਕੀਤਾ। ਉਸ ਨੇ ਚਿੰਤਨ ਕਰਕੇ ਰਿਤ (ऋत) ਅਤੇ ਸਤਿ (सत्य) ਇਹ ਦੋ ਤੱਤ ਕੱਢੇ। ਫਿਰ ਉਨ੍ਹਾਂ ਵਿਚੋਂ ਦਿਨ, ਰਾਤ, ਸੂਰਜ, ਚੰਨ, ਕਾਲ, ਆਦਿ ਉਤਪੰਨ ਹੋਏ। ਇਸ ਵਿਚ ਸ੍ਰਿਸ਼ਟੀ-ਰਚਨਾ ਦਾ, ਉਸ ਦੀ ਵਿਸ਼ਾਲਤਾ ਦਾ, ਉਸ ਦੇ ਮੂਲ ਵਿਚ ਜਾ ਕੇ ਖੋਜ ਕਰਨ ਦਾ ਤੱਤ ਸਮਝਾਇਆ ਹੈ। ਇਸ ਦੇ ਫਲਸਰੂਪ, ਚਿੱਤ ਵਿਚ ਹੰਕਾਰ ਰਹਿ ਨਹੀਂ ਸਕਦਾ। ਇਸ ਸਰੀਰ ਦੀ ਤੁੱਛਤਾ ਪ੍ਰਤਿ ਛਿਣ ਪ੍ਰਤੀਤ ਹੋਏਗੀ। ਅਜੇਹੇ ਮਨੁੱਖ ਤੋਂ ਪਾਪ ਨਹੀਂ ਹੋਣਗੇ। ਵੇਦ ਦੇ ਸੂਕ੍ਤ ਵਿਚ ਇਹ ਜੋ ਕੁਝ ਕਿਹਾ ਗਿਆ ਹੈ, ਉਹੋ ਗੁਰੂ ਨਾਨਕ ਨੇ ਥੋੜੇ ਵਿਚ ਕਿਹਾ ਹੈ ਕਿ ਜੋ ਸ੍ਰਿਸ਼ਟੀ ਰਚਨਾ ਨੂੰ ਸਮਝੇਗਾ, ਉਹ ਸਤਿ-ਰੂਪ ਹੋਏਗਾ। ਜੋ ਇਸ ਤੇ ਸੋਚੇਗਾ, ਉਸ ਦੇ ਧਿਆਨ ਵਿਚ ਆਏਗਾ ਕਿ ਉਪਰ-ਉਪਰ ਕਿੰਨਾ ਹੈ। ਪੁੱਛਿਆ ਗਿਆ ਹੈ ਕਿ ਧਰਮ-ਰੂਪ ਬੈਲ ਜੋ ਇਹ ਸਾਰਾ ਭਾਰ ਚੁਕੀ ਰਖਦਾ ਹੈ, ਉਸ ਦੇ ਥੱਲੇ ਕਿਹੜਾ ਜ਼ੋਰ ਹੈ? ਸਭ ਦਾ ਆਧਾਰ ਧਰਮ ਹੈ, ਪਰ ਆਖ਼ਿਰ ਧਰਮ ਦਾ ਵੀ ਕੋਈ ਆਧਾਰ ਹੋਣਾ ਚਾਹੀਦਾ ਹੈ। ਧਰਮ ਨੂੰ ਕਿਸ ਦਾ ਆਧਾਰ ਹੈ? ਇਹ ਸੋਚਦੇ ਸੋਚਦੇ ਅਸੀਂ ਪਰਮਾਤਮਾ ਕੋਲ ਪੁੱਜ ਜਾਂਦੇ ਹਾਂ। ਉਸ ਧਰਮ ਤੇ ਕਿੰਨਾ ਬੋਝ ਹੈ, ਇਹ ਵੇਖਦੇ ਵੇਖਦੇ ਅਸੀਂ ਪਿਛਾਂਹ ਵਲ ਚਲੇ ਜਾਈਦੇ। ਇਸ ਧਰਤੀ ਨੂੰ ਉਸ ਦਾ ਆਧਾਰ, ਉਸ ਨੂੰ ਉਸ ਦਾ ਆਧਾਰ, ਇੰਜ ਕਰਦੇ ਕਰਦੇ ਅਸੀਂ ਪਿੱਛੇ ਚਲੇ ਜਾਂਦੇ ਹਾਂ ਤਾਂ ਪਰਮੇਸ਼ਰ ਕੋਲ ਪੁੱਜ ਜਾਂਦੇ ਹਾਂ।

**'ਸਭਨਾ ਲਿਖਿਆ ਵੁੜੀ ਕਲਾਮ'**—ਦੁਨੀਆ ਵਿਚ ਅਨੇਕਾਂ ਜੀਵ ਤੇ ਜਾਤੀਆਂ ਅਤੇ ਰੰਗ ਅਤੇ ਨਾਮ ਹਨ। ਸਾਰੇ ਭਗਵਾਨ ਦੇ ਲੇਖੇ ਵਿਚ ਲਿਖੇ ਹੋਏ ਹਨ। ਇਹ ਇਕ ਚਲੰਤ ਲੇਖਨ ਵਿਚ ਜਾਂ ਚਲਦੀ ਕਲਮ ਨਾਲ ਸਦਾ ਲਿਖੇ ਹੀ ਜਾ ਰਹੇ ਹਨ। ਉਸ ਦਾ ਹਿਸਾਬ ਦੂਜਾ ਕੌਣ ਲਿਖ ਸਕੇਗਾ? ਕੋਈ ਲਿਖਣ ਬੈਠੇਗਾ ਤਾਂ ਉਹ ਕਿੰਨਾ ਵੱਡਾ ਹੋਏਗਾ? ਭਗਵਾਨ ਦਾ ਬਲ ਕਿੰਨਾ ਅਪਾਰ ਹੈ? ਉਸ ਦਾ ਰੂਪ ਕਿੰਨਾ ਸੁੰਦਰ ਹੈ? ਉਸ ਦੀ

ਦਾਤ ਕਿੰਨੀ ਹੈ ? ਉਸ ਦੀ ਸ਼ਕਤੀ ਦਾ, ਉਦਾਰਤਾ ਅਤੇ ਸੁੰਦਰਤਾ ਦਾ ਠੀਕ ਹਿਸਾਬ ਕਿਵੇਂ ਦੱਸਿਆ ਜਾਏ ।

**'ਕੀਤਾ ਪਸਾਉ . . .'**--ਉਸ ਦਾ 'ਪਸਾਉ' ਅਰਥਾਤ ਪਸਾਰਾ ਕਿੰਨਾ ਵਿਆਪਕ ਤੇ ਵਿਸ਼ਾਲ ਹੈ; ਉਸ ਦਾ ਵਿਸਤਾਰ ਕਿੰਨਾ ਹੈ ? ਸੰਖੇਪ ਵਿਚ ਉੱਤਰ ਦਿੱਤਾ ਹੈ—'ਇਕ ਸ਼ਬਦ' (ਕਵਾਉ) । ਬਾਈਬਲ ਵਿਚ ਆਇਆ ਹੈ ਕਿ ਆਰੰਭ ਵਿਰ ਸ਼ਬਦ ਸੀ । ਸ੍ਰਿਸ਼ਟੀ 'ਸ਼ਬਦ-ਪ੍ਰਸਵਾ' ਹੈ ਅਰਥਾਤ ਸ਼ਬਦ ਤੋਂ ਜੰਮੀ ਹੈ । ਇਥੇ ਵੀ ਉਹੋ ਕਿਹਾ ਹੈ ਕਿ ਆਰੰਭ ਵਿਚ ਪਰਮੇਸ਼ਰ ਦਾ ਇਕੋ ਸ਼ਬਦ ਸੀ । ਉਸ ਇਕ ਸੋਮੇ ਤੋਂ ਲੱਖਾਂ ਨਦੀਆਂ ਫੁੱਟ ਨਿਕਲੀਆਂ ਹਨ, ਅਰਥਾਤ ਇਕੋ ਸ਼ਬਦ ਵਿਚੋਂ ਲੱਖਾਂ ਵਿਚਾਰ-ਪ੍ਰਵਾਹ ਫੁੱਟ ਨਿਕਲੇ ਹਨ ।

**'ਕੁਦਰਤਿ ਕਵਣ. ..'**-ਇਸ ਦਾ ਅਰਥ ਦੋ ਤਰ੍ਹਾਂ ਨਾਲ ਹੋ ਸਕਦਾ ਹੈ । 1. ਮੇਰੀ ਕਿਹੜੀ ਕੁਦਰਤ ਜਾਂ ਕੁੱਵਤ ਹੈ ਕਿ ਮੈਂ (ਭਗਵਾਨ ਬਾਰੇ) ਵਿਚਾਰ ਕਰ ਸਕਾਂ; 2. ਮੈਂ ਕੌਣ ਹੁੰਦਾ ਹਾਂ ਕਿ ਭਗਵਾਨ ਦੀ ਕੁਦਰਤ ਦਾ ਵਿਚਾਰ ਕਰ ਸਕਾਂ ? ਮੈਂ ਤਾਂ ਇੰਨਾ ਹੀ ਆਖ ਸਕਦਾ ਹਾਂ ਕਿ ਮੈਂ ਤਾਂ ਉਸ ਉਤੇ ਇਕ ਵੇਰ ਵੀ ਨਿਛਾਵਰ ਹੋਣ ਦੇ ਲਾਇਕ ਨਹੀਂ ਹਾਂ ।

**'ਜੋ ਤੁਧੁ ਭਾਵੈ . . .'**—ਹੇ ਪਰਮਾਤਮਾ ਤੈਨੂੰ ਜੋ ਚੰਗਾ ਲੱਗੇ, ਅਸੀਂ ਉਹੋ ਭਲਾ ਕੰਮ ਆਖਾਂਗੇ । ਨੀਤੀ-ਸ਼ਾਸਤ੍ਰ (ethics) ਵਿਚ ਚਰਚਾ ਆਉਂਦੀ ਹੈ ਕਿ ਉੱਤਮ ਕੰਮ ਕਿਹੜਾ ਮੰਨਿਆ ਜਾਏ । ਇਥੇ ਕਿਹਾ ਹੈ ਕਿ ਹੇ ਭਗਵਾਨ ! ਜੋ ਤੈਨੂੰ ਪਸੰਦ ਹੈ, ਉਹ ਉੱਤਮ ਕੰਮ ਹੈ । ਪਰਮੇਸ਼ਰ ਨੂੰ ਕੀ ਪਸੰਦ ਹੈ, ਉਸ ਦਾ ਅੰਦਾਜ਼ਾ ਸ਼ੁੱਧ ਪੁਰਖ ਨੂੰ ਹੁੰਦਾ ਹੈ । ਮਨ ਦੀ ਸ਼ੁੱਧੀ ਮਗਰੋਂ ਅੰਤਰ ਆਤਮਾ ਵਿਚ ਉਸ ਦਾ ਅੰਦਾਜ਼ਾ ਜਾਂ ਅਨੁਮਾਨ ਲੱਗ ਸਕਦਾ ਹੈ ।

ਤੂੰ ਨਿਰੰਕਾਰ ਅਰਥਾਤ ਨਿਰਾਕਾਰ ਹੈਂ । ਸਦਾ ਲਈ ਤੂੰ ਸਲਾਮਤ ਹੈਂ । ਸ੍ਰਿਸ਼ਟੀ ਦੀ ਹਰ ਚੀਜ਼ ਨਾਸ਼ਮਾਨ ਹੈ, ਪਰ ਤੂੰ ਸਲਾਮਤ ਹੈਂ । ਆਕਾਰ ਟੁਟੇਗਾ, ਪਰ ਆਕਾਰ ਦੇ ਪਿਛੇ ਜੋ ਨਿਰਾਕਾਰ ਹੈ, ਉਹ ਕਾਇਮ ਰਹੇਗਾ । ਉਸ ਨੂੰ ਕਿਸੇ ਪ੍ਰਕਾਰ ਦਾ ਕੋਈ ਧੋਖਾ, ਖ਼ਤਰਾ ਨਹੀਂ ਹੈ ।

## ੧੭

**"ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥**
**ਅਸੰਖ ਗਰੰਥ ਮੁਖਿ ਵੇਦ ਪਾਠਿ ॥ ਅਸੰਖ ਜੋਗ ਮਨਿ ਰਹਹਿ ਉਦਾਸ ॥**
**ਅਸੰਖ ਭਗਤ ਗੁਣ ਗਿਆਨ ਵੀਚਾਰ । ਅਸੰਖ ਸਤੀ ਅਸੰਖ ਦਾਤਾਰ ॥**
**ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥**
**ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ" ॥੧੭॥**

**ਇਸ** ਪਉੜੀ ਵਿਚ ਭਗਵਾਨ ਦੀ ਲੀਲ੍ਹਾ ਦਾ ਵਿਸਤਾਰ ਦੱਸਿਆ ਗਿਆ ਹੈ;ਫਿਰ ਸਾਧਕਾਂ ਦੀ ਸਾਧਨਾ ਦਾ ਵਿਚਾਰ ਵੀ ਦੱਸਿਆ ਹੈ । ਸਾਧਨਾ ਵਿਚ ਅਸੰਖ ਪ੍ਰਕਾਰ ਦੇ ਜਪ ਚਲਦੇ

ਹਨ, ਅਸੰਖ ਭਾਵ ਭਾਵਨਾਵਾਂ ਚਲਦੀਆਂ ਹਨ । ਅਨੇਕ ਪ੍ਰਕਾਰ ਦੀ ਪੂਜਾ ਚਲਦੀ ਹੈ । ਅਨੇਕ ਸੰਕੇਤ ਨਿਕਲਦੇ ਹਨ । ਭਾਂਤ ਭਾਂਤ ਦੇ ਸੇਵਾ-ਕਾਰਜ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਮਨੁੱਖ ਨੂੰ ਅਨੇਕ ਪ੍ਰਕਾਰ ਦੀਆਂ ਕਠਿਨ ਤਪਸਿਆਵਾਂ ਕਰਨੀਆਂ ਪੈਂਦੀਆਂ ਹਨ ।

ਵੇਦ ਪਾਠ ਇਕ ਵੱਡਾ ਸਾਧਨ ਹੈ ਜਿਸ ਦੇ ਰਟਣ ਵਿਚ ਲੋਕ ਆਪਣਾ ਜੀਵਨ ਲਾ ਦੇਂਦੇ ਹਨ । ਦੂਜੇ ਵੀ ਅਸੰਖ ਗ੍ਰੰਥ ਹਨ ਜਿਨ੍ਹਾਂ ਦਾ ਪਾਠ ਕੀਤਾ ਜਾਂਦਾ ਹੈ। ਅਸੰਖ ਜੋਗੀ ਹੁੰਦੇ ਹਨ ਜੋ ਮਨ ਵਿਚ ਵੈਰਾਗ ਰੱਖ ਕੇ ਦੁਨੀਆ ਵਿਚ ਕੰਮ ਕਰਦੇ ਹਨ। ਅਨੇਕ ਭਗਤ ਭਗਵਾਨ ਦੇ ਗੁਣਾਂ ਦਾ ਅਤੇ ਗਿਆਨ ਦਾ ਚਿੰਤਨ ਕਰਦੇ ਹਨ । ਸਗੁਣ ਦਾ ਗੁਣਾਨੁਵਾਦ ਅਤੇ ਨਿਰਗੁਣ ਦਾ ਬ੍ਰਹਮ-ਨਿਰੂਪਣ ਕਰਦੇ ਹਨ । 'ਸਤੀ' ਅਰਥਾਤ ਸੱਚ ਵਿਚ ਨਿਸ਼ਚਾ ਰੱਖਣ ਵਾਲੇ ਅਸੰਖ ਹੁੰਦੇ ਹਨ । ਇਸੇ ਤਰ੍ਹਾਂ ਦਾਨ ਦੇਣ ਵਾਲੇ ਦਾਤੇ ਵੀ ਕਈ ਪ੍ਰਕਾਰ ਦੇ ਹੁੰਦੇ ਹਨ ।

ਅਸੰਖ ਸੂਰਬੀਰ ਹੁੰਦੇ ਹਨ ਜੋ ਮੂੰਹ ਉਪਰ ਤਲਵਾਰ (ਸਾਰ) ਦਾ ਘਾਉ ਸਹਿੰਦੇ ਹਨ, ਭਾਵ ਸਮਾਜ ਦੀ ਰੱਖਿਆ ਲਈ ਆਪਣਾ ਬਲੀਦਾਨ ਦੇਂਦੇ ਹਨ । ਅਜੇਹੇ ਅਸੰਖ ਮੋਨੀ ਹੁੰਦੇ ਹਨ ਜੋ ਨਿਪਟ ਧਿਆਨ ਵਿਚ ਲਿਵ ਲੀਨ ਹੋ ਕੇ, ਇੰਦ੍ਰੀਆਂ, ਮਨ ਤੇ ਬੁੱਧੀ ਨੂੰ ਆਤਮਾ ਵਿਚ ਲੀਨ ਕਰਦੇ ਹਨ । ਇਸ ਤਰ੍ਹਾਂ ਸਾਧਨਾ ਅਤੇ ਸਾਧਕਾਂ ਦੀਆਂ ਅਨੇਕ ਕਿਸਮਾਂ ਹਨ ।

## ੧੮

**"ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥**
**ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥**
**ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥**
**ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥**
**ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ" ॥੧੮॥**

ਸਮਾਜ ਦੇ ਅੰਦਰ ਅਨੇਕ ਪ੍ਰਕਾਰ ਦੇ ਜੋ ਦੁਰਾਚਾਰ ਚਲਦੇ ਹਨ, ਉਨ੍ਹਾਂ ਦਾ ਜ਼ਿਕਰ ਇਥੇ ਆਇਆ ਹੈ । ਇਸ ਪਉੜੀ ਵਿਚ ਨੀਤੀ ਦਾ ਜ਼ਿਕਰ ਹੈ ।

ਇਕ ਪਾਸੇ ਸਮਾਜ ਵਿਚ ਅਸੰਖ ਮੂਰਖ ਘੋਰ ਅਗਿਆਨ ਵਿਚ, ਘਣੇ ਅਨ੍ਹੇਰੇ ਵਿਚ ਅਥਵਾ ਤਮੋਗੁਣ ਵਿਚ ਪਏ ਹਨ; ਦੂਜੇ ਪਾਸੇ ਅਨੇਕ ਹਰਾਮ ਦਾ ਖਾਣ ਵਾਲੇ, ਧਾੜਵੀ, ਚੋਰ, ਰਜੋਗੁਣੀ, ਸ਼ੋਸ਼ਕ ਵਰਗ ਵਾਲੇ ਲੋਕ ਪਏ ਹਨ । 'ਅਮਰ' ਸ਼ਬਦ ਅਰਬੀ ਦਾ ਹੈ ਜਿਸ ਦੇ ਅਰਥ ਹਨ ਰਾਜ-ਸੱਤਾ ਚਲਾਉਣਾ । ਉਨ੍ਹਾਂ ਦੋ ਵਰਗਾਂ ਦੇ ਫਲ ਵਜੋਂ ਸਮਾਜ ਵਿਚ ਇਕ ਤੀਜਾ ਸੱਤਾਧਾਰੀ ਵਰਗ ਖੜਾ ਹੁੰਦਾ ਹੈ ਜੋ ਜ਼ੋਰੀ ਜਬਰੀ ਸ਼ਾਸਨ ਕਰਦਾ ਹੈ, ਉਨ੍ਹਾਂ ਦੇ

ਨਾਂ ਉਤੇ ਸੱਤਾ ਚਲਾਉਂਦਾ ਹੈ। ਇਨ੍ਹਾਂ ਤੋਂ ਛੁੱਟ ਅਣਗਿਣਤ ਲੋਕ ਗਲਾ ਵੱਢਣ ਵਾਲੇ ਹਨ ਜੋ ਖ਼ੂਨ ਕਰਕੇ ਕਮਾਈ ਕਰਦੇ ਹਨ।

ਫਿਰ ਅਸੰਖ ਪਾਪੀ ਹਨ ਜੋ ਪਾਪ ਕਰਦੇ ਹਨ। ਇਥੇ ਪਾਪ ਦਾ ਅਰਥ ਵਿਭਚਾਰ ਆਦਿ ਪਾਪ ਵੀ ਲਿਆ ਜਾ ਸਕਦਾ ਹੈ। ਇਥੇ ਉਸ ਦਾ ਸਾਫ਼ ਉਚਾਰਣ ਨਹੀਂ ਕੀਤਾ, ਇਸ ਲਈ ਇਸ ਦਾ ਅਰਥ ਸਾਧਾਰਣ ਪਾਪ ਵੀ ਹੋ ਸਕਦਾ ਹੈ।

ਸਮਾਜ ਵਿਚ ਅਸੰਖ ਝੂਠੇ ਲੋਕ (ਕੂੜਿਆਰ) ਹਨ ਜੋ ਝੂਠੇ ਕੰਮ ਕਰਦੇ ਫਿਰਦੇ ਹਨ। **'ਮਲੇਛ'** ਸੰਸਕ੍ਰਿਤ ਸ਼ਬਦ ਹੈ ਜਿਸ ਦਾ ਅਰਥ ਇਥੇ ਕੀਤਾ ਹੈ 'ਮਲ ਦੀ ਇੱਛਾ ਕਰਨ ਵਾਲਾ'। ਮੂਲ ਮਲੇਛ ਸ਼ਬਦ ਤੋਂ ਇਹ ਅਰਥ ਨਹੀਂ ਨਿਕਲਦਾ। (ਮਲੇਛ ਸ਼ਬਦ ਦਾ ਮੂਲ ਅਰਥ ਹੈ 'ਅਨਾਰ੍ਯ', ਜੋ ਸ਼ਬਦ ਦਾ ਠੀਕ ਉਚਾਰਣ ਨਹੀਂ ਕਰਦੇ। ਪਾਣਿਨੀ ਨੇ ਕਿਹਾ ਹੈ, ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਹ ਗ਼ਲਤ ਉਚਾਰਣ ਨਾ ਕਰੇ। 'ਗ਼ਲਤ ਉਚਾਰਣ ਕਰਨ ਵਾਲਾ ਮਲੇਛ',ਇਸ ਪ੍ਰਕਾਰ ਵਿਆਕਰਣ ਮਹਾਭਾਸ਼ਯ ਵਿਚ ਆਇਆ ਹੈ)। ਇਥੇ ਮਲੇਛ ਸ਼ਬਦ ਦੇ ਦੋ ਤਿੰਨ ਅਰਥ ਹੋ ਸਕਦੇ ਹਨ : 1. ਪਾਪ ਦੀ ਕਮਾਈ ਕਰਦੇ ਹਨ, ਭਾਵ ਪਾਪ ਦੀ ਕਮਾਈ ਖਾਂਦੇ ਹਨ; 2. ਮਲੀਨ ਇੱਛਾ ਰਖਦੇ ਹਨ; 3. ਮਾਸ ਆਦਿ ਨਿਖਿਧ ਆਹਾਰ ਕਰਦੇ ਹਨ।

ਅੰਤ ਵਿਚ ਦਸਿਆ ਹੈ ਕਿ ਸਮਾਜ ਵਿਚ ਅਸੰਖ ਨਿੰਦਕ ਪਏ ਹਨ, ਜੋ ਚੋਰ, ਅੰਧਘੋਰ (ਘੋਰ ਅਗਿਆਨੀ) ਆਦਿ ਸਭਨਾਂ ਤੋਂ ਉਪਰ ਸਿਰਜ਼ੋਰ ਹਨ, ਸਭ ਤੋਂ ਵੱਧ ਹਨ।

ਨਿੰਦਾ ਕਰਨ ਵਾਲੇ ਸਭ ਦੇ ਪਾਪਾਂ ਦਾ ਬੋਝ ਚੁਕ ਲੈਂਦੇ ਹਨ। ਨਿੰਦਕ ਜਿਸ ਦੀ ਵੀ ਨਿੰਦਾ ਕਰਦਾ ਹੈ, ਮਾਨੋ ਉਸ ਦੇ ਪਾਪਾਂ ਦਾ ਬੋਝ ਚੁਕ ਲੈਂਦਾ ਹੈ। ਜਿਵੇਂ ਪਿੰਡ ਦੇ ਢੇਰ ਵਿਚ ਸਾਰਾ ਕੂੜਾ ਕਚਰਾ ਇਕੱਠਾ ਹੋ ਜਾਂਦਾ ਹੈ,ਤਿਵੇਂ ਹੀ ਨਿੰਦਾ ਕਰਨ ਵਾਲੇ ਦੇ ਚਿੱਤ ਵਿਚ ਸਭ ਦਾ ਪਾਪ ਭਰਿਆ ਰਹਿੰਦਾ ਹੈ। ਇਨ੍ਹਾਂ ਸਭ ਪਾਪਾਂ ਦਾ ਵਿਚਾਰ ਕਰਨਾ ਪਿਆ ਤੇ ਵਰਣਨ ਨਾਲ ਬਾਣੀ ਨੂੰ ਕਸ਼ਟ ਦੇਣਾ ਪਿਆ,ਇਸ ਲਈ ਗੁਰੂ ਨਾਨਕ ਨੇ ਆਪਣੇ ਆਪ ਨੂੰ'ਨੀਚ'ਕਿਹਾ ਹੈ।

ਪਾਪਾਂ ਦੀ ਇਹ ਵੰਡ ਸੋਚਣ ਲਾਇਕ ਹੈ। ਇਥੇ ਅਗਿਆਨ ਦੀ ਗਿਣਤੀ ਪਾਪ ਵਿਚ ਕੀਤੀ ਹੈ। ਨੀਤੀਸ਼ਾਸਤ੍ਰ ਦਾ ਇਹ ਇਕ ਸੂਖਮ ਵਿਸ਼ਾ ਹੈ। ਗੀਤਾ ਵਿਚ ਅਗਿਆਨ ਦੀ ਗਿਣਤੀ ਆਸੁਰੀ ਸੰਪੱਤੀ ਵਿਚ ਕੀਤੀ ਗਈ ਹੈ ਕਿਉਂਜੋ ਬਹੁਤ ਸਾਰੇ ਕੰਮ ਅਗਿਆਨ-ਮੂਲਕ ਹੁੰਦੇ ਹਨ। ਇਸ ਲਈ ਅਗਿਆਨ ਨੂੰ ਨਿਰਦੋਸ਼ (innocent) ਨਹੀਂ ਕਿਹਾ ਜਾਏਗਾ। ਇਥੇ ਅਗਿਆਨ, ਚੋਰੀ, ਰਾਜ-ਸੱਤਾ ਚਲਾਉਣਾ, ਹਿੰਸਾ, ਬ੍ਰਹਮਚਰਜ,ਅਸਤਿ ਪਾਪ ਦੱਸੇ ਹਨ। ਆਹਾਰ ਆਦਿ ਵਿਚ ਅਸ਼ੁੱਧੀ ਵੀ ਪਾਪ ਹੈ ਅਤੇ ਉਨ੍ਹਾਂ ਦੀ ਨਿੰਦਾ ਕਰਨ ਵਾਲਾ ਸਭ ਤੋਂ ਵਧੀਕ ਪਾਪਾਂ ਦਾ ਭਾਗੀ ਹੈ। ਇਸ ਤਰ੍ਹਾਂ ਬਹੁਤ ਹੀ ਸੁੰਦਰ ਵਿਵੇਚਨ ਕੀਤਾ ਹੈ।

ਸਾਡੇ ਸ਼ਾਸਤ੍ਰਾਂ ਨੇ ਜਿਸ ਨੂੰ 'ਪੰਚਯਮ' ਆਖਿਆ ਹੈ ਅਰਥਾਤ ਜਿਹੜੇ ਪੰਜ ਗੁਣ ਜਾਂ ਪੁੰਨ ਦੱਸੇ ਹਨ—ਅਹਿੰਸਾ, ਸਤਿ, ਅਸਤੇਯ, ਬ੍ਰਹਮਚਰਜ, ਅਪਰਿਗ੍ਰਹ ਹਨ—ਇਨ੍ਹਾਂ ਪੰਜਾਂ ਦੇ ਵਿਰੋਧ ਵਿਚ ਪੰਜ ਪਾਪ ਹੁੰਦੇ ਹਨ। ਅਹਿੰਸਾ ਦੇ ਵਿਰੋਧ ਵਿਚ ਹਿੰਸਾ, ਸਤਿ ਦੇ ਵਿਰੋਧ ਵਿਚ ਅਸਤਿ (ਕੂੜ),ਅਸਤੇਯ ਦੇ ਵਿਰੋਧ ਵਿਚ ਚੋਰੀ,ਬ੍ਰਹਮਚਰਜ ਦੇ ਵਿਰੋਧ ਵਿਚ ਵਿਭਚਾਰ, ਅਤੇ

ਅਪਰਿਗ੍ਰਹ ਦੇ ਵਿਰੋਧ ਵਿਚ ਪਰਿਗ੍ਰਹ।

ਬੋਧਾਂ ਨੇ ਜਿਸ ਨੂੰ 'ਪੰਚਸ਼ੀਲ' ਕਿਹਾ ਹੈ ਅਤੇ। ਵੈਦਿਕਾਂ ਨੇ 'ਪੰਚਯਮ', ਉਸ ਦੇ ਵਿਰੋਧ ਵਿਚ ਹੋਣ ਵਾਲੇ ਪਾਪਾਂ ਦਾ ਇਥੇ ਜ਼ਿਕਰ ਹੈ। ਅਤੇ ਆਹਾਰ-ਸ਼ੁੱਧੀਦੀ ਵੀ ਗੱਲ ਕਹੀ ਹੈ ਜੋ ਹਿੰਦੁਸਤਾਨ ਦੀ ਸਾਧਨਾ ਵਿਚ ਬਹੁਤ ਵੱਡੀ ਗੱਲ ਮੰਨੀ ਗਈ ਹੈ। ਉਪਨਿਸ਼ਦਾਂ, ਗੀਤਾ ਅਤੇ ਕੁਲ ਸਾਧਨਾ ਮਾਰਗਾਂ ਵਿਚ ਆਹਾਰ-ਸ਼ੁੱਧੀ ਉਤੇ ਜ਼ੋਰ ਦਿੱਤਾ ਹੈ। ਕੇਵਲ ਆਹਾਰ-ਸ਼ੁੱਧੀ ਤੇ ਜ਼ੋਰ ਦੇਣਾ ਅਤੇ ਦੂਜੇ ਪਾਪਾਂ ਨੂੰ ਚਲਾਉਂਦੇ ਰਹਿਣਾ ਗ਼ਲਤ ਹੈ। ਆਹਾਰ ਦਾ ਅਸਰ ਜੀਵਨ ਉਤੇ ਹੁੰਦਾ ਹੈ, ਇਸ ਲਈ ਸਮਾਜ-ਸ਼ਾਸਤ੍ਰੀਆਂ ਨੇ ਵੀ ਉਸ ਉਤੇ ਵਿਚਾਰ ਕੀਤਾ ਹੈ। ਪਰ ਯੋਗ ਸ਼ਾਸਤ੍ਰ, ਭਗਤੀ ਮਾਰਗ ਅਤੇ ਜੈਨ ਧਰਮ ਵਿਚ ਆਹਾਰ-ਸ਼ੁੱਧੀ ਤੇ ਜਿੰਨਾ ਜ਼ੋਰ ਦਿੱਤਾ ਜਾਂਦਾ ਹੈ, ਉੱਨਾ ਹੋਰ ਕਿਤੇ ਨਹੀਂ ਦਿੱਤਾ ਜਾਂਦਾ।

ਇਸ ਤਰ੍ਹਾਂ ਇਥੇ ਯਮ-ਨਿਯਮ ਆਦਿ ਦੇ ਉਲਟ ਪੰਜ ਪਾਪ, ਉਨ੍ਹਾਂ ਸਭ ਦੇ ਮੂਲ ਵਿਚ ਅਗਿਆਨ, ਆਹਾਰ-ਅਸ਼ੁੱਧੀ', ਅਤੇ ਇਨ੍ਹਾਂ ਯਮ ਆਦਿ ਦੀ ਨਿੰਦਾ ਕਰਨ ਵਾਲੇ ਸ਼ਿਰੋਮਣੀ ਪਾਪ, ਜੋ ਬਹੁਤ ਭਿਆਨਕ ਪਾਪ ਹਨ, ਇਨ੍ਹਾਂ ਸਭ ਦਾ ਵਰਣਨ ਕਰਕੇ ਗੁਰੂ ਨਾਨਕ ਨੇ ਆਪਣਾ ਨਾਮ ਵੀ ਉਸ ਵਰਗ ਵਿਚ ਦਰਜ ਕੀਤਾ ਹੈ। ਮਹਾਪੁਰਖ ਇਸ ਖ਼ਿਆਲ ਨਾਲ ਨਹੀਂ ਸੋਚਦੇ ਕਿ ਦੁਨੀਆ ਵਿਚ ਦੂਸਰੇ ਪਾਪੀ ਹਨ, ਬਲਕਿ ਉਹ ਪਾਪਾਂ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ ਜਿਵੇਂ ਕਿ ਉਹ ਵੀ ਪਾਪੀ ਹੋਣ। ਨਹੀਂ ਤਾਂ ਸੱਚ ਵਿਚ ਨਿਸ਼ਚਾ ਰਖਣ ਵਾਲੇ ਪੁਰਖ ਨੂੰ ਪਾਪਾਂ ਦੇ ਵਰਣਨ ਵਿਚ ਸੁਆਦ ਨਹੀਂ ਆਉਂਦਾ। ਤੁਲਸੀ ਦਾਸ ਨੇ ਵੀ ਪਾਪੀਆਂ ਦਾ ਵਰਣਨ ਕਰਦਿਆਂ ਇਸੇ ਤਰ੍ਹਾਂ ਕਿਹਾ ਹੈ— **'ਜੇ ਜਨਮੇ ਕਲਿਕਾਲ ਕਰਾਲਾ। ਕਰਤਬ ਬਾਯਸ ਬੇਸ਼ ਮਰਾਲਾ'**—ਕਲਜੁਗ ਵਿਚ ਜੋ ਜੰਮੇ ਹਨ, ਉਹ ਪਾਪੀ ਕਾਂ ਦਾ ਕੰਮ ਕਰਦੇ ਹਨ, ਪਰ ਵੇਸ਼ ਹੰਸ ਦਾ ਧਾਰਦੇ ਹਨ। **'ਤਿਨ੍ਹ ਮਹਂ ਪ੍ਰਥਮ ਰੇਖ ਜਗ ਮੋਰੀ'**—ਇਨ੍ਹਾਂ ਪਾਪੀਆਂ ਵਿਚ ਪ੍ਰਥਮ ਨਾਮ ਮੇਰਾ ਹੈ। **'ਧੀਂਗ ਧਰਮਧ੍ਵਜ ਧੰਧਕ ਧੋਰੀ'**—ਧਰਮ ਦਾ ਝੰਡਾ ਖੜਾ ਕਰਨ ਵਾਲੇ ਅਜੇਹੇ ਦੰਭੀ ਨੂੰ ਧਿੱਕਾਰ ਹੈ।

(ਗੁਰੂ) ਨਾਨਕ ਨੇ ਠੀਕ ਇਸੇ ਪ੍ਰਕਾਰ ਕਿਹਾ—**'ਨਾਨਕੁ ਨੀਚੁ ਕਹੈ ਵੀਚਾਰੁ'**। ਨੀਚ ਨਾਨਕ ਇਹ ਵਰਣਨ ਕਰ ਰਿਹਾ ਹੈ, ਅਰਥਾਤ (ਗੁਰੂ) ਨਾਨਕ ਉਨ੍ਹਾਂ ਪਾਪੀਆਂ ਦਾ ਵਰਣਨ ਕਰਨ ਪਿਛੋਂ ਆਪਣੀ ਵੀ ਗਿਣਤੀ ਉਨ੍ਹਾਂ ਪਾਪੀਆਂ ਵਿਚ ਕਰਕੇ, ਉਸ ਵਰਣਨ ਤੋਂ ਮੁਕਤੀ ਪਾ ਰਹੇ ਹਨ।

ਇਨ੍ਹਾਂ ਤਿੰਨਾਂ ਪਉੜੀਆਂ ਵਿਚ ਅਤੇ ਬਾਅਦ ਦੀਆਂ ਪਉੜੀਆਂ ਵਿਚ ਜੋ ਵਰਣਨ ਆਇਆ ਹੈ, ਉਹ ਕੁਲ ਮਿਲਾ ਕੇ ਪਰਮੇਸ਼ਰ ਦੀ ਵਿਆਪਕਤਾ ਦਾ ਸੂਚਕ ਹੈ। ਪਰਮੇਸ਼ਰ ਦੀ ਕੁਦਰਤ ਵਿਚ ਵਿਆਪਤੀ, ਸਾਧਨਾ ਖੇਤਰ ਵਿਚ ਵਿਆਪਤੀ ਅਤੇ ਸਮਾਜ ਦੇ ਦੁਰ-ਵਿਹਾਰ ਵਿਚ ਵਿਆਪਤੀ ਦਾ ਵਰਣਨ ਹੈ। ਉਸੇ ਦੀ ਪ੍ਰੇਰਣਾ ਨਾਲ ਦੁਨੀਆ ਵਿਚ ਸਭ ਕੁਝ ਹੋ ਰਿਹਾ ਹੈ। ਨੀਤੀ ਦੱਸਣ ਲਈ ਇਥੇ ਪਾਪ ਕਹੇ ਹਨ। ਸ੍ਰਿਸ਼ਟੀ, ਸਾਧਨਾ ਅਤੇ ਸਮਾਜ ਦੇ ਵਰਣਨ ਨਾਲ ਇਹ ਭਾਵ ਨਿਕਲਦਾ ਹੈ ਕਿ ਪਰਮੇਸ਼ਰ ਦੀਆਂ ਅਨੰਤ ਵਿਭੂਤੀਆਂ ਹਨ। ਪਰਮੇਸ਼ਰ ਦੀ ਧਰਮ-ਮਈ ਰਚਨਾ ਬਹੁਤ ਵਿਆਪਕ ਹੈ ਅਤੇ ਅਸੀਂ

ਉਸ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦੇ ।

## ੧੯

"ਅਸੰਖ ਨਾਵ ਅਸੰਖ ਥਾਵ ॥
ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥
ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥
ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥
ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ" ॥ ੧੯ ॥

'ਵਿਸ਼ਣੁ ਸਹਸ੍ਰ ਨਾਮ' ਵਿਚ ਭਗਵਾਨ ਦੇ ਹਜ਼ਾਰ ਨਾਮ ਦੱਸੇ ਗਏ ਹਨ । ਪਰ ਉਸ ਦੇ ਨਾਂ ਤਾਂ ਅਨੰਤ ਹਨ, ਉਨ੍ਹਾਂ ਦੀ ਗਿਣਤੀ ਨਹੀਂ ਦੱਸੀ ਜਾ ਸਕਦੀ । ਉਸ ਦੀਆਂ ਥਾਵਾਂ ਵੀ ਅਸੰਖ ਹਨ । ਕੋਈ ਆਖਦਾ ਹੈ ਕਿ ਉਹ ਬਦਰੀ ਕੇਦਾਰ ਵਿਚ ਹੈ, ਕੋਈ ਆਖਦਾ ਹੈ ਉਹ ਕਾਸ਼ੀ ਵਿਚ ਹੈ, ਪਰ ਦੁਨੀਆ ਵਿਚ ਜਿੰਨੇ ਸਥਾਨ ਹਨ ਸਭ ਉਸ ਦੇ ਆਪਣੇ ਹੀ ਤਾਂ ਹਨ ।

'ਲੋਅ' (ਲੋਕ) ਵੀ ਅਸੰਖ ਹਨ ਤੇ ਅਪਹੁੰਚ ਹਨ, ਜਿਵੇਂ ਵਰੁਣ ਲੋਕ, ਚੰਦ੍ਰਲੋਕ ਆਦਿ । ਪਰ ਅਸੰਖ ਕਹਿਣ ਨਾਲ ਵੀ ਸਿਰ ਤੇ ਇਕ ਭਾਰ ਪੈਂਦਾ ਹੈ । ਇਸ ਲਈ, ਅਸੰਖ (ਅਣਗਿਣਤ) ਆਖਣਾ ਵੀ ਠੀਕ ਨਹੀਂ ਕਿਉਂਜੋ ਇਹ ਸ਼ਬਦ ਗਿਣਤੀ ਨਾਲ ਸੰਬੰਧਿਤ ਹੈ । ਕਹਿਣ ਦਾ ਭਾਵ ਹੈ, ਸ੍ਰਿਸ਼ਟੀ ਵਿਚ ਅਨੰਤ ਪਦਾਰਥ ਪਏ ਹਨ, ਇਹ ਆਖਣਾ ਠੀਕ ਨਹੀਂ । ਇਕੋ ਪਦਾਰਥ ਹੈ ।

ਅਸੀਂ ਭਗਵਾਨ ਦਾ ਨਾਮ ਲੈਣ ਦੀ ਗੱਲ ਕਰਦੇ ਹਾਂ । ਉਹ ਅਖਰਾਂ ਵਿਚ ਹੈ ।

'ਓਂ' ਇਕ ਅਖਰ ਹੈ, 'ਹਰੀ', ਤੇ 'ਰਾਮ' ਦੋ-ਦੋ ਅਖਰ ਹਨ; 'ਗੋਬਿੰਦ' ਤਿੰਨ ਅਖਰ ਹਨ, 'ਨਾਰਾਯਣ' ਵਿਚ ਚਾਰ ਅਖਰ ਹਨ । ਅਸਲ ਵਿਚ ਭਗਵਾਨ ਦਾ ਨਾਉ ਅਖਰਾਂ ਵਿਚ ਨਹੀਂ ਆਏਗਾ ।

'ਸਾਲਾਹ' (ਸਲਾਹ) ਅਰਬੀ ਸ਼ਬਦ ਹੈ ਜਿਸ ਦਾ ਅਰਥ ਹੈ ਉਸਤਤੀ । ਉਹ ਵੀ ਅਖਰਾਂ ਵਿਚ ਹੀ ਹੁੰਦੀ ਹੈ । ਪਰਮੇਸ਼ਰ ਦੇ ਗੀਤ ਗਾਏ ਜਾਂਦੇ ਹਨ, ਉਨ੍ਹਾਂ ਦੀ ਗਿਆਨ-ਮਹਿਮਾ ਦਾ ਵਰਣਨ ਕੀਤਾ ਜਾਂਦਾ ਹੈ, ਗੁਣ-ਵਰਣਨ ਹੁੰਦਾ ਹੈ । ਉਹ ਸਭ ਅਖਰਾਤਮਕ ਹੈ । ਬਾਣੀ ਲਿਖੀ ਜਾਂਦੀ ਹੈ, ਬੋਲੀ ਜਾਂਦੀ ਹੈ, ਉਹ ਸਭ ਅਖਰਾਤਮਕ ਹੈ । 'ਸਿਰਿ ਸੰਜੋਗੁ'— ਹਰੇਕ ਦੇ ਮੱਥੇ ਉਤੇ ਜੋ ਦੈਵੀ ਲੇਖ ਲਿਖਿਆ ਹੈ, ਉਹ ਵੀਅਖ ਰਾਤਮਕ ਹੀ ਹੈ । ਕਹਿਣ ਦਾ ਭਾਵ ਹੈ, ਜਿਵੇਂ ਵੇਦਾਂਤ ਨੇ ਕਿਹਾ ਹੈ 'ਵਾਚਾਰੰਭਣਮ੍', ਉਜੇਹਾ ਅਸਲ ਵਿਚ ਸ਼ਬਦ ਤੋਂ ਪਰੇ

ਹੈ, ਪਰ ਸ਼ਬਦ ਵਰਤ ਕੇ ਅਸੀਂ ਉਸ ਦਾ ਵਰਣਨ ਕਰਦੇ ਹਾ ।

ਜਿਸ ਨੇ ਇਹ ਅਖਰ ਲਿਖਿਆ ਹੈ, ਉਸ ਦੇ ਸਿਰ ਉਤੇ ਕੁਝ ਵੀ ਲਿਖਿਆ ਹੋਇਆ ਨਹੀਂ, ਉਹ ਸੁਤੰਤ੍ਰ ਹੈ । ਜੋ ਕੁਝ ਲਿਖਿਆ ਗਿਆ ਹੈ, ਸ੍ਰਿਸ਼ਟੀ ਦੇ ਕਾਨੂਨ ਦੇ ਵਸ ਹੈ, ਪਰ ਪਰਮੇਸ਼ਰ ਉਸ ਤੋਂ ਪਰੇ ਹੈ । ਉਹ ਜਿਵੇਂ ਫ਼ੁਰਮਾਏਗਾ, ਤਿਵੇਂ ਹੀ ਪ੍ਰਾਪਤ ਹੋਵੇਗਾ ।

**ਸਾਰਾਂਸ਼** : ਭਗਵਾਨ ਨੇ ਜੋ ਤੇ ਜਿਤਨਾ ਕੀਤਾ ਹੈ, ਸਭ ਉਸ ਦਾ ਨਾਮ ਹੀ ਨਾਮ ਹੈ । ਭਗਵਾਨ ਦੇ ਨਾਮ ਬਿਨਾਂ ਕੋਈ ਥਾਂ ਖਾਲੀ ਨਹੀਂ ।

ਸਾਧਨਾ ਕਈ ਤਰ੍ਹਾਂ ਦੀ ਹੁੰਦੀ ਹੈ । ਸਾਰੀਆਂ ਸਾਧਨਾਵਾਂ ਵਿਚੋਂ ਉੱਤਮ ਸਾਧਨਾ, ਭਗਵਾਨ ਨਾਲ ਪਿਆਰ ਅੱਤੇ ਭਗਵਾਨ ਦਾ ਨਾਮ (ਸਿਮਰਨ) ਹੀ ਹੈ ।

ਇਥੇ ਭਾਵਨਮਈ ਧਿਆਨ (ਨਿਧਿਆਸਨ) ਦਾ ਭਾਗ ਸਮਾਪਤ ਹੁੰਦਾ ਹੈ ਅਤੇ ਨਾਲ ਹੀ 12 ਪਉੜੀਆਂ ਦਾ ਜਪੁਜੀ ਦਾ ਦੂਜਾ ਭਾਗ ਵੀ ।

ਅਧਿਆਇ 3

# ਭਗਵੰਤ ਮਹਿਮਾ

## ੯. ਕਿਵ ਕਰਿ ਆਖਾ

੨੦

"ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ" ॥੨੦॥

ਸਰੀਰ ਦੇ ਹੱਥ-ਪੈਰ ਆਦਿ ਅੰਗ (ਤਨੁ) ਮੈਲ ਨਾਲ ਭਰ ਜਾਣ, ਤਾਂ ਪਾਣੀ ਨਾਲ ਧੋਣ ਨਾਲ ਇਹ ਮੈਲ ਉਤਰ ਜਾਂਦੀ ਹੈ। 'ਖੇਹ' ਅਰਥਾਤ ਮਿੱਟੀ ਜਾਂ ਮੈਲ।

ਉਸ ਤੋਂ ਵੀ ਕਠਿਨ ਮੈਲ ਹੋਵੇ, ਜਿਵੇਂ ਮੂਤ ਦੇ ਕਾਰਣ ਕਪੜੇ ਗੰਦੇ ਹੋਏ ਹੋਣ, ਤਾਂ ਮਾਮੂਲੀ ਪਾਣੀ ਨਾਲ ਇਹ ਗੰਦਗੀ ਨਹੀਂ ਛੁਟਦੀ । ਉਸ ਨੂੰ ਤਾਂ ਸਾਬਣ ਲਾ ਕੇ ਧੋ ਲਈਦਾ ਹੈ ।

ਉਸ ਤੋਂ ਵੀ ਖ਼ਰਾਬ ਮੈਲ ਹੋਵੇ ਤਾਂ ਕੀ ਕਰਾਂਗੇ ? ਪਾਪ ਦੀ ਸੰਗਤ ਨਾਲ 'ਮਤਿ' (ਬੁੱਧੀ) ਮਲੀਨ ਹੋਈ ਹੋਵੇ, ਤਾਂ ਉਹ ਕਿਸ ਪਾਣੀ ਨਾਲ ਧੋਈ ਜਾਏਗੀ ? **'ਨਾਵੈ ਕੈ ਰੰਗਿ'** ਅਰਥਾਤ ਭਗਵਾਨ ਦੇ ਨਾਮ ਵਿਚ ਪ੍ਰੇਮ ਨਾਲ ਲੀਨ ਹੋ ਜਾਣਾ। ਇਹੋ ਬੁੱਧੀ ਦੀ ਮੈਲ ਧੋਣ ਦਾ ਇਕੋ ਇਕ ਸਾਬਣ ਹੈ। ਜੇਕਰ ਉਪਰੋਂ ਉਪਰੋਂ ਵੇਖਿਆ ਜਾਵੇ ਤਾਂ ਇਹ ਕਹਿਣਾ ਕਿ ਇਹ ਪੁੰਨ ਵਾਲਾ ਹੈ, ਇਹ ਪਾਪ ਵਾਲਾ ਹੈ—ਇਹ ਸਭ ਕਹਿਣ ਦੀ ਗੱਲ ਨਹੀਂ ਹੈ। ਕੋਈ ਕਿਸੇ ਨੂੰ ਪੁੰਨ ਵਾਲਾ ਜਾਂ ਪਾਪੀ ਨਹੀਂ ਦੱਸ ਸਕਦਾ। ਆਪਣੀ ਆਪਣੀ ਕਿਰਤ ਕਮਾਈ ਅਨੁਸਾਰ ਜੋ ਕੁਝ ਲਿਖਿਆ ਜਾਏਗਾ, ਉਹ ਲੈ ਕੇ ਜਾਣਾ ਪਵੇਗਾ।

ਜੇਹੋ ਜੇਹਾ ਬੀਜ ਬੀਜੋਗੇ ਤੇਹਾ ਪ੍ਰਾਪਤ ਕਰੋਗੇ। ਆਪੇ ਬੀਜੋ, ਆਪੇ ਖਾਓ। ਗੁਰੂ ਨਾਨਕ ਜੀ ਆਖਦੇ ਹਨ ਕਿ ਇਸ ਪ੍ਰਕਾਰ ਭਗਵਾਨ ਦੇ ਹੁਕਮ ਨਾਲ ਆਓ ਤੇ ਜਾਓ। ਕਰਮ ਕਰਦੇ ਚਲੇ ਜਾਓ, ਉਸ ਦਾ ਫਲ ਭੁਗਤੋ। ਮਰੋ ਤੇ ਜੰਮੋ; ਜੰਮੋ ਤੇ ਮਰੋ। ਪਾਪ ਪੁੰਨ ਕਰੀ ਜਾਓ। ਕਦੇ ਇਹ ਫਲ ਚੱਖਣ ਨੂੰ ਮਿਲੇਗਾ ਤੇ ਕਦੇ ਉਹ।

## ੨੧

"ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥
ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ"॥-

ਤੀਰਥ ਕਰੋ, ਇਸ਼ਨਾਨ ਕਰੋ, ਤਪ ਕਰੋ, ਦਇਆ ਰੱਖੋ, ਦਾਨ ਦਿਓ—ਇਹ ਸਾਧਨ ਕਰੋ । ਇਸ ਨਾਲ ਕੁਝ ਮਾਨ ਮਿਲੇਗਾ ਤਾਂ ਉਹ ਛੋਟਾ (ਤਿਲ ਦਾ) ਮਾਨ ਹੋਏਗਾ । ਦੂਜਾ ਅਰਥ ਇਹ ਹੋਏਗਾ : ਪਰਮਾਤਮਾ ਦੇ ਸਰੂਪ ਦਾ ਮਾਨ ਜਾਂ ਅੰਦਾਜ਼ਾ ਲੱਗੇ ਤਾਂ ਵੀ ਉਹ ਬਹੁਤ ਥੋੜਾ ਹੋਵੇਗਾ । ਇਹ ਸਾਰੇ ਸਾਧਨ ਵੱਡੇ ਨਹੀਂ ਹਨ ।

ਮੈਨੂੰ ਸ਼ੰਕਾ ਹੈ ਕਿ ਇਥੇ 'ਦਤੁ' ਦਾ ਅਰਥ 'ਦਮ' ਹੋਏਗਾ, ਜਿਵੇਂ ਅੱਗੇ **'ਜਤੁ ਪਾਹਾਰਾ'** (38 ਪਉੜੀ) ਵਿਚ ਜਤੁ (ਸੰਸਕ੍ਰਿਤ ਯਮ੍) ਅਰਥਾਤ ਜ਼ਾਬਤਾ ਰੱਖਣਾ । ਸੰਸਕ੍ਰਿਤ 'ਦਮ੍' ਧਾਤੂ ਤੋਂ 'ਦਤੁ' ਬਣਿਆ ਹੋਏਗਾ । ਕਾਮ, ਕ੍ਰੋਧ,ਲੋਭ, ਮੋਹ ਤੇ ਵਿਰੋਧ ਵਿਚ ਦਮ, ਦਇਆ, ਦਾਨ, ਇਹ ਅਰਥ ਹੋ ਸਕਦਾ ਹੈ । ਪਰ ਇਥੇ ਕਿਸੇ ਨੇ ਇਸ ਪ੍ਰਕਾਰ ਦਾ ਅਰਥ ਕੀਤਾ ਨਹੀਂ, ਸਗੋਂ 'ਦਤੁ ਦਾਨ' ਅਰਥਾਤ ਦੱਤ ਦਾਨ, ਦਿੱਤਾ ਹੋਇਆ ਦਾਨ, ਅਜੇਹਾ ਅਰਥ ਸਭ ਨੇ ਕੀਤਾ ਹੈ ।

ਤੀਰਥ, ਤਪ, ਦਇਆ, ਦਾਨ ਆਦਿ ਸਾਧਨ ਕਰਨ ਨਾਲ ਥੋੜੀ ਜੇਹੀ ਇੱਜ਼ਤ, ਪ੍ਰਤਿਸ਼ਠਾ ਮਿਲੇਗੀ । ਈਸ਼ਵਰ ਦੀ ਥੋੜੀ ਜੇਹੀ ਝਾਕੀ ਮਿਲੇਗੀ, ਪਰ ਉਸ ਦਾ ਪੂਰਾ ਦਰਸ਼ਨ ਪ੍ਰਾਪਤ ਕਰਨ ਲਈ ਤਾਂ ਸ਼੍ਰਵਣ, ਮਨਨ ਅਤੇ ਮਨ ਵਿਚ ਉਸ ਲਈ ਭਾਵ (ਪ੍ਰੇਮ) ਕਰਨਾ ਹੋਏਗਾ ।

### 'श्रोतव्यो मन्तव्यो निदिध्यासितव्य :'

ਇਥੇ ਨਿਦਿਧਿਆਸ (ਧਿਆਨ) ਦੀ ਥਾਂ ਮਨ ਵਿਚ ਭਾਵ ਕਰਨਾ ਅਤੇ ਪ੍ਰੇਮ ਕਰਨਾ, ਚੀਜ਼ ਨੂੰ ਖ਼ੂਬ ਚਾਹੁਣਾ ਕਿਹਾ ਹੈ । ਜਿਸ ਚੀਜ਼ ਨੂੰ ਅਸੀਂ ਖ਼ੂਬ ਚਾਹੁੰਦੇ ਹਾਂ, ਉਸ ਦਾ ਮਨ ਵਿਚ ਬਾਰ ਬਾਰ ਖ਼ਿਆਲ ਆਉਂਦਾ ਹੈ। ਤੀਰਥ, ਤਪ, ਦਾਨ ਇਹ ਸਾਧਨ ਸਾਨੂੰ ਕਿਸੇ ਹੱਦ ਤਕ ਅੱਗੇ ਲੈ ਜਾਣਗੇ, ਪਰ ਉਸ ਤੋਂ ਵੀ ਅੱਗੇ ਜਾਣ ਲਈ ਸ਼੍ਰਵਣ, ਮਨਨ, ਨਿਧਿਆਸਨ ਆਦਿ ਚਾਹੀਦੇ ਹਨ । ਅਰਥਾਤ ਬਿਲਕੁਲ ਵੇਦਾਂਤ ਕਿਹਾ ਹੈ।

ਤੀਰਥਾਂ ਤੇ ਇਸ਼ਨਾਨ ਕਰਨ ਨਾਲ ਬਾਹਰ ਦੀ ਮੈਲ ਤਾਂ ਬੇਸ਼ਕ ਲੱਥ ਜਾਂਦੀ ਹੈ, ਪਰ ਮਨ ਦੀ ਮੈਲ ਭਗਵਾਨ ਦੇ ਨਾਮ ਰਾਹੀਂ ਹੀ ਧੋਤੀ ਜਾ ਸਕਦੀ ਹੈ । **'ਅੰਤਰਗਤਿ ਤੀਰਥਿ'** ਬੜਾ ਸੁੰਦਰ ਸ਼ਬਦ ਹੈ । ਸ਼ੰਕਰਾਚਾਰਜ ਨੇ **'ਮਾਨਸ-ਤੀਰਥ'** ਕਿਹਾ ਸੀ । ਜੋ ਅੰਤਰਗਤ ਤੀਰਥ ਹੈ,ਉਸ ਵਿਚ ਮਲ ਮਲ ਕੇ ਨ੍ਹਾਉਣ ਨਾਲ ਹੀ ਸਫ਼ਾਈ ਹੁੰਦੀ ਹੈ । ਅੰਤਰ ਸ਼ੁੱਧੀ ਲਈ ਸ਼੍ਰਵਣ, ਮਨਨ ਆਦਿ ਸਾਧਨ ਕੰਮ ਦੇਣਗੇ । ਸ਼੍ਰਵਣ, ਮਨਨ, ਭਾਵਨ,ਇਹੋ ਅਸਲ

ਵਿਚ ਅੰਤਰਗਤ ਇਸ਼ਨਾਨ ਹੈ। ਸੰਤਾਂ ਦੇ ਮੁੱਖ ਤੋਂ ਅਤੇ ਜਿਨ੍ਹਾਂ ਨੇ ਭਗਵਾਨ ਪਾਇਆ ਹੈ, ਉਨ੍ਹਾਂ ਦੇ ਮੁੱਖ ਤੋਂ ਸੁਣਨਾ, ਇਹ ਮਨੁੱਖਾ-ਜਨਮ ਦਾ ਪਰਮ ਸੁਭਾਗ ਹੈ। ਭਗਵਾਨ ਗੁਰਮੁਖ ਵਿਚ ਸਮਾਏ ਹਨ, **'ਗੁਰਮੁਖਿ ਰਹਿਆ ਸਮਾਈ'**। ਸਤਪੁਰਖ ਦੀ ਬਾਣੀ ਨਾਲ ਸ੍ਰਵਣ, ਉਸ ਤੇ ਮਨਨ ਅਤੇ ਉਸ ਨਾਲ ਪਿਆਰ (ਭਾਵਨ) ਕਰਨ ਨਾਲ ਮਨ ਸ਼ੁੱਧ ਹੁੰਦਾ ਹੈ। ਇਹੋ ਅੰਤਰਗਤ ਤੀਰਥ ਵਿਚ ਇਸ਼ਨਾਨ ਹੈ।

ਹੁਣ ਇਸ਼ਨਾਨ ਦੀ ਪ੍ਰਕ੍ਰਿਆ ਸ਼ੁਰੂ ਕਰ ਰਹੇ ਹਨ। **'ਸਭਿ ਗੁਣ ਤੇਰੇ'**—ਹੇ ਭਗਵਾਨ ਜਿੰਨੇ ਵੀ ਗੁਣ ਹਨ ਸਭ ਤੇਰੇ ਹਨ, ਮੈਂ ਕੁਝ ਵੀ ਨਹੀਂ ਹਾਂ। ਜੋ ਆਪਣੇ ਵਿਚ ਗੁਣ ਮਨਦਾ ਹੈ, ਉਹ ਕੁਝ ਵੀ ਨਹੀਂ ਸਮਝਦਾ। ਸਭ ਗੁਣਾਂ ਦੀ ਜੋਤੀ ਪਰਮੇਸ਼ਰ ਵਿਚ ਹੈ। ਇਸ ਲਈ ਜਿੰਨੇ ਗੁਣ ਹਨ, ਸਭ ਆਤਮਾ ਦੇ ਹਨ ਅਤੇ ਦੋਸ਼ ਦੇਹ ਦੇ ਹਨ। ਇਸ ਲਈ ਕਿਸੇ ਦੇ ਦੋਸ਼ਾਂ ਦਾ ਚਿੰਤਨ ਨਹੀਂ ਕਰਨਾ ਚਾਹੀਦਾ, ਇਹ ਸਮਝ ਕੇ ਕਿ ਉਹ ਦੇਹ ਨਾਲ ਚਲੇ ਜਾਣ ਵਾਲੇ ਹਨ। ਦੇਹਧਾਰੀ ਮਨੁੱਖ ਦੇ ਗੁਣ ਭਗਵਾਨ ਦੀ ਦੇਹ ਵਿਚ ਹਨ। ਸਤਿ, ਪ੍ਰੇਮ ਆਦਿ ਸਾਰੇ ਪਰਮੇਸ਼ਰ ਦੇ ਗੁਣ ਹਨ ਜੋ ਮਨੁੱਖ ਲਈ ਲਾਭਦਾਇਕ ਹਨ। ਹੰਕਾਰ ਵਿਚ ਇਕ ਵੀ ਗੁਣ ਨਹੀਂ।

ਇਸ ਪਿਛੋਂ ਗੁਰੂ ਨਾਨਕ ਜੀ ਨੇ ਇਕ ਸੂਤ੍ਰ ਲਿਖਿਆ ਹੈ—**'ਵਿਣੁ ਗੁਣ ਕੀਤੇ ਭਗਤਿ ਨ ਹੋਇ'**—ਜਦੋਂ ਤਕ ਅਸੀਂ ਗੁਣ ਪ੍ਰਾਪਤ ਨਹੀਂ ਕਰਾਂਗੇ, ਤਦ ਤਕ ਭਗਤੀ ਪ੍ਰਾਪਤ ਨਹੀਂ ਹੋਏਗੀ। ਜਿੰਨੇ ਅੰਸ਼ ਵਿਚ ਅਸੀਂ ਭਗਵਾਨ ਦੇ ਗੁਣਾਂ ਨੂੰ ਪ੍ਰਾਪਤ ਕਰਾਂਗੇ, ਉੱਨੇ ਅੰਸ਼ ਵਿਚ ਹੀ ਅਸੀਂ ਭਗਤੀ ਪ੍ਰਾਪਤ ਕਰਾਂਗੇ। ਇਸ ਲਈ ਭਗਵਾਨ ਦੇ ਗੁਣਾ ਦਾ ਅਭਿਆਸ ਕਰਨਾ ਚਾਹੀਦਾ ਹੈ।

ਸ਼ੰਕਰਾਚਾਰਜ ਨੇ ਭਗਤੀ ਬਾਰੇ ਕਿਹਾ ਹੈ : 'स्वस्वरूपानुसन्धानम्'। ਆਪਣੇ ਮੂਲ ਸਰੂਪ ਦਾ ਅਨੁਸੰਧਾਨ ਹੀ ਭਗਤੀ ਹੈ। ਮੁਕਤੀ ਦੇ ਜਿੰਨੇ ਵੀ ਸਾਧਨ ਹਨ, ਉਨ੍ਹਾਂ ਵਿਚੋਂ ਭਗਤੀ ਸ੍ਰੇਸ਼ਠ ਹੈ। ਮੂਲ-ਸਰੂਪ ਤਾਂ ਸੱਚੇ ਗੁਣਾਂ ਨਾਲ ਭਰਿਆ ਪਿਆ ਹੈ। ਇਸੇ ਪ੍ਰਕਾਰ ਦੀ ਵਿਆਖਿਆ ਇਥੇ ਕੀਤੀ ਹੈ। ਬਾਈਬਲ ਵਿਚ ਕਿਹਾ ਹੈ—Be ye perfect as your Father in heaven is perfect—ਜਿਸ ਤਰ੍ਹਾਂ ਤੇਰਾ ਬੈਕੁੰਠ-ਨਿਵਾਸੀ ਪਿਤਾ (ਪਰਮੇਸ਼ਰ) ਪੂਰਣ ਹੈ, ਉਸੇ ਤਰ੍ਹਾਂ ਤੂੰ ਵੀ ਪੂਰਣ ਬਣ। ਮੈਂ ਅਪੂਰਣ ਰਹਿਣ ਵਾਲਾ ਨਹੀਂ ਹਾਂ। ਪੂਰਣ ਹੋ ਸਕਦਾ ਹਾਂ। ਜਦੋਂ ਭਗਵਾਨ ਦੇ ਗੁਣਾਂ ਨੂੰ ਪ੍ਰਾਪਤ ਕੀਤਾ ਜਾਂਦਾ ਹੈ, ਤਦ ਜੀਵ ਅਤੇ ਸ਼ਿਵ ਵਿਚ ਅਤਰ ਨਹੀਂ ਰਹਿੰਦਾ। ਇਸੇ ਦਾ ਨਾਉਂ ਹੈ ਭਗਤੀ।

**'ਸੁਅਸਤਿ ਆਥਿ ਬਾਣੀ ਬਰਮਾਉ'**—ਇਹ ਤੁਕ ਕਠਿਨ ਹੈ। ਇਸ ਦੇ ਕਈ ਪ੍ਰਕਾਰ ਦੇ ਅਰਥ ਕੀਤੇ ਗਏ ਹਨ। ਮੈਂ ਇਕ ਤਰ੍ਹਾਂ ਅਰਥ ਕੀਤਾ ਹੈ : **'ਸੁਅਸਤਿ'** **ਅਰਥਾਤ** ਸ੍ਵਸਤਿ (स्वस्ति); **'ਆਥਿ'** ਅਰਥਾਤ 'ਹੈ' (अस्ति), **'ਬਾਣੀ ਬਰਮਾਉ'** ਅਰਥਾਤ ਬ੍ਰਹਮ-ਬਾਣੀ। ਬ੍ਰਹਮ ਬਾਣੀ ਹੀ ਸੁਅਸਤਿ ਹੈ। ਹੋਰ ਜੋ ਭਾਂਤ ਭਾਂਤ ਦੀ ਬਾਣੀ ਹੈ, ਜਿਸ ਨੂੰ ਅਸੀਂ ਉਚਾਰਦੇ ਹਾਂ, ਉਸ ਵਿਚ ਸਾਰ ਨਹੀਂ। ਬ੍ਰਹਮ-ਬਾਣੀ

ਹੀ ਪਰਮ ਕਲਿਆਣਮਈ ਹੈ।

ਦੂਜਾ ਅਰਥ ਇਹ ਹੈ : 'ਸੁਅਸਤਿ' ਅਰਥਾਤ ਸ਼ਕਤੀ; 'ਆਥਿ' ਅਰਥਾਤ ਲਖਮੀ; 'ਬਾਣੀ' ਅਰਥਾਤ ਸਰਸਵਤੀ, ਅਤੇ 'ਬਰਮਾਉ' ਅਰਥਾਤ ਬ੍ਰਹਮਦੇਵ, ਸਭ ਤੂੰ ਹੀ ਹੈਂ। ਮੈਨੂੰ ਇਹ ਅਰਥ ਚੰਗਾ ਨਹੀਂ ਲੱਗਾ ਸਗੋਂ ਇਹੋ ਅਰਥ ਚੰਗਾ ਲਗਦਾ ਹੈ ਕਿ ਪਰਮ ਕਲਿਆਣ-ਮਈ, ਮੰਗਲ ਬ੍ਰਹਮਬਾਣੀ ਦਾ ਅਸੀਂ ਜਪ ਕਰਦੇ ਰਹਾਂਗੇ, ਤਾਂ ਬ੍ਰਹਮ ਦੇ ਜੋ ਸਾਰੇ ਗੁਣ ਹਨ, ਉਹ ਸਾਡੇ ਵਿਚ ਆ ਜਾਣਗੇ ਅਤੇ ਫਿਰ ਭਗਤੀ ਹੋਏਗੀ।

ਹੁਣ ਬ੍ਰਹਮਬਾਣੀ ਦਾ ਸਰੂਪ ਦੱਸਣਾ ਚਾਹੁੰਦੇ ਹਨ। **'ਸਤਿ ਸੁਹਾਣੁ ਸਦਾ ਮਨਿ ਚਾਉ'**— ਸਤਿ' ਅਰਥਾਤ ਸਤਿ ਸਰੂਪ; 'ਸੁਹਾਣੁ' ਅਰਥਾਤ ਸ਼ੋਭਨੀਕ, ਸ਼ਿਵ, ਮੰਗਲ; 'ਸਦਾ' ਮਨਿ ਚਾਉ' ਅਰਥਾਂਤ ਚਿੱਤ ਨੂੰ ਪ੍ਰਸੰਨ ਕਰਨ ਵਾਲਾ, ਆਨੰਦ ਸਰੂਪ। ਇਨ੍ਹਾਂ ਤਿੰਨਾਂ ਗੁਣਾਂ ਵਾਲੀ ਜੋ ਬਾਣੀ ਹੈ, ਉਹੋ ਬ੍ਰਹਮਬਾਣੀ ਹੈ। ਸਤਿ,ਮੰਗਲ ਅਤੇ ਆਨੰਦ,ਅਜੇਹੀ ਇਥੇ ਤ੍ਰਿਪੁਟੀ ਹੈ। ਇਸ ਨੂੰ ਆਧੁਨਿਕ ਭਾਸ਼ਾ ਵਿਚ 'ਸਤਯੰ ਸ਼ਿਵੰ ਸੁੰਦਰਮ੍' (सत्यं शिवं सुन्दरम्) ਆਖਦੇ ਹਨ। ਸਤਿ, ਸ਼ਿਵ ਅਤੇ ਸੁੰਦਰ ਦਾ ਵਿਚਾਰ ਰੱਖ ਕੇ ਜੋ ਬੋਲਿਆ ਜਾਏਗਾ, ਉਹੋ ਬ੍ਰਹਮ-ਜਪ ਹੈ।

**"ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥**
**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥**
**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥**
**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥**
**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥**
**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥**
**ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ ॥**
**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥**
**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ" ॥ ੨੧ ॥**

ਹੁਣ ਪਰਮੇਸ਼ਰ ਦੀਆਂ ਅਪਾਰ ਸ਼ਕਤੀਆਂ ਦਾ ਅਤੇ ਵਿਭੂਤੀਆਂ ਦਾ ਚਿੰਤਨ ਹੋ ਰਿਹਾ ਹੈ। ਪਰਮੇਸ਼ਰ ਦੀ ਵਿਭੂਤੀ ਦਾ ਇਕ ਅੰਗ ਇਹ ਵਿਸ਼ਵ ਹੈ, ਇਸ ਲਈ ਵਿਸ਼ਵ ਦਾ ਚਿੰਤਨ ਹੋ ਰਿਹਾ ਹੈ।

ਜਦੋਂ ਸੰਸਾਰ ਦਾ ਆਕਾਰ ਬਣਿਆ ਸੀ, ਉਹ ਵੇਲਾ ਕਿਹੜਾ ਸੀ, ਵਕਤ ਕਿਹੜਾ ਸੀ, ਆਦਿ। ਭਾਵਾਰਥ ਇਹ ਹੈ ਕਿ ਜਗਤ ਕਿਸ ਜੁਗ ਵਿਚ ਉਤਪੰਨ ਹੋਇਆ। ਉਹ ਕਿਹੜਾ ਸਮਾਂ, ਤਿਥ, ਵਾਰ, ਰੁਤ ਅਤੇ ਮਹੀਨਾ ਸੀ ਜਦੋਂ ਸ੍ਰਿਸ਼ਟੀ ਦਾ ਆਕਾਰ

ਬਣਿਆ ਸੀ ?

ਜਿਨ੍ਹਾਂ ਨੇ ਵੱਡੇ ਵੱਡੇ ਪੁਰਾਣ ਲਿਖੇ ਹਨ, ਉਨ੍ਹਾਂ ਪੰਡਿਤਾਂ ਨੂੰ ਵੀ ਪਤਾ ਨਹੀਂ ਕਿ ਸ੍ਰਿਸ਼ਟੀ ਦੀ ਉਤਪੱਤੀ ਦਾ ਵੇਲਾ ਕਿਹੜਾ ਸੀ। ਜਿਨ੍ਹਾਂ ਨੇ ਕੁਰਾਨ ਲਿਖਿਆ ਹੈ, ਉਨ੍ਹਾਂ ਕਾਜ਼ੀਆਂ ਨੂੰ ਵੀ ਸ੍ਰਿਸ਼ਟੀ-ਰਚਨਾ ਦਾ ਵਕਤ ਮਾਲੂਮ ਨਹੀਂ । ਕੋਈ ਪੁਰਾਣ, ਕੁਰਾਨ ਦਾ ਗਿਆਨੀ ਭਾਵੇਂ ਹੋਵੇ, ਉਸ ਨੂੰ ਪਰਮੇਸ਼ਰ ਜਾਂ ਉਸ ਦੀ ਰਚਨਾ ਦਾ ਗਿਆਨ ਨਹੀਂ ਹੈ। ਸ੍ਰਿਸ਼ਟੀ ਦੀ ਉਤਪੱਤੀ ਦੀ ਤਿਥ, ਵਾਰ, ਰੁਤ ਅਤੇ ਮਹੀਨਾ ਜੋਗੀ ਵੀ ਨਹੀਂ ਜਾਣਦੇ ।

ਜਿਸ ਕਰਤਾ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਅਤੇ ਸਾਜੀ ਹੈ, ਉਹੋ ਆਪ ਹੀ ਜਾਣਦਾ ਹੈ ਕਿ ਸੰਸਾਰ ਕਦੋਂ ਤੇ ਕਿਵੇਂ ਬਣਿਆ। ਅਸੀਂ ਉਸ ਦੀ ਭਾਵੇਂ ਕਿੰਨੀ ਚਰਚਾ ਕਰੀਏ, ਪਰ ਆਪਣੀ ਅਕਲ ਨਾਲ ਉਸ ਦਾ ਫ਼ੈਸਲਾ ਨਹੀਂ ਕਰ ਸਕਦੇ।

'ਨਾਸਦੀਯ ਸੂਕ੍ਤ' (नासदीय सूक्त) ਇਕ ਅਦੁੱਤੀ ਸੂਕ੍ਤ ਹੈ ਜੋ ਹਿੰਦੁਸਤਾਨ ਦੇ ਤੱਤ੍ਵ-ਗਿਆਨ ਦਾ ਸੋਮਾ ਹੈ। ਉਸ ਵਿਚ ਆਇਆ ਹੈ : ਆਰੰਭ ਵਿਚ ਨਾ ਸਤਿ ਸੀ, ਇੰਜ ਕਹਿ ਸਕਦੇ ਹਾਂ, ਨਾ ਅਸਤਿ ਸੀ, ਇੰਜ ਕਹਿ ਸਕਦੇ ਹਾਂ। ਉਹ ਇਕ ਅਜੇਹੀ ਅਜੀਬ ਚੀਜ਼ ਹੈ ਜਿਸ ਦਾ ਵਰਣਨ ਸਤਿ ਅਤੇ ਅਸਤਿ ਦੋਹਾਂ ਨਾਲ ਵੀ ਨਹੀਂ ਕੀਤਾ ਜਾ ਸਕਦਾ—'नासदासीत् नो सदासीत्' । ਤਾਂ ਫਿਰ ਇਹ ਸ੍ਰਿਸ਼ਟੀ ਕਿਵੇਂ ਪੈਦਾ ਹੋਈ ? ਵਿਸ੍ਰਿਸ਼ਟੀ [ਪਰਲੋ] ਕਿਵੇਂ ਹੁੰਦੀ ਹੈ, ਇਹ ਕੌਣ ਜਾਣਦਾ ਹੈ, ਕੌਣ ਕਹਿ ਸਕਦਾ ਹੈ ? ਭਾਸ਼੍ਯਕਾਰਾਂ ਨੇ ਕਿਹਾ ਹੈ ਕਿ ਸ੍ਰਿਸ਼ਟੀ ਅਨਾਦਿ ਹੈ, ਅਨਾਦਿ ਸ੍ਰਿਸ਼ਟੀ ਦਾ ਆਦਿ ਨਹੀਂ ਹੋ ਸਕਦਾ। ਇਸ ਲਈ ਜਦੋਂ ਤੋਂ ਪਰਮੇਸ਼ਰ ਹੈ ਤਦੋਂ ਤੋਂ ਸ੍ਰਿਸ਼ਟੀ ਹੈ, ਅੱਜ ਦੇ ਰੂਪ ਵਿਚ ਨਹੀਂ, ਪਰ ਕਿਸੇ ਨਾ ਕਿਸੇ ਰੂਪ ਵਿਚ ਹੈ। ਇਸ ਲਈ ਇਹ ਸੁਆਲ ਵਿਅਰਥ ਹੈ ਕਿ ਇਸ ਦਾ ਆਰੰਭ ਕਿਵੇਂ ਹੋਇਆ। ਨਾਸਦੀਯ ਸੂਕ੍ਤ ਵਿਚ ਅੱਗੇ ਕਿਹਾ ਹੈ ਕਿ ਇਸ ਸ੍ਰਿਸ਼ਟੀ ਦਾ ਜੋ ਮੋਢੀ ਹੈ, ਜੋ ਪਰਮ-ਆਕਾਸ਼ ਵਿਚ ਰਹਿੰਦਾ ਹੈ ਅਰਥਾਤ ਅੰਤਰਗਤ ਹਿਰਦੇ-ਆਕਾਸ਼ ਵਿਚ ਰਹਿੰਦਾ ਹੈ, ਉਹ ਸ਼ਾਇਦ ਜਾਣਦਾ ਹੋਏਗਾ, ਸ਼ਾਇਦ ਨਹੀਂ ਜਾਣਦਾ ਹੋਏਗਾ—

'यो अस्याध्यक्षः परमे व्योमन् ।।
सो अंग वेद यदि वा न वेद ।।'

ਇਸ ਸੁਆਲ ਦਾ ਇਸ ਤੋਂ ਚੰਗੇਰਾ ਜਵਾਬ ਮੈਨੂੰ ਹੋਰ ਕਿਤੇ ਵੀ ਨਹੀਂ ਮਿਲਿਆ ਜੋ ਨਾਸਦੀਯ ਸੂਕ੍ਤ ਵਿਚ ਦਿੱਤਾ ਗਿਆ ਹੈ। ਉਸ ਦਾ ਜ਼ਿਕਰ ਕਰਕੇ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਪੁਰਾਣ-ਕੁਰਾਨ ਲਿਖਣ ਵਾਲੇ ਗਿਆਨੀ, ਜੋਗੀ, ਕਾਜ਼ੀ ਕੋਈ ਵੀ ਇਸ ਦਾ ਜਵਾਬ ਨਹੀਂ ਜਾਣਦੇ। ਇਸ ਲਈ ਇਸ ਦਾ ਨਿਰਣਾ ਸਾਡੀ ਸ਼ਕਤੀ ਤੋਂ ਬਾਹਰ ਹੈ।

**'ਕਿਵ ਕਰਿ ਆਖਾ'**—ਅਸੀਂ ਉਸ ਨੂੰ ਕਿਵੇਂ ਆਖ ਸਕਦੇ ਹਾਂ, ਉਸ ਦੀ ਵਿਆਖਿਆ ਕਿਵੇਂ ਕਰ ਸਕਦੇ ਹਾਂ, ਉਸ ਦੀ ਪ੍ਰਸ਼ੰਸਾ, ਉਸ ਦਾ ਵਰਣਨ ਕਿਵੇਂ ਕਰ

ਸਕਦੇ ਹਾਂ ? ਭਾਵ ਇਹ ਹੈ ਕਿ ਉਸ ਦੀ ਉਤਪੱਤੀ ਕਦੋਂ ਹੋਈ, ਉਸ ਦੀ ਸਥਿਤੀ ਕਦੋਂ ਤਕ ਹੈ, ਉਸ ਦੀ ਪਰਲੋਂ ਕਦ ਹੋਏਗੀ, ਅਤੇ ਉਹ ਕਿਸ ਦੇ ਅੰਦਰ ਸਮਾਇਆ ਹੋਇਆ ਹੈ, ਕੌਣ ਜਾਣਦਾ ਹੈ ? ਗੁਰੂ ਨਾਨਕ ਜੀ ਜਾਣਦੇ ਹਨ ਕਿ ਕਹਿਣ ਵਾਲੇ ਤੱਤ੍ਵ-ਗਿਆਨੀ ਖ਼ੂਬ ਨਿਕਲ ਪੈਣਗੇ । ਕਹਿਣ ਨੂੰ ਤਾਂ ਉਹ ਕਹਿ ਦੇਣਗੇ, ਲਿਖ ਮਾਰਨਗੇ, ਕਿਉਂਜੋ ਉਹ ਇਕ ਤੋਂ ਇਕ ਵਧ ਕੇ ਸਿਆਣੇ ਹੋਣਗੇ ।

ਉਹ ਸਾਹਿਬ ਵੱਡਾ ਹੈ, ਉਸ ਦੀ ਨਾਮ-ਮਹਿਮਾ ਵੱਡੀ ਹੈ । ਇਸ ਲਈ ਉਸ ਦੀ ਕੋਈ ਮਿਸਾਲ ਨਹੀਂ । ਉਸੇ ਦਾ ਕੀਤਾ ਸਭ ਕੁਝ ਹੁੰਦਾ ਹੈ । ਗੁਰੂ ਨਾਨਕ ਜੀ ਇਕ ਗੱਲ ਆਖਦੇ ਹਨ ਕਿ ਜੋ ਆਪਣੇ ਆਪ ਨੂੰ ਮੰਨਦਾ ਹੈ ਕਿ ਮੈਂ ਗਿਆਨੀ ਹਾਂ, ਉਸ ਦੀ ਸ਼ੋਭਾ ਅੱਜ ਭਾਵੇਂ ਤੱਤ੍ਵ-ਗਿਆਨੀ ਦੇ ਨਾਉਂ ਤੇ ਹੋਵੇ, ਪਰ ਅੱਗੇ ਜਾ ਕੇ ਉਸ ਦੀ ਸ਼ੋਭਾ ਨਹੀਂ ਹੋਏਗੀ, ਉਹ ਨਹੀਂ ਸੋਭੇਗਾ । ਇਸ ਲਈ ਅਸੀਂ ਕੁਝ ਨਹੀਂ ਹਾਂ, ਪਰਮੇਸ਼ਰ ਹੀ ਸ੍ਰਿਸ਼ਟੀ ਨੂੰ ਜਾਣਦਾ ਹੈ, ਇੰਜ ਸਮਝ ਕੇ ਪਰਮੇਸ਼ਰ ਦੇ ਚਿੰਤਨ ਵਿਚ ਲੱਗਣਾ ਚਾਹੀਦਾ ਹੈ । ਸ੍ਰਿਸ਼ਟੀ ਦੇ ਚਿੰਤਨ ਵਿਚ ਨਹੀਂ ਲੱਗਣਾ ਚਾਹੀਦਾ ।

## ੨੨

**"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**
**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥**
**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**
**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥**

**ਇਕ** ਪਾਤਾਲ ਹੇਠਾਂ ਦੂਜਾ ਪਾਤਾਲ ਅਤੇ ਉਸ ਦੇ ਥੱਲੇ ਹੋਰ ਪਾਤਾਲ, ਪਤਾ ਨਹੀਂ ਕਿੰਨੇ ਲੱਖ ਪਾਤਾਲ ਹਨ । ਇਕ ਆਕਾਸ਼ ਦੇ ਉਪਰ ਦੂਜਾ ਆਕਾਸ਼, ਉਸ ਦੇ ਉਪਰ ਹੋਰ ਆਕਾਸ਼, ਪਤਾ ਨਹੀਂ ਕਿੰਨੇ ਹਨ । ਇਸ ਦਾ ਅੰਤ ਵੇਖਣ ਦੀ ਕੋਸ਼ਿਸ਼ ਵਿਚ ਖੋਜਦੇ ਖੋਜਦੇ ਓੜਕ ਵੇਦ ਵੀ ਥੱਕ ਗਏ । ਅੰਤ ਅੰਤ ਆਖਦੇ ਹੀ ਰਹਿ ਗਏ । ਵਿਗਿਆਨ ਦਸਦਾ ਹੈ ਕਿ ਨਛੱਤ੍ਰ ਆਦਿ ਕਿੰਨੇ ਵੱਡੇ ਹਨ, ਵੱਡੀਆਂ ਚੀਜ਼ਾਂ ਕਿੰਨੀਆਂ ਵੱਡੀਆਂ ਹਨ, ਇਸ ਦਾ ਕੋਈ ਅੰਤ ਨਹੀਂ । ਛੋਟੀਆਂ ਚੀਜ਼ਾਂ ਦਾ ਵੀ ਅੰਤ ਨਹੀਂ । ਵੇਦ ਇਕੋ ਗੱਲ ਆਖਦੇ ਹਨ ਕਿ ਸਭ ਥਾਈਂ ਬ੍ਰਹਮ ਹੀ ਬ੍ਰਹਮ ਭਰਿਆ ਪਿਆ ਹੈ, ਅਥਵਾ ਉਹ ਇਕੋ ਗੱਲ ਆਖਦੇ ਹਨ ਕਿ ਉਸ ਦਾ ਅੰਤ ਨਹੀਂ ਹੈ । ਸ੍ਰਿਸ਼ਟੀ ਅਨੰਤ ਹੈ । ਸ਼ਰੁਤੀ ਆਖਦੀ ਹੈ : **'नेति नेति आत्मा'**, **'सत्यं ज्ञानमनन्तं ब्रह्म'**। ਇਥੇ 'ਕਤੇਬਾ' ਕਿਹਾ ਹੈ, ਤਾਂ ਗੁਰੂ ਨਾਨਕ ਜੀ ਦੇ ਧਿਆਨ ਵਿਚ ਮੁਸਲਿਮ ਕਿਤਾਬਾਂ ਵੀ ਹੋਣਗੀਆਂ । ਕਿਤਾਬਾਂ ਆਖਦੀਆਂ ਹਨ ਕਿ ਅਠਾਰਾਂ ਹਜ਼ਾਰ ਬ੍ਰਹਿਮੰਡ ਹਨ, ਪਰ ਮੂਲ ਧਾਤੂ ਇਕੋ ਹੈ । ਪਰ ਜੇ ਉਸ ਦਾ ਕੋਈ ਲੇਖਾ ਹੁੰਦਾ ਤਾਂ ਲਿਖ ਵੀ ਸਕਦੇ, ਪਰ ਹਿਸਾਬ ਹੈ

ਕਿਥੇ ? ਲਿਖਦੇ ਲਿਖਦੇ ਲਿਖਣਾ ਹੀ ਮੱਕ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਸ ਗੱਲ ਦਾ ਸਾਰ ਇੰਨਾ ਹੀ ਹੈ ਕਿ ਭਗਵਾਨ ਵੱਡਾ ਹੈ। 'ਅੱਲਾਹੁ ਅਕਬਰ'। ਉਹ ਮਹਾਦੇਵ ਸਭ ਤੋਂ ਉੱਤਮ ਦੇਵ ਹੈ। ਉਹੋ ਆਪਣੇ ਆਪ ਨੂੰ ਜਾਣਦਾ ਹੈ।

**੨੩**

**"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥**
**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥**
**ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥**
**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ" ॥੨੩॥**

**ਪਰਮਾਤਮਾ** ਜੋ ਉਸਤਤ (ਸਾਲਾਹਿ) ਜੋਗ ਹੈ, ਉਸ ਦੀ ਉਸਤਤ ਲੋਕੀਂ ਕਰਦੇ ਹਨ, ਪਰ ਉਸ ਦਾ ਜ਼ਰਾ ਵੀ ਰਹੱਸ ਕਿਸੇ ਨੇ ਨਹੀਂ ਪਾਇਆ। ਵਰਣਨ ਕਰਨ ਵਾਲੇ, ਪਰਮਾਤਮਾ ਦਾ ਖ਼ੂਬ ਵਰਣਨ ਕਰਦੇ ਹਨ ਜਾਂ ਵਰਣਨ-ਜੋਗ ਪਰਮਾਤਮਾ ਦਾ ਵਰਣਨ ਕਰਦੇ ਹਨ। ਸ਼ਲਾਘਾ ਤੇ ਸਰਾਹਨਾ ਯੋਗ ਪਰਮੇਸ਼ਰ ਦੀ ਉਸਤਤ ਲੋਕੀ ਕਰਦੇ ਹਨ, ਪਰ ਕਿਸੇ ਨੂੰ ਵੀ ਉਸ ਦੀ ਪਛਾਣ ਨਹੀਂ ਹੋਈ, ਉਸ ਦਾ ਅੰਦਾਜ਼ਾ ਨਹੀਂ ਲਗਿਆ। ਵਰਣਨ ਕਰਨ ਵਾਲੇ ਵਰਣਨ ਕਰਦੇ ਕਰਦੇ ਆਪਣੀ ਸਮ੍ਰਿਤੀ ਤਕ ਭੁੱਲ ਗਏ। ਅਨੇਕ ਨਦੀਆਂ, ਨਾਲੇ, ਵਹਿਣ, ਸਮੁੰਦਰ ਵਿਚ ਜਾ ਕੇ ਡੁੱਬ ਸਕਦੇ ਹਨ, ਪਰ ਅੰਤ ਨਹੀਂ ਪਾ ਸਕਦੇ। ਉਹ ਸਮੁੰਦਰ ਨੂੰ ਜਾਣ ਨਹੀਂ ਸਕਦੇ। ਇਥੇ ਇਕ ਛੋਟੀ ਜੇਹੀ ਸੁੰਦਰ ਮਿਸਾਲ ਰਾਹੀਂ ਬਹੁਤ ਵੱਡੀ ਗੱਲ ਕਹੀ ਗਈ ਹੈ। ਨਦੀਆਂ ਸਮੁੰਦਰ ਵਿਚ ਜਾ ਕੇ ਲੀਨ ਹੋ ਸਕਦੀਆਂ ਹਨ, ਪਰ ਉਸ ਨੂੰ ਜਾਣ ਨਹੀਂ ਸਕਦੀਆਂ। ਉਸ ਨੂੰ ਜਾਣਨ ਲਈ ਉਸ ਤੋਂ ਵੱਡਾ ਹੋਣਾ ਪਏਗਾ। ਉਸ ਨੂੰ ਦ੍ਰਿਸ਼ ਬਣਾ ਕੇ ਅਸੀਂ ਦ੍ਰਸ਼ਟਾ ਬਣੀਏ, ਇਹ ਅਸੰਭਵ ਹੈ। ਇਸ ਲਈ ਭਗਵਾਨ ਨੂੰ ਜਾਣਨਾ ਅਸੰਭਵ ਹੈ, ਪਰ ਭਗਵਾਨ ਦੀ ਪ੍ਰਾਪਤੀ ਸੰਭਵ ਹੈ। ਅਸੀਂ ਭਗਵਾਨ ਵਿਚ ਡੁੱਬ ਸਕਦੇ ਹਾਂ, ਉਸ ਨੂੰ ਪ੍ਰਾਪਤ ਕਰ ਸਕਦੇ ਹਾਂ, ਉਸ ਦਾ ਸੁਆਦ ਚਖ ਸਕਦੇ ਹਾਂ, ਉਸ ਵਿਚ ਗੋਤਾ ਲਾ ਸਕਦੇ ਹਾਂ, ਆਪਣੇ ਆਪ ਨੂੰ ਉਸ ਵਿਚ ਲੀਨ ਕਰ ਸਕਦੇ ਹਾਂ, ਮੁਕਾ ਸਕਦੇ ਹਾਂ। ਉਸ ਵਿਚ ਪ੍ਰਵੇਸ਼ ਹੋ ਸਕਦਾ ਹੈ, ਪਰ ਉਸ ਦਾ ਗਿਆਨ ਅਸੰਭਵ ਹੈ। ਉਸ ਦਾ ਗਿਆਨ, ਉਸ ਦੀ ਪਛਾਣ, ਗਿਣਤੀ, ਸ਼ੁਮਾਰ, ਇਹ ਸਭ ਸਾਡੀ ਬੁੱਧੀ ਤੋਂ ਪਰੇ ਹੈ। ਪਛਾਣ, ਗਿਣਤੀ, ਹਿਸਾਬ, ਇਹ ਸਾਰੀਆਂ ਗੱਲਾਂ ਬੁੱਧੀ ਨਾਲ ਹੁੰਦੀਆਂ ਹਨ।

ਉਸ ਦੀ ਪ੍ਰਾਪਤੀ ਜੋਤ ਵਿਚ ਜੋਤ ਮਿਲ ਜਾਣਾ ਹੈ। ਭਗਤੀ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ। ਗੀਤਾ ਵਿਚ ਕਿਹਾ ਹੈ ਕਿ ਭਗਤੀ ਨਾਲ ਉਸ ਦਾ ਗਿਆਨ ਹੋ ਸਕਦਾ ਹੈ, ਅਰਥਾਤ ਭਗਤੀ ਨਾਲ ਉਸ ਨੂੰ ਚਖਣਾ ਸੰਭਵ ਹੈ। ਮਹਾਰਾਸ਼ਟ੍ਰ ਦੇ ਸੰਤ ਤੁਕਾ ਰਾਮ ਨੇ ਕਿਹਾ ਹੈ—"**ਮਨਵਾਚਾਤੀਤ ਤੁਝੇਂ ਹੇਂ ਸ੍ਵਰੂਪ। ਮ੍ਹਣੋਨਿਯਾਂ ਮਾਪ ਭਕਤਿ ਕੇਲੇਂ। ਭਕਤੀ-**

ਦਿਯਾ ਮਾਪੇਂ ਮੋਜਿਤੋਂ ਅਨੰਤਾ । ਇਤਰਾਨੇ ਤੱਤ੍ਰਤਾਂ ਨ ਮੋਜਵੇ ।" ਅਤੇ ਗੀਤਾ ਵਿਚ ਆਇਆ ਹੈ :

'भक्त्या मां अभिजानाति यावान् यश्चा स्मि तत्त्वत:' *

(ਗੀਤਾ, ੧੮/੫੫)

ਅਸਲ ਵਿਚ ਇਹ ਸਰੂਪ ਮਨ-ਬਾਣੀ ਤੋਂ ਪਰੇ ਹੈ। ਮਨ ਤੋਂ ਉਸ ਦਾ ਮਨਨ ਨਹੀਂ ਹੋ ਸਕਦਾ। ਬਾਣੀ ਤੋਂ ਪ੍ਰਕਾਸ਼ਨ ਨਹੀਂ ਹੋ ਸਕਦਾ। ਇਸ ਲਈ ਤੁਕਾਰਾਮ ਜੀ ਆਖਦੇ ਹਨ ਕਿ ਪਰਮੇਸ਼ਰ ਨੂੰ ਮਿਲਣ ਲਈ ਭਗਤੀ ਦਾ ਨਾਪ ਹੀ ਉਚਿਤ ਰਹਿੰਦਾ ਹੈ, **'ਮ੍ਹਣੋਨਿਯਾਂ ਮਾਪ ਭਕਤਿ ਕੇਲੇਂ ।'** ਪਰਮਾਤਮਾ ਬੌਧਿਕ ਨਾਪ-ਤੋਲ ਨਾਲ ਨਹੀਂ ਮਿਣਿਆ ਜਾ ਸਕਦਾ। ਪਰਮਾਤਮਾ ਅਨੰਤ ਹੈ, ਉਸ ਦਾ ਅੰਤ ਨਹੀਂ, ਪਰ ਉਸ ਅਨੰਤ ਨੂੰ ਮੈਂ ਭਗਤੀ ਨਾਲ ਮਿਣ ਲੈਂਦਾ ਹਾਂ, ਅਤੇ ਭਗਤੀ ਦੀ ਭਾਸ਼ਾ ਵਿਚ ਉਸ ਦਾ ਵਰਣਨ ਕਰਦਾ ਹਾਂ। ਮੈਂ ਕਹਿੰਦਾ ਹਾਂ ਕਿ ਪਰਮਾਤਮਾ ਸਾਲਿਗ੍ਰਾਮ ਹੈ। ਪਰਮਾਤਮਾ ਦਾ ਗਿਆਨ ਅਸੰਭਵ ਹੈ, ਪਰ ਭਾਵਾਰਥ ਨਾਲ ਉਸ ਨੂੰ ਚਖਣਾ ਅਸੰਭਵ ਹੈ।

ਰਾਮ ਕ੍ਰਿਸ਼ਨ ਪਰਮਹੰਸ ਨੇ ਕਿਹਾ ਹੈ—'ਰੁਖ ਉਤੇ ਅੰਬ ਹਨ, ਉਨ੍ਹਾਂ ਦੀ ਗਿਣਤੀ ਕਰਨ ਦੀ ਕੀ ਲੋੜ ਹੈ, ਅੰਬ ਚਖਣ ਨੂੰ ਮਿਲਣੇ ਚਾਹੀਦੇ ਹਨ ।'

'ਮਹਿਮਨ ਸਤੋਤ੍ਰ' ਵਿਚ ਆਖਿਆ ਹੈ—"ਮੈਂ ਭਗਵਾਨ ਦੀ ਹੀ ਉਸਤਤੀ ਗਾ ਰਿਹਾ ਹਾਂ, ਪਰ ਮੈਨੂੰ ਕੀ ਹੱਕ ਹੈ? ਤੇਰੀ ਮਹਿਮਾ ਨਾ ਜਾਣਨ ਵਾਲਾ ਬੰਦਾ ਤੇਰੀ ਉਸਤਤ ਨਾ ਕਰੇ, ਇਹੋ ਉਚਿਤ ਮੰਨਿਆ ਜਾਏਗਾ, ਤਾਂ ਬ੍ਰਹਮਾ ਆਦਿ ਨੂੰ ਵੀ ਤੇਰੀ ਉਪਮਾ ਕਰਨ ਦਾ ਅਧਿਕਾਰ ਨਹੀਂ ਰਹੇਗਾ। ਮੈਂ ਤਾਂ ਛੋਟਾ ਹਾਂ। ਪਰਮੇਸ਼ਰ ਦੀ ਮਹਿਮਾ ਦਾ ਪਾਰ ਨਹੀਂ, ਅੰਤ ਨਹੀਂ। ਮੈਂ ਪਰਮੇਸ਼ਰ ਦੀ ਮਹਿਮਾ ਦਾ ਅੰਤ ਨਹੀਂ ਪਾਉਂਦਾ, ਇਸ ਲਈ ਮੈਂ ਉਸ ਦੀ ਉਸਤਤ ਕਰਨ ਦੇ ਲਾਇਕ ਸਾਬਿਤ ਨਹੀਂ ਹੋਵਾਂਗਾ, ਤਾਂ ਬ੍ਰਹਮਾ ਵੀ ਲਾਇਕ ਸਾਬਿਤ ਨਹੀਂ ਹੋਵੇਗਾ। ਕਿਉਂਕਿ ਉਹ ਵੀ ਉਸ ਦਾ ਅੰਤ ਨਹੀਂ ਪਾ ਸਕਦਾ।"

"ਜੇਕਰ ਇਹ ਮੰਨ ਲਇਆ ਜਾਏ ਕਿ ਕੋਈ ਆਪਣੀ ਬੁੱਧੀ ਅਨੁਸਾਰ ਵਰਣਨ ਕਰੇ, ਤਾਂ ਮਾਫ਼ ਹੈ। ਫਿਰ ਤਾਂ ਮੈਨੂੰ ਵੀ ਮਾਫ਼ੀ ਮਿਲਣੀ ਚਾਹੀਦੀ ਹੈ। ਬ੍ਰਹਮਾ ਆਪਣੀ ਬੁੱਧੀ ਅਨੁਸਾਰ ਹੀ ਵਰਣਨ ਕਰੇਗਾ, ਇਸ ਲਈ ਮੈਨੂੰ ਵੀ ਆਪਣੀ ਮਤ ਅਨੁਸਾਰ ਵਰਣਨ ਕਰਨ ਦਾ ਅਧਿਕਾਰ ਹੈ। ਮੇਰਾ ਜੋ ਭਗਵਾਨ ਦੀ ਉਪਮਾ ਕਰਨ ਦਾ ਯਤਨ ਹੈ, ਉਹ ਵੀ ਬਿਲਕੁਲ ਨਿਰਦੋਸ਼ ਮੰਨਿਆ ਜਾਏਗਾ।"

---

* [ਅਤੇ ਉਸ ਪਰਾ-ਭਗਤੀ ਰਾਹੀਂ ਮੇਰਾ ਪਿਆਰਾ ਬੰਦਾ ਮੈਨੂੰ ਤੱਤ੍ਵ-ਗਿਆਨ ਨਾਲ ਚੰਗੀ ਤਰ੍ਹਾਂ ਜਾਣਦਾ ਹੈ ਕਿ ਮੈਂ ਜਿਹੜੇ ਪ੍ਰਭਾਵ ਵਾਲਾ ਹਾਂ ਅਤੇ ਉਸ ਭਗਤੀ ਰਾਹੀਂ ਮੈਨੂੰ ਤੱਤ੍ਵ ਨਾਲ ਜਾਣ ਕੇ ਉਸੇ ਵੇਲੇ ਉਹ ਮੇਰੇ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਰਥਾਤ ਪਰਮ ਭਾਵ ਨਾਲ ਮੈਨੂੰ ਪ੍ਰਾਪਤ ਹੋ ਜਾਂਦਾ ਹੈ। ਫਿਰ ਉਸ ਦੀ ਦ੍ਰਿਸ਼ਟੀ ਵਿਚ ਮੇਰੇ ਤੋਂ ਬਿਨਾ ਕੁਝ ਵੀ ਨਹੀਂ ਰਹਿ ਜਾਂਦਾ—ਅਨੁਵਾਦ]

ਤੁਕਾਰਾਮ ਕਹਿੰਦੇ ਹਨ—'ਮਨਵਾਚਾਤੀਤ ਤੁਝੇ' ਹੇ' ਸ੍ਰੂਪ' । 'ਸਾਲਾਹੀ ਸਾਲਾਹਿ' ਵਰਣਨ ਕਰਨ ਵਾਲੇ ਖ਼ੂਬ ਵਰਣਨ ਕਰਨਗੇ। ਉਨ੍ਹਾਂ ਨੂੰ ਵਰਣਨ ਕਰਨ ਦਾ ਹੱਕ ਵੀ ਹੈ। ਉਸ ਨਾਲ ਬਾਣੀ ਪਵਿਤ੍ਰ ਹੁੰਦੀ ਹੈ। ਪਰ ਉਸ ਭਗਵਾਨ ਦਾ ਅੰਦਰਲਾ ਭੇਦ ਕੀ ਹੈ, ਇਹ ਗੱਲ ਉਹ ਲੋਕ ਜਾਣ ਨਹੀਂ ਸਕਦੇ। ਕੇਵਲ ਨਦੀਆਂ ਹੀ ਸਮੁੰਦਰ ਵਿਚ ਮਿਲ ਜਾਂਦੀਆਂ ਹਨ, ਅਜੇਹੀ ਗੱਲ ਨਹੀਂ ਹੈ, ਛੋਟੇ ਨਾਲੇ ਵੀ ਮਿਲਦੇ ਹਨ। ਵੱਡੇ ਮਹਾਪੁਰਖ ਵੀ ਭਗਵਾਨ ਨੂੰ ਪ੍ਰਾਪਤ ਕਰ ਸਕਦੇ ਹਨ ਅਤੇ ਅਸੀਂ ਛੋਟੇ ਵੀ। ਛੋਟਾ ਬੱਚਾ ਵੀ ਮਾਂ ਦੀ ਗੋਦੀ ਵਿਚ ਬੈਠ ਸਕਦਾ ਹੈ, ਖ਼ੁਹ ਉਹ ਉਸ ਨੂੰ ਜਾਣ ਨਹੀਂ ਸਕਦਾ।

ਸਮੁੰਦਰ ਉਤੇ ਜਿਸ ਸੁਲਤਾਨ ਦੀ ਹਕੂਮਤ ਹੈ, ਉਹ ਬਹੁਤ ਵੱਡਾ ਮੰਨਿਆ ਜਾਂਦਾ ਹੈ। ਜ਼ਮੀਨ ਦੀ ਹਕੂਮਤ ਉੱਨੀ ਵੱਡੀ ਨਹੀਂ । ਇੰਗਲੈਂਡ ਦਾ ਇਹੋ ਦਾਅਵਾ ਸੀ ਕਿ ਉਸ ਦੀ ਸਮੁੰਦਰ ਤੇ ਹਕੂਮਤ ਹੈ। ਕੋਈ ਸਮੁੰਦਰ ਤੇ ਹਕੂਮਤ ਚਲਾਉਣ ਵਾਲਾ ਸੁਲਤਾਨ ਹੋਵੇ, ਨਾਲੇ ਉਸ ਕੋਲ ਪਹਾੜ ਜਿਨਾ ਧਨ ਮਾਲ ਹੋਵੇ, ਪਰ ਉਸ ਨੂੰ ਭਗਵਾਨ ਮਨੋ ਵਿਸਰ ਜਾਏ,ਤਾਂ ਭਗਵਾਨ ਦੇ ਦਰਬਾਰ ਵਿਚ ਉਸ ਦੀ ਕੀਮਤ ਉਸ ਕੀੜੀ ਦੇ ਬਰਾਬਰ ਵੀ ਨਹੀਂ ਹੋਏਗੀ ਜੋ ਭਗਵਾਨ ਨੂੰ ਆਪਣੇ ਮਨ ਵਿਚੋਂ ਨਹੀਂ ਭੁਲਾਉਂਦੀ।

## ੧੦. ਅਕਥ

### ੨੪

**"ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥**
**ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥**
**ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥**
**ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥**
**ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥**
**ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥**
**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥**
**ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ" ॥ ੨੪ ॥**

ਭਗਵਾਨ ਦੀਆਂ ਸਿਫ਼ਤਾਂ ਤੇ ਉਸ ਦੇ ਗੁਣਾਂ ਦਾ ਕੋਈ ਅੰਤ ਨਹੀਂ। ਸਾਡੇ ਕਹਿਣ ਦਾ ਵੀ ਅੰਤ ਨਹੀਂ, ਜਾਂ ਉਨ੍ਹਾਂ ਸਿਫਤਾਂ ਦੇ ਕਹਿਣ ਦਾ ਅੰਤ ਨਹੀਂ। ਉਹ ਹਜ਼ਾਰਾਂ ਮੂੰਹਾਂ ਨਾਲ ਕਹਿ ਰਹੇ ਹਨ, ਪਰ ਉਸ ਦਾ ਅੰਤ ਨਹੀਂ। ਇਲਾਵਾ ਇਸ ਦੇ, ਉਹ ਸਤਿਪੁਰਖਾਂ ਦੇ ਮੂੰਹ ਤੋਂ ਭੀ ਕਹਿੰਦੇ ਜਾਂਦੇ ਹਨ।

ਭਗਵਾਨ ਦੀ ਕਰਨੀ ਬੇ-ਅੰਤ ਹੈ। ਉਸ ਦੀ ਦਾਤ ਦਾ ਵੀ ਕੋਈ ਸ਼ੁਮਾਰ ਨਹੀਂ। ਉਸ ਦੇ 'ਵੇਖਣਿ' ਦਾ ਅਤੇ 'ਸੁਣਨਿ' ਦਾ ਅੰਤ ਨਹੀਂ। ਉਹ ਦ੍ਰਿਸ਼ਟਾ ਰੂਪ ਵਿਚ ਖ਼ੂਬ ਵੇਖਦਾ ਹੀ ਰਹਿੰਦਾ ਹੈ, ਸੁਣਦਾ ਹੀ ਰਹਿੰਦਾ ਹੈ। 'द्रष्टव्यः श्रोतव्यो मन्तव्यो निदिध्या-

ਸਿਤਾਰਥ: ।' ਉਹ ਮਨ ਵਿਚ ਕੀ ਮਨਨ ਕਰਦੇ ਹਨ, ਉਸ ਦਾ ਕੋਈ ਅੰਤ ਨਹੀਂ ਹੈ। ਇਹ ਨਹੀਂ ਜਾਣਿਆ ਜਾ ਸਕਦਾ।

ਉਸ ਨੇ ਕਿੰਨਾ ਆਕਾਰ ਕੀਤਾ, ਉਸ ਦਾ ਅੰਤ ਨਹੀਂ ਦਿਸਦਾ। ਇਸ ਪਾਰ ਦਾ, ਉਸ ਪਾਰ ਦਾ, ਕੋਈ ਕਿਨਾਰਾ ਨਹੀਂ ਆ ਸਕਦਾ। ਉਸ ਦੇ ਅੰਤ ਦੀ ਪ੍ਰਾਪਤੀ ਲਈ ਪਰਮੇਸ਼ਰ ਦੇ ਸਰੂਪ ਦਾ ਅੰਤ ਪਤਾ ਚਲ ਜਾਏ, ਉਸ ਦਾ ਰਹੱਸ ਮਾਲੂਮ ਹੋ ਜਾਏ, ਇਸ ਬਾਰੇ ਕ੍ਰਿਨੇ ਹੀ ਲੋਕਾਂ ਨੇ ਕੋਸ਼ਿਸ਼ ਕੀਤੀ ਹੈ। ਕਿੰਨੇ ਹੀ ਉਸ ਲਈ ਵਿਆਕੁਲ ਹੋ ਗਏ, ਫਿਰ ਵੀ ਉਸ ਦਾ ਅੰਤ ਨਹੀਂ ਪਾਇਆ ਜਾਂਦਾ। ਉਸ ਦਾ ਨਾਮ ਹੀ ਅਨੰਤ ਹੈ, ਕੌਣ ਉਸ ਦਾ ਅੰਤ ਜਾਣੇਗਾ ?

ਅਸੀਂ ਉਸ ਦੇ ਸਰੂਪ ਦਾ ਵਰਣਨ ਕਰਨ ਦਾ ਯਤਨ ਕਰਦੇ ਹਾਂ, ਬਹੁਤ ਕਹਿੰਦੇ ਹਾਂ ਤਾਂ ਵੀ ਕਹਿਣ ਨੂੰ ਬਹੁਤ ਜ਼ਿਆਦਾ ਰਹਿ ਜਾਂਦਾ ਹੈ। ਨਿਸ਼ਾਨਾ ਸਦਾ ਅੱਗੇ ਤੋਂ ਅਗੇਰੇ ਹੁੰਦਾ ਜਾਂਦਾ ਹੈ। ਅਸੀਂ ਉਸ ਦੇ ਨਜ਼ਦੀਕ ਪਹੁੰਚਦੇ ਹਾਂ, ਤਾਂ ਉਹ ਹੋਰ ਅੱਗੇ ਵਧ ਜਾਂਦਾ ਹੈ। ਸ਼ਾਸਤ੍ਰਾਂ ਨੇ ਇਸੇ ਤਰ੍ਹਾਂ ਕਿਹਾ ਹੈ ਕਿ ਉਸ ਦਾ ਅੰਤ ਨਹੀਂ ਆਏਗਾ। ਕਿਉਂਜੋ ਜਿੰਨਾ ਅਸੀਂ ਉਸ ਦੀ ਕਲਪਨਾ ਨੂੰ ਅੱਗੇ ਅੱਗੇ ਵਧਾਂਦੇ ਜਾਵਾਂਗੇ, ਉੱਨਾ ਹੀ ਉਹ ਹੋਰ ਉਪਰ-ਉਪਰ ਦਾ ਹੁੰਦਾ ਦਿਸੇਗਾ।

ਉਹ ਵੱਡਾ ਸਾਹਿਬ ਹੈ। ਉਸ ਦੀ ਬਹੁਤ ਉੱਚੀ ਥਾਂ ਹੈ। ਪਰ ਉਸ ਉੱਚੀ ਥਾਂ ਤੋਂ ਵੀ ਉਸ ਦਾ ਨਾਂ ਹੋਰ ਉੱਚਾ ਹੈ। ਉਸ ਦੇ ਥਾਂ ਦੀ ਉਚਾਈ ਤੋਂ, ਨਾਮ ਦੀ ਉਚਾਈ ਜ਼ਿਆਦਾ ਹੈ। ਨਾਮ, ਰੂਪ ਤੋਂ ਵੱਡਾ ਹੈ, ਇਹ ਤੁਲਸੀ ਦਾਸ ਨੇ ਰਾਮਾਯਣ ਵਿਚ ਬਹੁਤ ਸੁੰਦਰ ਆਖਿਆ ਹੈ, **'ਕਹਉਂ ਨਾਮੁ ਬੜ ਰਾਮ ਤੇਂ ਨਿਜ ਬਿਚਾਰ ਅਨੁਸਾਰ।'** ਨਾਮਦੇਵ ਨੇ ਇਕ ਹੋਰ ਗੱਲ ਕਹੀ ਹੈ, "**ਉਸ ਦਾ ਨਾਮ ਸੁੰਦਰ ਹੈ, ਰੂਪ ਸੁੰਦਰ ਹੈ, ਪਰ ਉਸ ਦਾ ਪ੍ਰੇਮ, ਹੋਰ ਵਧੇਰੇ ਸੁੰਦਰ ਹੈ।**" ਉਸ ਦੇ ਨਾਮ ਅਤੇ ਰੂਪ ਤੋਂ ਵੀ ਉਸ ਦਾ ਪ੍ਰੇਮ ਵੱਡਾ ਹੈ।

ਇੰਨਾ ਉੱਚਾ, ਵੱਡਾ ਜੋ ਕੋਈ ਹੋਏਗਾ, ਉਹੋ ਉਸ ਉੱਚੇ ਦਾ ਸਰੂਪ ਜਾਣ ਸਕੇਗਾ। ਇਸ ਲਈ ਉਹ ਕਿੰਨਾ ਵੱਡਾ ਹੈ, ਉਹ ਆਪੇ ਹੀ ਜਾਣਦਾ ਹੈ।

**'ਨਦਰੀ'** ਅਤੇ **'ਕਰਮੀ'** ਇਹ ਦੋਵੇਂ ਸ਼ਬਦ ਭਗਵਾਨ ਦੀ ਪ੍ਰਸੰਨਤਾ ਦੇ ਸੂਚਕ ਹਨ। (ਨਦਰ ਅਰਥਾਤ ਨਜ਼ਰ ਅਤੇ ਕਰਮ ਅਰਥਾਤ ਉਦਾਰਤਾ)। ਗੁਰੂ ਨਾਨਕ ਜੀ ਆਖਦੇ ਹਨ ਕਿ ਭਗਵਾਨ ਦੀ ਕ੍ਰਿਪਾ ਹੁੰਦੀ ਹੈ, ਉਦਾਰਤਾ ਹੁੰਦੀ ਹੈ, ਤਾਂ ਉਹ ਦਾਤ ਮਿਲਦੀ ਹੈ। ਆਪਣੀ ਕਰਨੀ ਨਾਲ ਅਸੀਂ ਕੁਝ ਪ੍ਰਾਪਤ ਕਰਨ ਵਾਲੇ ਨਹੀਂ ਹਾਂ। ਇਸ ਲਈ ਉੱਨਾ ਹੀ ਗਿਆਨ ਸਾਨੂੰ ਮਿਲੇਗਾ ਜਿੰਨੀ ਉਸ ਦੀ ਕ੍ਰਿਪਾ ਹੋਏਗੀ।

ਅਸੀਂ ਆਪਣੀ ਸੁਤੰਤਰ ਬੁੱਧੀ ਨਾਲ ਗਿਆਨ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ ਉਸ ਦੀ ਕ੍ਰਿਪਾ-ਦ੍ਰਿਸ਼ਟੀ ਚਾਹੀਦੀ ਹੈ। ਭਗਵਤ ਗੀਤਾ ਦੇ 11ਵੇਂ ਅਧਿਆਇ ਵਿਚ ਭਗਵਾਨ ਨੇ ਅਰਜੁਨ ਨੂੰ ਦਿੱਵ ਦ੍ਰਿਸ਼ਟੀ ਦੀ ਦਾਤ ਦਿੱਤੀ ਹੈ। ਸਾਧਾਰਣ ਦ੍ਰਿਸ਼ਟੀ ਨਾਲ ਵਿਸ਼ਵਰੂਪ ਨਹੀਂ ਵੇਖਿਆ ਜਾ ਸਕਦਾ, ਉਸ ਲਈ ਦਿੱਵ ਦ੍ਰਿਸ਼ਟੀ ਚਾਹੀਦੀ ਹੈ। ਪਰ ਦਿੱਵ ਦ੍ਰਿਸ਼ਟੀ ਮਿਲਣ ਤੇ ਵੀ ਵਿਸ਼ਵਰੂਪ ਅਨੰਤ ਹੈ; ਇੰਜ ਹੀ ਅਰਜੁਨ ਨੂੰ ਜਾਪਿਆ।

ਗਿਆਨੇਸ਼੍ਵਰ ਨੇ ਵੀ ਕਿਹਾ ਹੈ ਕਿ ਸਾਧਾਰਣ ਦ੍ਰਿਸ਼ਟੀ ਨੂੰ ਉੱਨਾ ਵੀ ਨਹੀਂ ਪਤਾ ਹੁੰਦਾ, ਪਰ ਦਿੱਵ ਦ੍ਰਿਸ਼ਟੀ ਨੂੰ ਨਿਰਮਲ ਗਿਆਨ ਹੁੰਦਾ ਹੈ ਕਿ ਉਹ ਅਨਤ ਹੈ।

੨੫

"ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥
ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥
ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥
ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥
ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥
ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥
ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥"੨੫ ॥

ਭਗਵਾਨ ਦੀ ਮਹੱਤਾ ਦਾ ਕੋਈ ਨਾਪ-ਤੋਲ ਨਹੀਂ ਹੈ। ਜਿੰਨਾ ਉਸ ਦਾ ਰੂਪ ਵਿਸ਼ਾਲ ਹੈ, ਉਸ ਤੋਂ ਵੀ ਉਚੇਰਾ ਨਾਪ ਹੈ। ਉਹ ਕਿੰਨਾ ਵੱਡਾ ਹੈ, ਉਹ ਆਪ ਹੀ ਜਾਣਦਾ ਹੈ। ਗੁਰੂ ਨਾਨਕ ਜੀ ਆਖਦੇ ਹਨ ਕਿ ਉਸ ਦੀ (ਮਿਹਰ ਦੀ) ਨਜ਼ਰ ਜਿਨ੍ਹਾਂ ਤੇ ਪਏਗੀ, ਉਸ ਨੂੰ ਉਹ ਦਾਨ ਮਿਲੇਗਾ, ਉਹੋ ਪਰਮੇਸ਼ਰ ਤਕ ਪੁੱਜੇਗਾ।

ਪਰਮੇਸ਼ਰ ਦੀ ਬਖ਼ਸ਼ਿਸ਼ ਬਹੁਤ ਹੀ ਹੈ। ਉਸ ਦਾ ਮੂਲਿਆਂਕਣ ਨਹੀਂ ਹੋ ਸਕਦਾ। ਤੁਕਾਰਾਮ ਨੇ ਵਰਣਨ ਕੀਤਾ ਹੈ:

"ਤੁਜ ਐਸਾ ਕੋਣੀ ਨ ਦੇਖੇ ਉਦਾਰ।
ਅਭਯਦਾਨਸ਼ੂਰ ਪਾਂਡੁਰੰਗਾ।"

[ਹੇ ਭਗਵਾਨ ! ਤੇਰੇ ਜੇਹਾ ਉਦਾਰ ਕੋਈ ਨਹੀਂ ਹੈ। ਦੂਜੇ ਤਾਂ ਹੁੰਦੇ ਹਨ ਦਾਨੀਵੀਰ, ਪਰ ਤੂੰ ਅਭੈ (ਨਿਰਭਉ) ਦਾਨ ਸੂਰ ਹੈ।]

ਉਹ ਮਹਾਨ ਦਾਤਾ ਹੈ, ਅਤੇ ਦੇਂਦਾ ਹੈ ਤਾਂ ਉਸ ਨੂੰ ਲੈਣ ਦੀ ਤਿਲ-ਭਰ ਵੀ ਪਰਵਾਹ ਨਹੀਂ ਹੈ। ਉਹ ਨਿਸ਼ਕਾਮ ਦਾਤਾ ਹੈ। ਭਗਵਾਨ ਨੇ ਗੀਤਾ ਵਿਚ ਨਿਸ਼ਕਾਮ ਕਰਮ ਯੋਗ ਦਾ ਵਰਣਨ ਕੀਤਾ ਹੈ, ਪਰ ਇਥੇ ਆਇਆ ਹੈ ਕਿ ਭਗਵਾਨ ਦੀ ਦੇਣ ਵਿਚ ਕੋਈ ਕਾਮਨਾ ਨਹੀਂ ਹੈ।

ਦੁਨੀਆ ਵਿਚ ਭਗਵਾਨ ਦੀ ਇੰਨੀ ਬਖ਼ਸ਼ਿਸ਼ ਹੁੰਦਿਆਂ ਵੀ ਕਿੰਨੇ ਹੀ ਜੋਧੇ ਹਨ ਜਿਹੜੇ ਉਨ੍ਹਾਂ ਕੋਲ ਮੰਗਦੇ ਹੀ ਰਹਿੰਦੇ ਹਨ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ। ਜੋ ਅਧਿਆਤਮਿਕ ਬੀਰ ਪੁਰਖ ਹੁੰਦੇ ਹਨ, ਉਹ ਭਗਵਾਨ ਤੋਂ ਮੰਗਦੇ ਹਨ, ਦੁਨੀਆ ਤੋਂ ਨਹੀਂ

ਮੰਗਦੇ । ਭਗਵਾਨ ਦੇ ਅਜੇਹੇ ਜਾਚਕਾਂ ਦੀ ਕਿੰਨੀ ਗਿਣਤੀ ਹੈ ? ਇਸ ਦਾ ਵਿਚਾਰ ਨਹੀਂ ਹੋ ਸਕਦਾ । ਪਰ ਕੁਝ ਅਜੇਹੇ ਲੋਕ ਵੀ ਪਏ ਹਨ, ਜੋ ਭਗਵਾਨ ਕੋਲੋਂ ਮੰਗਣ ਦੀ ਥਾਂ ਆਪਣੀਆਂ ਇੰਦ੍ਰੀਆਂ ਦੇ ਭੋਗਾਂ ਵਿਚ ਪੈ ਕੇ ਕਮਜ਼ੋਰ ਹੋ ਕੇ ਟੁੱਟ ਜਾਂਦੇ ਹਨ ਤੇ ਬੇਕਾਰ ਹੋ ਜਾਂਦੇ ਹਨ ।

ਕੁਝ ਲੋਕ ਅਜੇਹੇ ਵੀ ਹੁੰਦੇ ਹਨ ਜੋ ਲੈ ਲੈ ਕੇ ਵੀ ਮੁੱਕਰ ਜਾਂਦੇ ਹਨ, ਪਈ ਕੁਝ ਵੀ ਨਹੀਂ ਮਿਲਿਆ, ਅਰਥਾਤ ਉਹ ਕ੍ਰਿਤਘਣ ਹਨ । ਕਿੰਨੇ ਹੀ ਮੂਰਖ ਅਜੇਹੇ ਹਨ ਜੋ ਖਾਂਦੇ ਹੀ ਚਲੇ ਜਾਂਦੇ ਹਨ ਅਤੇ ਪਛਾਣਦੇ ਨਹੀਂ ਕਿ ਸਭ ਕੁਝ ਭਗਵਾਨ ਤੋਂ ਮਿਲਿਆ ਹੈ । ਕਿੰਨੇ ਹੀ ਅਜੇਹੇ ਲੋਕ ਹਨ ਜਿਨ੍ਹਾਂ ਨੂੰ ਦੁੱਖ ਤੇ ਭੁੱਖ ਦੀ ਸਦਾ ਮਾਰ ਪੈਂਦੀ ਹੈ, ਪਰ ਉਹ ਸਮਝਦੇ ਹਨ ਕਿ ਸਾਡੇ ਉਪਰ ਇਹ ਵੀ ਦਾਤੇ ਦੀ ਬੜੀ ਮਿਹਰ ਹੈ । 'ਹੇ ਦਾਤਾਰ ! ਇਹ ਵੀ ਦਾਤ ਤੇਰੀ ਹੈ, ਤੇਰੀ ਬੜੀ ਮਿਹਰ ਸਾਡੇ ਤੇ ਹੋ ਰਹੀ ਹੈ,' ਇੰਜ ਆਖਦੇ ਹਨ । ਉਹ ਅਜੇਹੇ ਕ੍ਰਿਤੱਗ ਤੇ ਵੈਰਾਗਵਾਨ ਭਗਤ ਹੁੰਦੇ ਹਨ ਜੋ ਦੁੱਖ ਭੋਗਣ ਵਿਚ ਵੀ ਭਗਵਾਨ ਦਾ ਉਪਕਾਰ ਮੰਨਦੇ ਹਨ ।

ਹੇ ਭਗਵਾਨ ! ਤੇਰੇ ਭਾਣੇ ਨਾਲ ਹੀ ਬੰਧਨ ਤੋਂ ਖਲਾਸੀ ਮਿਲਦੀ ਹੈ । ਇਸ ਤੋਂ ਵੱਖਰਾ ਮੁਕਤੀ ਦਾ ਹੋਰ ਸਾਧਨ ਕੋਈ ਦੱਸ ਨਹੀਂ ਸਕਦਾ । 'ऋते ज्ञानात् न मुक्तिः', ਗਿਆਨ ਤੋਂ ਬਿਨਾ ਮੁਕਤੀ ਨਹੀਂ ਲਭਦੀ, ਇਸ ਪ੍ਰਕਾਰ ਅਦ੍ਵੈਤ-ਪੰਥ ਕਹਿੰਦਾ ਹੈ। ਪਰ ਭਗਤੀ-ਪੰਥ ਦੂਜੀ ਗੱਲ ਕਹਿੰਦਾ ਹੈ । ਈਸਾ ਦੀ ਕ੍ਰਿਪਾ (grace) ਤੋਂ ਬਿਨਾ ਮੁਕਤੀ ਨਹੀਂ, ਇਸ ਪ੍ਰਕਾਰ ਈਸਾਈ-ਮਤ ਆਖਦਾ ਹੈ । ਪਰਮੇਸ਼ਰ ਦੀ ਕ੍ਰਿਪਾ ਤੋਂ ਬਿਨਾ ਮੁਕਤੀ ਦਾ ਦੂਜਾ ਕੋਈ ਰਾਹ ਨਹੀਂ, ਇੰਜ ਭਗਤੀ-ਪੰਥ ਅ ਖਦਾ ਹੈ । ਦੋਹਾਂ ਵਿਚ ਵਿਰੋਧ ਨਹੀਂ, ਕਿਉਂਜੋ ਪਰਮੇਸ਼ਰ ਦੀ ਕ੍ਰਿਪਾ ਨਾਲ ਗਿਆਨ ਹੋਏਗਾ ਅਤੇ ਉਸ ਤੋਂ ਮੁਕਤੀ ਮਿਲੇਗੀ । ਇਸ ਪ੍ਰਕਾਰ ਦੋਹਾਂ ਦਾ ਸੁਮੇਲ ਹੋ ਸਕਦਾ ਹੈ ।

ਕੋਈ ਮੂਰਖ (ਖਾਇਕੁ) ਆਖਣ ਲੱਗੇ ਕਿ ਮੁਕਤੀ ਦਾ ਦੂਜਾ ਰਾਹ ਵੀ ਹੁੰਦਾ ਹੈ, ਤਾਂ ਉਸ ਨੂੰ ਕਿੰਨੇ ਥੱਪੜ ਖਾਣੇ ਪੈਣਗੇ, ਇਹ ਉਹੋ ਅਨੁਭਵ ਕਰੇਗਾ । ਅਤੇ ਫਿਰ ਐਸਾ ਕਹਿਣ ਦਾ ਢੀਠਪੁਣਾ ਨਹੀਂ ਕਰੇਗਾ । ਅਰਥਾਤ ਪਰਮੇਸ਼ਰ ਦੀ ਕ੍ਰਿਪਾ ਤੋਂ ਬਿਨਾ ਕੋਈ ਨਿਜ-ਆਧਾਰਿਤ ਸਾਧਨ ਢੂੰਢੇਗਾ, ਤਾਂ ਉਸ ਨੂੰ ਹੰਕਾਰ ਵਿਚ ਪੈ ਕੇ ਮਾਰ ਖਾਣੀ ਪਏਗੀ । ਭਗਵਦ ਗੀਤਾ ਵਿਚ ਆਇਆ ਹੈ ਕਿ ਅਵਿਅਕਤ ਉਪਾਸਨਾ ਬਹੁਤ ਦੁਖਦਾਈ ਹੈ । ਭਗਵਾਨ ਆਪ ਆਪਣੇ ਭਗਤ ਦੀ ਗਰਜ਼ ਜਾਣਦਾ ਹੈ ਅਤੇ ਆਪ ਹੀ ਉਸ ਨੂੰ ਦੇ ਦੇਂਦਾ ਹੈ । ਪਰ ਅਜੇਹਾ ਕਹਿਣ ਵਾਲੇ ਵੀ ਥੋੜੇ ਹੀ ਨਿਕਲਦੇ ਹਨ । ਅਜੇਹਾ ਅਨੁਭਵ ਜਿਨ੍ਹਾਂ ਨੂੰ ਹੋਇਆ ਹੈ ਕਿ ਭਗਵਾਨ ਨੇ ਆਪ ਸਾਡੀ ਗਰਜ਼ ਪਛਾਣ ਕੇ ਸਾਨੂੰ ਦਿੱਤਾ ਹੈ, ਇਹ ਕਹਿ ਸਕਣ ਵਾਲੇ ਵੀ ਥੋੜੇ ਹੀ ਹਨ । ਅਸਲ ਵਿਚ ਉਹੋ ਅਨੁਭਵ ਠੀਕ ਹੈ । ਪਰ ਉਹ ਘੱਟ ਲੋਕਾਂ ਨੂੰ ਹੁੰਦਾ ਹੈ । ਤਮਿਲ ਸੰਤ ਮਾਣਿਕਜਵਾਚਕਰ ਨੇ ਆਖਿਆ ਹੈ—ਭਗਵਾਨ ਆਪ ਆਏ ਤੇ ਮੇਰੇ ਹਿਰਦੇ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੇ ਮੈਨੂੰ ਭਗਤ ਬਣਾਇਆ । ਜਿਨ੍ਹਾਂ ਨੂੰ ਭਗਤੀ-ਦਾਨ ਮਿਲਿਆ, ਉਹ ਵੀ ਥੋੜੇ ਹੀ ਹਨ । ਪਰ ਜਿਨ੍ਹਾਂ ਨੂੰ ਮੁਕਤੀ-ਦਾਨ ਮਿਲਿਆ,

ਉਹ ਹੋਰ ਵੀ ਥੋੜੇ ਹਨ ।

ਦੂਜਾ ਅਰਥ ਇਹ ਹੋਏਗਾ ਕਿ ਦੂਜੇ ਤੀਜੇ ਕਵਿਤਾ ਕਰਨ ਵਾਲੇ ਮਿਲਦੇ ਹਨ, ਪਰ ਭਗਵਾਨ ਦੀ ਅਜੇਹੀ ਮਹਿਮਾ ਗਾਉਣ ਵਾਲੇ ਘੱਟ ਹੀ ਮਿਲਦੇ ਹਨ । ਭਗਵਾਨ ਨੇ ਕ੍ਰਿਪਾ ਕਰਕੇ ਜਿਨ੍ਹਾਂ ਨੂੰ ਭਗਵੰਤ-ਗੁਣ ਗਾਉਣ ਦਾ ਗੁਣ ਦਿੱਤਾ ਹੈ, ਸਲਾਹੁਣ ਦੀ ਸਿਫ਼ਤ ਦਿੱਤੀ ਹੈ, ਉਨ੍ਹਾਂ ਪ੍ਰਤਿ ਗੁਰੂ ਨਾਨਕ ਜੀ ਆਖਦੇ ਹਨ ਕਿ ਉਹ ਲੋਕ ਪਾਤਿਸ਼ਾਹਾਂ ਦੇ ਵੀ ਪਾਤਿਸ਼ਾਹ ਹੁੰਦੇ ਹਨ । ਇਹ ਸਿਫ਼ਤ ਸਲਾਹ ਦੀ ਦਾਤ ਬਹੁਤ ਵੱਡੀ ਹੈ । ਇਹ ਜਿਸ ਨੂੰ ਮਿਲਦੀ ਹੈ, ਉਸ ਦੀ ਬਾਣੀ ਨੂੰ ਇਹੋ ਪ੍ਰੇਰਣਾ ਮਿਲਦੀ ਹੈ ਕਿ ਉਹ ਸਦਾ ਭਗਵਾਨ ਦੇ ਗੁਣ ਗਾਏ ।

ਇਸ ਪਉੜੀ ਵਿਚ ਪਰਮੇਸ਼ਰ ਦੀ ਬਖ਼ਸ਼ਿਸ਼ ਦਾ ਵਰਣਨ ਹੈ । ਮੁਕਤੀ ਵੀ ਭਗਵਾਨ ਹੀ ਦੇਂਦਾ ਹੈ, ਉਸ ਦੀ ਦਾਤ ਇੰਨੀ ਵੱਡੀ ਹੈ । ਪਰ ਉਸ ਦੀ ਸਭ ਤੋਂ ਵੱਡੀ ਦੇਣ ਹੈ ਕਿਸੇ ਨੂੰ ਭਗਤੀ ਦੀ ਪ੍ਰੇਰਣਾ ਦੇਣੀ ।

## ੨੬

"ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁ ਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ" ॥ ੨੬ ॥

ਇਸ ਪਉੜੀ ਵਿਚ ਪਰਮੇਸ਼ਰ ਦੇ ਗੁਣਾਂ ਦਾ ਵਰਣਨ ਹੈ । ਪਰਮੇਸ਼ਰ ਦੇ ਗੁਣ ਅਣਮੋਲ ਹਨ । ਇਨ੍ਹਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ । ਉਨ੍ਹਾਂ ਗੁਣਾਂ ਦੀ ਪੂੰਜੀ ਲੈ ਕੇ ਉਨ੍ਹਾਂ ਦਾ ਜੋ ਵਪਾਰ ਚਲਦਾ ਹੈ, ਉਹ ਵੀ ਅਣਮੋਲ ਹੈ; ਉਹ ਵਪਾਰੀ ਵੀ ਅਣਮੋਲ ਹੈ । ਉਸ ਦੇ ਕੋਲ ਜੋ ਤਰ੍ਹਾਂ ਤਰ੍ਹਾਂ ਦਾ ਮਾਲ ਅਥਵਾ ਗੁਣ ਰੂਪੀ ਭੰਡਾਰ ਹੈ, ਉਹ ਵੀ ਅਮੋਲਕ ਹੈ ।

ਇਸ ਸੰਸਾਰ ਵਿਚ ਸੇਵਾ-ਕਾਰਜ, ਧਰਮ-ਕਾਰਜ ਕਰਨ ਵਾਲੇ ਅਨੇਕ ਆਉਂਦੇ ਹਨ, ਉਹ ਵੀ ਅਮੋਲਕ ਹਨ। ਜੋ ਭਗਵਾਨ ਦਾ ਕੰਮ ਕਰਨ ਲਈ ਇਸੇ ਦੁਨੀਆ ਵਿਚ ਆਉਂਦੇ ਹਨ, ਭਗਵਾਨ ਦਾ ਵਪਾਰ ਉਨ੍ਹਾਂ ਰਾਹੀਂ ਚਲਦਾ ਹੈ। ਅਤੇ ਜੋ ਲੈ ਜਾਣ ਵਾਲੇ ਹਨ, ਜੋ ਇਥੋਂ ਅਨੰਤ ਗੁਣ ਲੈ ਕੇ ਜਾਂਦੇ ਹਨ, ਉਹ ਵੀ ਅਮੋਲਕ ਹਨ। ਉਨ੍ਹਾਂ ਵਿਚੋਂ ਜੋ ਭਗਵਾਨ ਨਾਲ ਪਿਆਰ ਕਰਨ ਵਾਲੇ ਹਨ, ਉਹ ਵੀ ਅਮੋਲਕ ਹਨ। ਅੰਤ ਵਿਚ ਜੋ ਭਗਵਾਨ ਵਿਚ ਸਮਾ ਜਾਂਦੇ ਹਨ, ਉਹ ਅਮੋਲਕ ਹਨ।

ਇਸ ਤਰ੍ਹਾਂ ਆਉਣ ਵਾਲੇ ਸਾਧਕ, ਲੈ ਜਾਣ ਵਾਲੇ ਗਿਆਨੀ, ਪ੍ਰੇਮ ਕਰਨ ਵਾਲੇ ਭਗਤ ਅਤੇ ਭਗਵਾਨ ਵਿਚ ਸਮਾ ਜਾਣ ਵਾਲੇ ਮੁਕਤ, ਸਭ ਅਮੋਲਕ ਹਨ। ਭਗਵਾਨ ਦਾ ਧਰਮ ਅਮੋਲਕ ਹੈ। 'ਦੀਬਾਣੁ' ਅਰਥਾਤ ਦਰਬਾਰ। ਭਗਵਾਨ ਦੇ ਜਿਸ ਦਰਬਾਰ ਵਿਚ ਧਰਮ-ਚਰਚਾ ਚਲਦੀ ਹੈ ਅਤੇ ਕਰਮ ਦੇ ਅਨੁਸਾਰ ਫ਼ੈਸਲਾ ਦਿੱਤਾ ਜਾਂਦਾ ਹੈ, ਉਹ ਅਦਭੁਤ ਹੈ। ਉਸ ਵਿਚ ਜੋ ਤੋਲਣ ਵਾਲ਼ਾ ਹੈ,ਉਸ ਕੋਲ ਜੋ ਤੱਕੜੀ (ਧਰਮ-ਤੁਲਾ) ਤੇ ਵੱਟੇ ਹਨ, ਉਹ ਵੀ ਅਮੋਲਕ ਹਨ। ਭਗਵਾਨ ਜਿਸ ਕਸੌਟੀ ਤੇ ਜੀਵਾਂ ਨੂੰ ਕਸਦਾ ਹੈ, ਉਹ ਸਾਧਾਰਣ ਨਹੀਂ। ਭਗਵਾਨ ਕੇਵਲ ਉਪਰ ਦਾ ਕੰਮ ਨਹੀਂ ਵੇਖਦਾ, ਕਿਸੇ ਦੀ ਕਿੰਨੀ ਅੰਦਰੋਂ ਸ਼ੁੱਧੀ ਹੈ, ਇਹ ਵੇਖਦਾ ਹੈ। ਇਸ ਲਈ ਭਗਵਾਨ ਦੇ ਵੱਟੇ ਅਤੇ ਤੱਕੜੀ ਅਮੋਲਕ ਹਨ। ਵਿਹਾਰਕ ਭਾਸ਼ਾ ਵਿਚ ਉਨ੍ਹਾਂ ਦੀ ਤੁਲਨਾ ਨਹੀਂ ਹੋ ਸਕਦੀ।

ਉਸ ਦੀ **'ਬਖਸੀਸ'** ਅਰਥਾਤ ਖਿਮਾ-ਸ਼ੀਲਤਾ ਅਮੋਲਕ ਹੈ। ਉਸ ਨੇ ਖਿਮਾ ਦੀ ਬਖ਼ਸ਼ੀਸ਼ ਦਿੱਤੀ, ਇਸ ਦਾ 'ਨੀਸਾਣੁ' (ਚਿੰਨ੍ਹ) ਵੀ ਅਮੋਲਕ ਹੈ। **'ਕਰਮ'** ਅਰਥਾਤ ਉਦਾਰਤਾ। ਉਸ ਦਾ ਪਾਪ ਨੂੰ ਮਾਫ਼ ਕਰਨਾ ਅਤੇ ਪੁੰਨ ਲਈ ਇਨਾਮ ਦੇਣਾ, ਇਹ ਦੋਵੇਂ ਕਰਮ ਅਮੋਲਕ ਹਨ। ਉਸ ਦਾ 'ਫੁਰਮਾਣੁ' ਜਾਂ ਹੁਕਮ ਅਮੋਲਕ ਹੈ। ਨਿਆਇਕਾਰੀ ਫ਼ੈਸਲਾ ਦੇਂਦਾ ਹੈ, ਤਾਂ ਉਸ ਤੇ ਅਮਲ ਕਰਾਉਣ ਦੀ ਯੋਜਨਾ ਵੀ ਹੈ। ਇਸ ਲਈ ਉਹ ਫ਼ੈਸਲਾ ਅਮੁੱਲ ਹੈ। ਭਗਵਾਨ ਦਾ ਸਭ ਕੁਝ ਅਮੋਲਕ ਹੀ ਅਮੋਲਕ ਹੈ; ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਇਹ ਦੀਜ਼ ਜਪੁਜੀ ਵਿਚ ਵਾਰ ਵਾਰ ਆਈ ਹੈ। ਤੁਲਸੀ ਦਾਸ ਵੀ ਵਰਣਨ ਕਰਦੇ ਹਨ ਅਤੇ ਫਿਰ **'ਕਛੁ ਬਰਨਿ ਨ ਜਾਈ'**—ਵਰਣਨ ਨਹੀਂ ਹੋ ਸਕਦਾ, ਕਹਿ ਦੇਂਦੇ ਹਨ। ਬਹੁਤੇ ਕਵੀ ਇਸ ਤਰ੍ਹਾਂ ਨਹੀਂ ਆਖਦੇ, ਪਰ ਤੁਲਸੀ ਦਾਸ ਜਿਸ ਪੱਧਰ ਤੇ ਸੋਚਦੇ ਹਨ, ਉਹ ਸਾਧਾਰਣ ਸਾਹਿਤ ਦੀ ਪੱਧਰ ਨਹੀਂ, ਇਹ ਹੋਰ ਹੀ ਪੱਧਰ ਹੈ। ਇਸ ਲਈ ਉਥੇ ਬਾਣੀ ਰੁਕ ਰੁਕ ਕੇ ਪ੍ਰਗਟ ਹੁੰਦੀ ਹੈ। ਉਥੇ ਜਿਵੇਂ ਉਸ ਦਾ ਵਰਣਨ ਜ਼ਰੂਰੀ ਹੈ, ਉਸ ਤਰ੍ਹਾਂ ਉਸ ਦਾ ਰੁਕਣਾ ਵੀ ਜ਼ਰੂਰੀ ਹੈ। ਕਹਿ ਕਹਿ ਕੇ ਅਖ਼ੀਰ ਜੋ ਆਖਣ ਵਾਲੇ ਸਨ, ਉਹ ਲਿਵਲੀਨ ਹੋ ਗਏ, ਭਾਵ ਮੌਨ ਹੋ ਕੇ ਸਮਾਧੀ ਵਿਚ ਲੀਨ ਹੋ ਗਏ।

ਵੇਦ ਸੰਹਿਤਾ, ਪਦ ਪਾਠ, ਪੁਰਾਣ, ਇਹ ਸਾਰੇ ਭਗਵਾਨ ਦਾ ਵਰਣਨ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਪੜ੍ਹੇ-ਲਿਖੇ ਵਿਦਵਾਨ ਵੀ ਉਸ ਦਾ ਵਰਣਨ ਕਰਕੇ, ਉਸ ਉਤੇ ਲੰਮੇ ਚੌੜੇ ਵਿਆਖਿਆਨ ਦੇਂਦੇ ਹਨ। ਭਾਂਤ ਭਾਂਤ ਦੇ ਜੋ ਭਾਸ਼ਣ ਲਿਖੇ ਜਾਂਦੇ ਹਨ, ਉਹ ਸਭ ਭਗਵਾਨ ਦੇ ਵਰਣਨ ਦੇ ਪ੍ਰਯਤਨ ਹਨ।

ਭਗਵਾਨ ਦੇ ਗੁਣਾਂ ਦੀ, ਉਨ੍ਹਾਂ ਦੀ ਦਾਤ ਦੀ ਮਹਿਮਾ ਆਦਿ ਦੇ ਵਰਣਨ ਵਿਚ ਕੌਣ ਕੌਣ ਲੱਗੇ ਹੋਏ ਹਨ ? ਬ੍ਰਹਮ ਦੇਵ, ਇੰਦ੍ਰ, ਗੋਪੀ, ਗੋਵਿੰਦ, ਇਹ ਜੋ ਵਿਭਿੰਨ ਆਦਰਸ਼ ਮੰਨੇ ਜਾਂਦੇ ਹਨ, ਉਹ ਸਾਰੇ ਉਸ ਦੇ ਵਰਣਨ ਵਿਚ ਲੱਗੇ ਹਨ। ਗੋਵਿੰਦ ਨਾਮ ਭਗਵਾਨ ਦਾ ਹੈ, ਜਿਸ ਤਰ੍ਹਾਂ ਹਿੰਦੂਆਂ ਅਤੇ ਸਿਖਾਂ ਨੇ ਭੀ ਮੰਨਿਆ ਹੈ। ਪਰ ਇਥੇ ਉਹ ਗੋਵਿਦ ਨਹੀਂ ਹੈ। ਇਥੇ ਤਾਂ ਭਗਵਾਨ ਦਾ ਗੁਣ ਗਾਉਣ ਵਾਲਾ ਗੋਵਿੰਦ ਹੈ ਜੋ ਸਗੁਣ ਸਾਕਾਰ ਅਵਤਾਰ ਰੂਪੀ ਪ੍ਰਸਿੱਧ ਹੈ। ਭਗਵਾਨ ਤਾਂ ਸਗੁਣ ਨਿਰਾਕਾਰ ਹੈ। ਉਸ ਤੋਂ ਵੀ ਪਰੇ ਨਿਰਗੁਣ ਨਿਰਾਕਾਰ ਬ੍ਰਹਮ ਦੀ ਜੋ ਕਲਪਨਾ ਕੀਤੀ ਜਾਂਦੀ ਹੈ, ਉਸ ਦੀ ਇਥੇ ਭਾਵਨਾ ਹੀ ਨਹੀਂ ਹੈ।

**'ਬਰਮੇ ਇੰਦ'** ਆਖ ਕੇ ਉਪਨਿਸ਼ਦਾਂ ਦੀ ਸੂਚਨਾ ਦਿੱਤੀ ਗਈ ਹੈ। **'ਬ੍ਰਹਮ'** ਪ੍ਰਜਾਪਤਿ ਅਤੇ ਇੰਦ੍ਰ ਦਾ ਉੱਲੇਖ ਗੁਰੂ-ਸ਼ਿਸ਼ ਦੇ ਰੂਪ ਵਿਚ ਛਾਂਦੋਗ੍ਯ ਉਪਨਿਸ਼ਦ ਵਿਚ ਆਇਆ ਹੈ। **'ਗੋਪੀ ਗੋਵਿੰਦ'** ਆਖ ਕੇ ਭਗਵਾਨ ਦਾ ਜ਼ਿਕਰ ਹੈ। **'ਈਸਰ'** ਅਰਥਾਤ ਸ਼ੰਕਰ ਵੀ ਉਸ ਦੇ ਵਰਣਨ ਵਿਚ ਲੱਗਾ ਹੋਇਆ ਹੈ ਅਤੇ 'ਸਿਧ ਪੁਰਖ' ਵੀ ਲੱਗੇ ਹੋਏ ਹਨ। ਅਸੀਂ ਇਕ ਗੌਤਮ ਬੁੱਧ ਨੂੰ ਜਾਣਦੇ ਹਾਂ। ਪਰ ਭਗਵਾਨ ਨੇ ਕਿੰਨੇ **'ਬੁਧ'** ਪੈਦਾ ਕੀਤੇ, ਅਸੀਂ ਨਹੀਂ ਜਾਣਦੇ। ਉਹ ਸਭ ਆਪਣੇ ਆਪਣੇ ਢੰਗ ਨਾਲ ਭਗਵਾਨ ਦੇ ਵਰਣਨ ਵਿਚ ਲੱਗੇ ਹੋਏ ਹਨ, ਚਾਹੇ ਭਗਵਾਨ ਦਾ ਨਾਮ ਨਾ ਵੀ ਲੈਂਦੇ ਹੋਣ। ਇਥੇ **'ਈਸਰ'** ਭਾਵ ਸ਼ੈਵ ਸੰਪ੍ਰਦਾ, **'ਸਿਧ'** ਭਾਵ ਜੈਨੇ, **'ਬੁਧ'** ਭਾਵ ਬੋਧੀ ਸੰਪ੍ਰਦਾ ਦਾ ਜ਼ਿਕਰ ਹੈ। ਸ਼ੈਵਾਂ ਨੇ ਭਗਵਾਨ ਦੇ ਵਰਣਨ ਵਿਚ ਅਨੇਕ ਭਜਨ ਬਣਾਏ ਹਨ। ਇਸ ਤਰ੍ਹਾਂ ਸੰਹਿਤਾ, ਪਦ-ਪਾਠ, ਪੁਰਾਣ, ਭਾਸ਼, ਉਪਨਿਸ਼ਦ, ਭਾਗਵਤ, ਸ਼ੈਵ, ਬੋਧ, ਜੈਨ—ਇਹ ਸਾਰੇ ਭਗਵਾਨ ਦੇ ਵਰਣਨ ਵਿਚ ਲੱਗੇ ਹੋਏ ਦੱਸੇ ਹਨ। ਹੁਣ ਉਪਸੰਹਾਰ ਵਿਚ, ਜੋ ਬਚ ਗਏ ਸਨ, ਉਹ ਵੀ ਭਗਵਾਨ ਵਰਣਨ ਕਰਦੇ ਹਨ, ਇਹ ਦਸਿਆ ਹੈ। ਦਾਨਵ ਅਤੇ ਦੇਵ ਦੋਵੇਂ ਉਸ ਦਾ ਵਰਣਨ ਕਰਦੇ ਹਨ। ਦਾਨਵਾਂ ਨੂੰ ਭਗਵਾਨ ਦੇ ਵਰਣਨ ਦਾ ਅਵਸਰ ਇਸ ਲਈ ਮਿਲਿਆ ਹੈ ਕਿ ਭਗਵਾਨ ਉਨ੍ਹਾਂ ਦਾ ਨਿਗ੍ਰਹਿ (ਅਨੁਸ਼ਾਸਨ) ਕਰਦੇ ਹਨ। ਅਤੇ ਦੇਵਾਂ ਦਾ ਇਸ ਲਈ ਕਿ ਉਹ ਦੇਵਾਂ ਤੇ ਅਨੁਗ੍ਰਹਿ (ਪ੍ਰੇਮ) ਕਰਦੇ ਹਨ। ਇਸ ਤਰ੍ਹਾਂ ਭਗਵਾਨ ਨਿਗ੍ਰਹਿਕਾਰੀ ਤੇ ਅਨੁਗ੍ਰਹਿਕਾਰੀ ਹਨ। ਸੁਰ, ਨਰ, ਮੁਨਿ ਤੇ ਸੇਵਕ ਜਨ, ਇਹ ਸਾਰੇ ਭਗਵਾਨ ਦਾ ਵਰਣਨ ਕਰਦੇ ਹਨ। ਦੇਵ ਮਗਰੋਂ 'ਸੁਰ'ਸ਼ਬਦ ਆਇਆ ਹੈ; ਮੈਂ ਮੰਨਦਾ ਹਾਂ ਕਿ ਇਥੇ ਸੁਰ, ਨਰ, ਮੁਨਿ, ਇਹ ਸਾਰੇ ਸਾਧਕਾਂ ਦੇ ਪ੍ਰਕਾਰ ਮੰਨੇ ਗਏ ਹਨ। 'ਸੁਣਿਐ ਸਿਧ ਪੀਰ ਸੁਰਿ ਨਾਥ'— ਵਿਚ ਵੀ 'ਸੁਰਿ' ਸ਼ਬਦ ਸਾਧਕ ਦੇ ਰੂਪ ਵਿਚ ਆਇਆ ਹੈ। ਜਨ ਅਰਥਾਤ ਸਾਧਾਰਣ ਜਨਤਾ ਅਤੇ ਨਰ ਅਰਥਾਤ ਵਿਸ਼ੇਸ਼ ਮਨੁੱਖ।

**'ਕੇਤੇ ਆਖਹਿ ਆਖਣਿ ਪਾਹਿ'**—ਕਿੰਨੇ ਹੀ ਅਜੇਹੇ ਹਨ ਜੋ ਭਗਵਾਨ ਦਾ ਵਰਣਨ ਅੱਜ ਕਰ ਰਹੇ ਹਨ ਅਤੇ ਜੋ ਨਹੀਂ ਵੀ ਕਰ ਸਕਦੇ, ਉਹ ਕੋਸ਼ਿਸ਼ ਤਾਂ ਕਰਦੇ ਹੀ ਹਨ। ਕਿੰਨੇ ਹੀ ਅਜੇਹੇ ਹਨ ਜੋ ਭਗਵਾਨ ਦਾ ਵਰਣਨ ਕਰ ਕਰ ਕੇ, ਉਠ ਉਠ ਕੇ ਚਲੇ ਗਏ। ਭਗਵਾਨ ਦੇ ਸੰਕਲਪ ਨਾਲ ਹੋਰ ਕਿੰਨੇ ਹੀ ਅਜੇਹੇ ਪੈਦਾ ਕੀਤੇ ਜਾਣਗੇ ਜੋ ਭਗਵਾਨ ਦਾ ਵਰਣਨ

ਕਰਦੇ ਰਹਿਣਗੇ, ਅਰਥਾਤ ਆਉਣ ਵਾਲੀ ਪੀੜ੍ਹੀ ਦੇ ਲੋਕ ਉਸ ਦਾ ਵਰਣਨ ਕਰਨਗੇ ।

ਇਸ ਪ੍ਰਕਾਰ ਇਥੇ ਤਿੰਨ ਪੀੜ੍ਹੀਆਂ ਦਾ ਵਰਣਨ ਹੈ । ਜੀਵਾਂ ਦਾ ਇਹ ਸਿਲਸਿਲਾ ਜੋ ਭਗਵਾਨ ਦਾ ਵਰਣਨ ਕਰੇਗਾ, ਕਿੰਨਾ ਲੰਮਾ ਚਲੇਗਾ, ਕਹਿ ਨਹੀਂ ਸਕਦੇ । ਕਿਉਂਕਿ ਉਹ ਜਿੰਨਾ ਵੱਡਾ ਹੋਣਾ ਚਾਹੇ, ਹੋ ਸਕਦਾ ਹੈ । ਗੁਰੂ ਸਾਹਿਬ ਆਖਦੇ ਹਨ ਕਿ ਉਸ ਦਾ ਸੱਚਾ ਰੂਪ ਕੀ ਹੈ, ਇਹ ਉਹੋ ਜਾਣਦਾ ਹੈ । ਜੇਕਰ ਕੋਈ ਬੋਲ ਵਿਗਾੜ ਅਰਥਾਤ ਸ਼ਬਦਾਂ ਨੂੰ ਵਿਗਾੜਨ ਵਾਲਾ ਕੋਈ ਸਾਹਿਤਕਾਰ ਨਿਕਲ ਆਏ, ਤਾਂ ਉਹ ਗੰਵਾਰਾਂ ਦੇ ਸਿਰ ਗੰਵਾਰ ਲਿਖਿਆ ਜਾਏਗਾ, ਉਹ ਮੂਰਖਾਂ ਦਾ ਸਰਦਾਰ, ਮਹਾ-ਮੂਰਖ ਸਮਝਿਆ ਜਾਵੇਗਾ ।

## ੧੧. ਸੋ ਦਰੁ

੨੭

"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁ ਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ" ॥ ੨੭ ॥

ਇਹ ਬਹੁਤ ਪਿਆਰੀ ਪਉੜੀ ਹੈ। ਇਕ ਸੁਤੰਤਰ ਪਉੜੀ ਦੇ ਰੂਪ ਵਿਚ ਇਸ ਦਾ ਸੰਕਲਨ ਹੋਰ ਥਾਂ ਵੀ ਕੀਤਾ ਗਿਆ ਹੈ। 'ਜਪੁਜੀ' ਬਹੁਤ ਸਵੇਰੇ ਪੜ੍ਹਿਆ ਜਾਂਦਾ ਹੈ ਅਤੇ ਸ਼ਾਮ ਨੂੰ 'ਰਹਿ ਰਾਸ' ਪੜ੍ਹੀ ਜਾਂਦੀ ਹੈ। ਉਸ ਵਿਚ ਵੀ ਇਹ ਪਉੜੀ ਆਉਂਦੀ ਹੈ। ਭਗਵਾਨ ਦਾ ਗੁਣਗਾਨ ਕਰਨ ਵਾਲੀ, ਭਗਵਾਨ ਦੇ ਦਰਬਾਰ ਦਾ ਵਰਣਨ ਕਰਨ ਵਾਲੀ, ਇਹ ਅਦਭੁਤ ਪਉੜੀ ਹੈ।

ਉਹ ਤੇਰਾ ਦਰਬਾਰ ਅਤੇ ਤੇਰਾ ਘਰ ਕੇਹੋ ਜੇਹਾ ਹੈ, ਜਿਥੇ ਬੈਠ ਕੇ ਤੂੰ ਸਾਰੀ ਦੁਨੀਆ ਨੂੰ ਸੰਭਾਲ ਰਿਹਾ ਹੈਂ ? ਭਗਵਾਨ ਦਾ ਇਕ ਦਰਬਾਰ ਹੈ ਜਿਥੇ ਉਹ ਬੈਠਾ ਹੈ। ਸਭ ਦੀ ਦੇਖ-ਭਾਲ ਕਰਦਾ ਹੈ ਅਤੇ ਸਭ ਉਸ ਦੀ ਉਸਤਤ ਗਾਉਂਦੇ ਹਨ। ਉਥੇ ਅਨੇਕ ਪ੍ਰਕਾਰ ਦੇ ਵਾਜੇ ਹਨ, ਅਸੰਖ ਨਾਦ ਹਨ ਜਾਂ ਤਰ੍ਹਾਂ ਤਰ੍ਹਾਂ ਦੇ ਅਸੰਖ ਨਾਦ ਵੱਜ ਰਹੇ ਹਨ ਅਤੇ ਕਿੰਨੇ ਹੀ ਵਜਾਉਣ ਵਾਲੇ ਹਨ।

**ਨਾਦ** ਦਾ ਅਰਥ ਹੈ ਅੰਤਰ-ਨਾਦ। ਪ੍ਰਭੂ ਦੇ ਦਰਬਾਰ ਵਿਚ ਬੈਠ ਕੇ ਕਿੰਨੇ ਹੀ ਵਜਾਉਣ ਵਾਲੇ ਵਜਾ ਰਹੇ ਹਨ ਅਤੇ ਉਸ ਵਿਚੋਂ ਅਨੇਕ ਪ੍ਰਕਾਰ ਦੇ ਨਾਦ ਨਿਕਲ ਰਹੇ ਹਨ।

ਕਿੰਨੇ ਹੀ ਗਾਉਣ ਵਾਲੇ, ਕਿੰਨੀਆਂ ਹੀ ਰਾਗ ਰਾਗਨੀਆਂ ਨਾਲ ਗਾ ਰਹੇ ਹਨ। ਪਉਣ, ਪਾਣੀ, ਅਗਨੀ, ਇਹ ਸਭ ਤੇਰੇ ਦਰਬਾਰ ਵਿਚ ਬੈਠ ਕੇ ਤੇਰਾ ਗਾਇਨ ਕਰ ਰਹੇ ਹਨ। ਦੁਆਰ ਤੇ ਧਰਮ ਰਾਜ ਬੈਠਾ ਗਾ ਰਿਹਾ ਹੈ; ਚਿਤ੍ਰਗੁਪਤ ਜੋ ਸਭ ਦਾ ਭਲਾ ਬੁਰਾ ਲੇਖਾ ਲਿਖਣਾ ਜਾਣਦਾ ਹੈ, ਉਹ ਤੇਰੇ ਦਰਬਾਰ ਵਿਚ ਬੈਠ ਕੇ ਲਿਖ ਵੀ ਰਿਹਾ ਹੈ ਅਤੇ ਗਾ ਵੀ ਰਿਹਾ ਹੈ। ਲਿਖਦਿਆਂ ਲਿਖਦਿਆਂ ਧਰਮ-ਨਿਰਣੇ ਕਰਨ ਦੀ ਜ਼ਿੰਮੇਦਾਰੀ ਵੀ ਸ਼ਾਇਦ ਉਸੇ ਤੇ ਹੈ। ਅਰਥਾਤ ਉਥੇ ਗਾਉਣ ਵਾਲੇ ਬੇਕਾਰ ਲੋਕ ਨਹੀਂ ਹਨ। ਜਿਨ੍ਹਾਂ ਨੂੰ ਕੰਮ ਦਿੱਤੇ ਹੋਏ ਹਨ, ਉਹ ਆਪਣਾ ਕੰਮ ਪੂਰਾ ਕਰ ਕੇ ਗਾਉਂਦੇ ਹਨ, ਕੇਵਲ ਗਾਉਣ ਵਜਾਉਣ ਵਾਸਤੇ ਰੱਖੇ ਹੋਏ ਨਹੀਂ ਹਨ। ਸ਼ੰਕਰ, ਬ੍ਰਹਮਾ, ਦੇਵੀ ਸਭ ਉਥੇ ਗਾ ਰਹੇ ਹਨ, ਉਹ ਤੇਰੇ ਹੀ ਸਜਾਏ ਹੋਏ ਸੋਭਦੇ ਹਨ।

ਇੰਦ੍ਰ ਆਪਣੇ ਇੰਦ੍ਰਾਸਣ ਤੇ ਬੈਠਾ ਅਨੇਕ ਦੇਵਤਿਆਂ ਦੇ ਦਲ ਨਾਲ ਗਾ ਰਿਹਾ ਹੈ। ਪਹਿਲੇ ਤਾਂ ਸਾਰੀ ਸ੍ਰਿਸ਼ਟੀ ਦੇ ਕਾਰਜ ਕਰਨ ਵਾਲੇ, ਪਉਣ, ਪਾਣੀ, ਚਿਤ੍ਰਗੁਪਤ ਆਦਿ ਅਤੇ ਫਿਰ ਇੰਦ੍ਰ ਆਦਿ ਗਾ ਰਹੇ ਹਨ, ਇਹ ਕਿਹਾ ਹੈ। ਹੁਣ ਸਾਧਕ ਅਤੇ ਸਿੱਧ ਆਪਣੇ ਚਿੰਤਨ ਅਤੇ ਸਮਾਧੀ ਵਿਚ ਗਾ ਰਹੇ ਹਨ, ਇਹ ਕਹਿੰਦੇ ਹਨ। ਉਨ੍ਹਾਂ ਦਾ ਅੰਤਰਗਾਇਨ, ਗੁਪਤ ਗਾਇਨ, ਚਲ ਰਿਹਾ ਹੈ। ਉਹ ਵਿਚਾਰਪੂਰਵਕ ਗਾਉਂਦੇ ਹਨ। **'ਜਤੀ'** ਅਰਥਾਤ ਸੰਜਮਸ਼ੀਲ, **'ਸਤੀ'** ਅਰਥਾਤ 'ਸਚ' ਵਰਤਣ ਵਾਲੇ, **'ਸੰਤੋਖੀ'** ਅਰਥਾਤ ਸਮਾਧਾਨੀ, **'ਕਰਾਰੇ ਵੀਰ'**ਅਰਥਾਤ ਨਿਸ਼ਚੇ ਵਾਲੇ ਸੂਰਬੀਰ ਪੁਰਖ, ਇਹ ਸਭ ਗਾ ਰਹੇ ਹਨ। ਪੜ੍ਹਨ ਵਾਲੇ ਵੱਡੇ ਵੱਡੇ ਪੰਡਿਤ ਅਤੇ ਰਿਖੀਸ਼ਰ ਵੇਦਾਂ ਨਾਲ ਜੁਗ ਜੁਗ ਤੋਂ ਗਾ ਰਹੇ ਹਨ। ਸੁਰਗ-ਲੋਕ,ਮਾਤ-ਲੋਕ, ਅਤੇ ਪਾਤਾਲ-ਲੋਕ, ਤਿੰਨਾਂ ਦੇ ਮਨ ਨੂੰ ਮੋਹਣ ਵਾਲੀਆਂ ਗੋਪੀਆਂ ਗਾ ਰਹੀਆਂ ਹਨ। ਤੇਰੇ ਪੈਦਾ ਕੀਤੇ ਹੋਏ ਜੋ ਰਤਨ ਹਨ, ਉਹ ਵੀ ਗਾ ਰਹੇ ਹਨ। ਅਠਾਹਠ

ਤੀਰਥਾਂ ਦੇ ਨਾਲ ਇਹ ਲੋਕ ਵੀ ਗਾ ਰਹੇ ਹਨ। ਕੁਰਾਨ ਸ਼ਰੀਫ਼ ਵਿਚ ਜ਼ਿਕਰ ਆਇਆ ਹੈ ਕਿ ਸਾਰੀ ਸ੍ਰਿਸ਼ਟੀ 'ਤਸਬੀਹ' ਕਰ ਰਹੀ ਹੈ, ਅਰਥਾਤ ਭਗਵਾਨ ਦਾ ਭਜਨ ਕਰ ਰਹੀ ਹੈ।

'ਚਾਰੇ ਖਾਣੀਆਂ' ਅਰਥਾਤ ਚਾਰ ਪ੍ਰਕਾਰ ਦੀਆਂ ਉਤਪੱਤੀ ਯੋਨੀਆਂ। ਉਂਜ ਤਾਂ ਯੋਨੀਆਂ ਅਸੰਖ ਹਨ ਪਰ ਉਨ੍ਹਾਂ ਦੇ ਆਧਾਰ-ਭੂਤ ਸੋਮੇ ਚਾਰ ਹਨ। ਉਹ ਚਾਰ ਸ਼੍ਰੇਣੀਆਂ (categories) ਵਿਚ, ਖਾਣੀਆਂ ਵਿਚ, ਵੰਡੀਆਂ ਹੋਈਆਂ ਹਨ। ਚਾਰੇ ਖਾਣੀਆਂ ਅਤੇ ਮਹਾ ਬਲਵਾਨ ਸੂਰਬੀਰ ਜੋਧੇ, ਸਭ ਗਾ ਰਹੇ ਹਨ। ਜੋ ਤੂੰ ਬਣਾਏ ਅਤੇ ਟਿਕਾ ਕੇ ਰੱਖੇ ਹੋਏ ਹਨ, ਉਹ ਸਾਰੇ ਖੰਡ, ਪ੍ਰਦੇਸ਼ ਅਤੇ ਸਾਰੇ ਬ੍ਰਹਿਮੰਡ ਗਾ ਰਹੇ ਹਨ। ਜਿਨ੍ਹਾਂ ਨਾਲ ਤੇਰੀ ਪ੍ਰੀਤ ਹੈ, ਜੋ ਤੈਨੂੰ ਭਾਉਂਦੇ ਹਨ, ਉਹ ਤੇਰੇ ਪ੍ਰੇਮ-ਰਸ ਵਿਚ ਰੱਤੇ ਰਸੀਲੇ ਭਗਤ ਤੇਰਾ ਗਾਇਨ ਕਰ ਰਹੇ ਹਨ। ਹੋਰ ਵੀ ਕਿੰਨੇ ਗਾ ਰਹੇ ਹਨ, ਉਹ ਮੇਰੇ ਚਿੱਤ ਵਿਚ ਨਹੀਂ ਆਉਂਦੇ। ਮੈਂ ਉਨ੍ਹਾਂ ਦੀ ਗਿਣਤੀ ਨਹੀਂ ਕਰ ਸਕਦਾ। ਨਾਨਕ ਆਪਣੀ ਅਲਪ-ਬੁੱਧੀ ਨਾਲ ਕੀ ਵਿਚਾਰ ਕਰੇਗਾ ?

ਉਹੋ ਸਦਾ ਸਤਿ-ਸਰੂਪ ਇਕ ਰਸ (ਸੋਈ ਸੋਈ) ਹੈ। ਇਕੋ ਉਹ ਸਤਿਸੁਆਮੀ ਹੈ। ਉਸ ਦਾ ਨਾਮ ਸਤਿ ਹੈ, ਸਤਿ ਹੀ ਉਸ ਦੀ ਮਹਿਮਾ ਹੈ। ਉਹ ਹੈ ਵੀ, ਹੋਏਗਾ ਵੀ, ਕਦੇ ਗਿਆ ਨਹੀਂ ਅਤੇ ਨਾ ਕਦੇ ਜਾਏਗਾ। ਉਹ ਨਾ ਕਦੇ ਜੰਮਿਆ ਹੈ ਤੇ ਨਾ ਜੰਮੇਗਾ। ਜਿਸ ਨੇ ਇਹ ਸਾਰੀ ਰਚਨਾ ਬਣਾਈ ਹੈ, ਉਹ ਕਦੇ ਜਾਣ ਵਾਲਾ ਨਹੀਂ, ਨਾ ਆਉਣ ਵਾਲਾ ਹੈ। ਉਹ ਅੱਜ ਵੀ ਹੈ, ਅੱਗੇ ਵੀ ਹੋਏਗਾ।

ਰੰਗ ਰੰਗ ਦੀ, ਵੰਨਸੁਵੰਨੀ ਜਿਨਸੀ (ਅਨੇਕ ਵਸਤਾਂ ਵਾਲੀ) ਮਾਇਆ ਜਿਸ ਨੇ ਉਪਾਈ ਹੈ, ਉਹ ਆਪਣਾ ਰਚਿਆ ਸੰਸਾਰ ਬਣਾ ਬਣਾ ਕੇ ਵੇਖਦਾ ਹੈ। ਜਿਵੇਂ ਉਸ ਦੀ ਵਡਿਆਈ ਹੈ, ਮਹਿਮਾ ਹੈ, ਤਿਵੇਂ ਉਹ ਵੇਖਦਾ ਰਹਿੰਦਾ ਹੈ। ਉਹ ਕਿਨਾਰੇ ਉਤੇ ਵੱਖ ਬੈਠਾ, ਸਾਖੀ ਰੂਪ ਵਿਚ. ਸਰਬੱਤ ਦੀ ਸੰਭਾਲ ਕਰਦਾ ਹੈ।

ਜੋ ਉਸ ਨੂੰ ਭਾਏਗਾ ਸੋਈ ਕਰੇਗਾ। ਉਸ ਉਤੇ ਕਿਸੇ ਦਾ ਹੁਕਮ ਨਹੀਂ ਚਲੇਗਾ। ਉਹ ਸਰਵੇਸ਼੍ਵਰ ਹੈ, ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ। ਗੁਰੂ ਨਾਨਕ ਜੀ ਆਖਦੇ ਹਨ-ਉਸ ਦੀ ਰਜ਼ਾ ਨਾਲ, ਉਸ ਦੀ ਮਰਜ਼ੀ ਅਨੁਸਾਰ, ਸਭ ਨੇ ਚਲਣਾ ਹੈ।

ਇਥੇ ਜਿਸ ਭਗਵਾਨ ਦਾ ਵਰਣਨ ਕੀਤਾ ਗਿਆ ਹੈ, ਉਹ ਨਿਰਗੁਣ ਨਹੀਂ ਹੈ, ਸਗੋਂ ਉਹ ਸਭ ਦਾ ਪੈਦਾ ਕਰਨ ਵਾਲਾ ਹੈ, ਸਭ ਦੀ ਸੰਭਾਲ ਕਰਨ ਵਾਲਾ ਸਗੁਣ ਹੈ। ਉਹ ਸਾਕਾਰ ਨਹੀਂ। ਆਕਾਰ ਉਸ ਦਾ ਬਣਾਇਆ ਹੋਇਆ ਹੈ। ਸ਼ੈਵਾਂ ਨੇ ਸ਼ੰਕਰ ਨੂੰ ਸਭ ਤੋਂ ਉੱਤਮ ਮੰਨਿਆ ਹੈ ਅਤੇ ਵੈਸ਼ਣਵਾਂ ਨੇ ਵਿਸ਼ਣੂ ਨੂੰ। ਇਥੇ ਇਕ ਨਿਰਾਕਾਰ ਸਗੁਣ ਪਰਮੇਸ਼ਰ ਦਾ ਵਰਣਨ ਹੈ। ਉਸ ਦੇ ਦਰਬਾਰ ਵਿਚ ਭਿੰਨ ਭਿੰਨ ਦੇਵਤੇ ਗਾ ਰਹੇ ਹਨ ਜਿਨ੍ਹਾਂ ਦੀ ਪਦਵੀ ਨੀਵੀਂ ਹੈ। ਇਹ ਸਾਰੇ ਨਾਮ ਹਿੰਦੂ ਧਰਮ ਦੇ ਹਨ, ਪਰ ਵੈਸ਼ਣਵਾਂ ਨੇ ਅਤੇ ਸ਼ੈਵਾਂ ਨੇ ਜਿਸ ਦੇਵਤੇ ਨੂੰ ਮੰਨਿਆ ਹੈ ਉਹ ਵੀ ਇਕਾਂਗੀ ਨਹੀਂ ਹੈ। ਜਿਵੇਂ ਸਹਾਰ-ਕਲਾ-ਰੂਪ ਸ਼ਿਵ ਭਗਵਾਨ ਨੂੰ ਹੀ ਪੂਰਣ ਮੰਨਿਆ ਗਿਆ ਹੈ। ਕੁਝ ਲੋਕਾਂ ਦਾ ਜੋ ਵਿਚਾਰ ਹੈ ਕਿ ਇਸ ਵਿਚ ਈਸ਼ਵਰ ਦੇ ਇਕੋ ਹੀ ਅੰਸ਼ ਨਾਲ ਜੁੜੇ ਰਹਿਣ ਦੀ ਗੱਲ ਹੈ, ਉਹ ਗ਼ਲਤ

ਹੈ । ਜਿਨ੍ਹਾਂ ਨੇ ਸ਼ੰਕਰ, ਰਾਮ ਜਾਂ ਕ੍ਰਿਸ਼ਨ ਨੂੰ ਪਰਿਪੂਰਣ ਮੰਨਿਆ, ਉਹ ਇਕੋ ਅੰਸ਼ ਨਾਲ ਚਿਮਟੇ ਹੋਏ ਨਹੀਂ ਹਨ, ਸਗੋਂ ਜਿਵੇਂ ਗੁਰੂ ਨਾਨਕ ਜੀ ਇਥੇ ਲਿਖਦੇ ਹਨ, ਤਿਵੇਂ ਉਹ ਵੀ ਲਿਖਦੇ ਹਨ । ਰਾਮਚੰਦ੍ਰ ਭਾਵੇਂ ਵਿਸ਼ਣੂ ਦਾ ਅਵਤਾਰ ਮੰਨੇ ਗਏ ਹਨ, ਪਰ ਤੁਲਸੀ ਦਾਸ ਨੇ ਲਿਖਿਆ ਹੈ—

**'ਹਰਿਹਿ ਹਰਿਤਾ, ਵਿਧਿਹਿ ਵਿਧਿਤਾ, ਸ਼ਿਵਹਿ ਸ਼ਿਵਤਾ ਜੋ ਦਈ ।**
**ਵੋ ਰਾਮ ਕਰੁਣਾਮਯੀ ।'**

ਅਰਥਾਤ ਮੇਰੇ ਰਾਮ ਬਹੁਤ ਕਰੁਣਾਮਈ ਹਨ । ਉਨ੍ਹਾਂ ਨੇ ਬ੍ਰਹਮਾ ਨੂੰ ਬ੍ਰਹਮਪੁਣਾ ਦਿੱਤਾ ਹੈ, ਵਿਧੀ ਨੂੰ ਵਿਧਾਤਾ ਬਣਾਇਆ ਹੈ, ਹਰਿ ਨੂੰ ਹਰਿ ਬਣਾਇਆ ਹੈ, ਸ਼ਿਵ ਨੂੰ ਸ਼ਿਵ ਬਣਾਇਆ ਹੈ । ਇਥੇ ਰਾਮ ਉਹ ਹਨ ਜਿਨ੍ਹਾਂ ਦਾ ਇਕ ਅੰਸ਼ ਵਿਧੀ ਹੈ,ਦੂਜਾ ਅੰਸ਼ ਹਰਿ ਅਤੇ ਤੀਜਾ ਸ਼ਿਵ ਹੈ । ਅਜੇਹੇ ਪੂਰਣ ਦਾ, ਅੰਸ਼ੀ ਦਾ ਨਾਮ ਰਾਮ ਰੱਖਿਆ ਗਿਆ ਹੈ, ਕਿਉਂਕਿ ਤਲਸੀ ਦਾਸ ਦਾ ਇਹ ਪਿਆਰਾ ਨਾਮ ਹੈ । ਪਰ ਉਸ ਰਾਮ ਦਾ ਸਰੂਪ ਪਰਮੇਸ਼ਰ ਦਾ ਹੀ ਹੈ ।

ਮਾਣਿਕਯਵਾਚਕਰ (ਦੱਖਣ ਦੇ ਮਹਾਨ ਸੰਤ) ਸ਼ਿਵ ਸ਼ੰਕਰ ਦੇ ਉਪਾਸਕ ਹਨ । ਉਂਜ ਸ਼ਿਵ ਭਗਵਾਨ ਤਾਂ ਨਾਸ਼ ਕਰਨ ਵਾਲੇ ਮੰਨੇ ਜਾਂਦੇ ਹਨ, ਬ੍ਰਹਮਦੇਵ ਉਤਪੱਤੀ ਕਰਨ ਵਾਲੇ, ਅਤੇ ਵਿਸ਼ਣੂ ਪਾਲਣ ਵਾਲੇ, ਪਰ ਮਾਣਿਕਯਵਾਚਕਰ ਆਖਦੇ ਹਨ ਕਿ ਉਹ ਤਿੰਨੇ ਦੇਵਤਾ ਜਿਸ ਨੂੰ ਨਹੀਂ ਜਾਣਦੇ, ਉਹ ਆਨੰਦ-ਮੂਰਤੀ ਮੇਰੇ ਸ਼ਿਵ ਹਨ । ਮਹਾਰਾਸ਼ਟ੍ਰ ਦੇ ਸੰਤ ਨਾਮ ਦਾਸ, ਰਾਮ ਦੇ ਭਗਤ ਸਨ । ਉਨ੍ਹਾਂ ਨੇ ਲਿਖਿਆ —

**"ਤਿਨ੍ਹੀ ਲੋਕ ਜੇਥੂਨ ਨਿਰਮਾਣ ਝਾਲੇ ।**
**ਤਯਾ ਦੇਵਰਾਯਾਸ ਕੋਣੀ ਨ ਬੋਲੇ ।**
**ਵਿਧੀ ਨਿਰਮਿਤੋ ਲੀਹਿਤੋ ਸਰਵ ਭਾਲੀਂ ।**
**ਪਰੀ ਲੀਹਿਤਾ ਕੋਣ ਤਯਾਚੇ ਕਪਾਲੀਂ ।**
**ਹਰੂ ਜਾਲਿਤੋ ਲੋਕ ਸੰਹਾਰਕਾਲੀਂ ।**
**ਪਰੀ ਸ਼ੇਵਟੀਂ ਸ਼ੰਕਰਾ ਕੋਣ ਜਾਲੀਂ ।"**

ਅਰਥਾਤ ਜਿਥੋਂ ਤਿੰਨੇ ਲੋਕ ਪੈਦਾ ਹੋਏ, ਉਸ ਭਗਵਾਨ ਦੀ ਤਾਂ ਕੋਈ ਗੱਲ ਨਹੀਂ ਕਰਦਾ । ਵਿਧਾਤਾ ਸਭ ਦੇ ਮੱਥੇ ਨਸੀਬ ਦਾ ਲੇਖ ਲਿਖਦਾ ਹੈ, ਪਰ ਵਿਧਾਤਾ ਦੇ ਮੱਥੇ ਤੇ ਲਿਖਣ ਵਾਲਾ ਕੌਣ ਹੈ ? ਸੰਹਾਰ-ਕਾਲ ਵਿਚ ਸ਼ੰਕਰ ਭਗਵਾਨ ਸਭ ਨੂੰ ਭਸਮ ਕਰਦਾ ਹੈ, ਪਰ ਸ਼ੰਕਰ ਨੂੰ ਭਸਮ ਕਰਨ ਵਾਲਾ ਕੌਣ ਹੈ ? ਇਸ ਲਈ ਇਹ ਮੰਨਣ ਦੀ ਲੋੜ ਨਹੀਂ ਕਿ ਇਹ ਸਾਰੇ ਭਗਤ, ਈਸ਼ਵਰ ਦੇ ਇਕ-ਇਕ ਅੰਸ਼ ਦੇ ਨਾਲ ਚਿਪਕੇ ਹੋਏ ਹਨ, ਸਗੋਂ ਹਰ ਇਕ ਨੇ ਪਰਮੇਸ਼ਰ ਨੂੰ ਇਕ ਇਕ ਨਾਮ ਦਿੱਤਾ ਹੈ ਜੋ ਉਸ ਦਾ ਪਿਆਰਾ ਨਾਮ ਸੀ । ਇਸ ਲਈ ਜੋ ਨਾਮ ਵਰਣਨ ਉਹ ਕਰਦੇ ਹਨ, ਉਨ੍ਹਾਂ ਵਿਚ ਅਤੇ ਗੁਰੂ ਨਾਨਕ ਵਿਚ ਕੋਈ ਫ਼ਰਕ ਨਹੀਂ ਹੈ । ਪਰ ਉਹ ਪ੍ਰਤੀਕਾਤਮਕ (symbolical) ਮੂਰਤੀਆਂ ਮੰਨਦੇ ਸਨ, ਅਜੇਹੀ ਵ੍ਰਿਤੀ ਗੁਰੂ ਨਾਨਕ ਵਿਚ ਨਹੀਂ ਦਿਸਦੀ ।

# ਸਾਧਨਾ

ਇਸ ਸਾਧਨਾ-ਵਿਭਾਗ ਵਿਚ ਭਗਵੰਤ-ਪ੍ਰਣਾਮ ਦੀਆਂ ਚਾਰ ਪਉੜੀਆਂ ਬਹੁਤ ਮਧੁਰ ਹਨ । ਜੋਗੀਆਂ ਨਾਲ ਆਪਣੇ ਮਾਰਗ ਦੀ ਤੁਲਨਾ ਕਰਕੇ ਆਰੰਭ ਕੀਤਾ ਹੈ ਤੇ ਭਗਵੰਤ-ਪ੍ਰਣਾਮ ਨਾਲ ਇਕ-ਇਕ ਪਉੜੀ ਦੀ ਸਮਾਪਤੀ ਕੀਤੀ ਹੈ । ਜੋਗ-ਸਾਧਨਾ, ਗਿਆਨ-ਸਾਧਨਾ, ਆਦਿ ਅਨੇਕ ਪ੍ਰਕਾਰ ਦੀਆਂ ਜੋ ਸਾਧਨਾਵਾਂ ਮੰਨੀਆਂ ਜਾਂਦੀਆਂ ਹਨ, ਉਨ੍ਹਾਂ ਨਾਲ ਆਪਣਾ ਮੇਲ ਕਿਵੇਂ ਬੈਠਦਾ ਹੈ, ਇਹ ਦਸਿਆ ਗਿਆ ਹੈ ।

## ੧੨. ਆਦੇਸ਼

### ੨੮

**"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥**
**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥**
**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ" ॥ ੨੮ ॥**

ਯੋਗਸ਼ਾਸਤ੍ਰ ਵਿਚ ਜੋਗੀਆਂ ਦੇ ਅਭਿਆਸ ਲਈ ਅਨੇਕ ਪ੍ਰਕਾਰ ਦੀਆਂ ਸਰੀਰਕ ਮੁਦ੍ਰਾਂ ਦੱਸੀਆਂ ਗਈਆਂ ਹਨ । ਇਥੇ ਆਖਿਆ ਹੈ ਕਿ **'ਸੰਤੋਖੁ'** ਹੀ ਸਾਡੀ ਮੁਦ੍ਰਾ ਹੈ ਅਥਵਾ (ਕੰਨ ਵਿਚ ਪਾਉਣ ਵਾਲੀ) ਕਾਠ ਦੀ ਮੁਦ੍ਰਾ । ਅਜੇਹੇ ਬਾਹਰਲੇ ਭੂਸ਼ਣ ਦੀ ਸਾਨੂੰ ਜ਼ਰੂਰਤ ਹੀ ਨਹੀਂ । ਸੰਤੋਖ ਹੀ ਸਾਡਾ ਭੂਸ਼ਣ ਹੈ । ਜੋਗੀ ਭਿਖਿਆ ਮੰਗਣ ਨਿਕਲਦਾ ਹੈ ਤਾਂ ਉਸ ਕੋਲ **'ਝੋਲੀ'** ਹੁੰਦੀ ਹੈ, ਸਾਡੀ ਝੋਲੀ ਹੈ **'ਸਰਮੁ ਪਤੁ'** ਅਰਥਾਤ ਪ੍ਰਤਿਸ਼ਠਿਤ ਪਰਿਸ਼੍ਰਮ (dignified labour) ।'ਸਰਮੁ' ਮੁਸ਼ਕਿਲ ਸ਼ਬਦ ਹੈ ਕਿਉਂਜੋ ਉਸ ਦਾ ਸੰਸਕ੍ਰਿਤ ਵਿਚ ਇਕ ਅਰਥ ਹੁੰਦਾ ਹੈ ਅਤੇ ਫ਼ਾਰਸੀ ਵਿਚ ਦੂਜਾ । ਜੇ ਦੂਜਾ ਅਰਥ ਕੀਤਾ ਜਾਏ, ਤਾਂ ਆਖਾਂਗੇ **'ਸਰਮੁ ਪਤੁ'** ਅਰਥਾਤ ਪ੍ਰਤਿਸ਼ਠਿਤ ਨਮ੍ਰਤਾ (dignified humility) ਹੀ ਸਾਡੀ ਝੋਲੀ ਹੈ । ਜੋਗੀ ਆਪਣੇ ਸਰੀਰ ਨੂੰ **'ਬਿਭੂਤਿ'** ਅਰਥਾਤ ਭਸਮ (ਖਾਕ) ਲਾਉਂਦੇ ਹਨ । ਧਿਆਨ ਹੀ ਸਾਡੀ ਵਿਭੂਤੀ ਹੈ । **'ਖਿੰਥਾ'** ਅਰਥਾਤ ਕੰਥਾ, ਗੋਦੜੀ । ਕਾਲ ਹੀ ਸਾਡੀ

ਗੋਦੜੀ ਹੈ ਕਿਉਂਜੋ ਕਾਲ ਨਾਲ ਸਭ ਹੰਢ ਜਾਂਦਾ ਹੈ। ਜੋਗੀ ਹੰਢੀ ਹੋਈ ਗੋਦੜੀ ਪਾਉਂਦੇ ਹਨ। ਜੋਗੀਆਂ ਦੀ ਇਕ ਜੁਗਤ ਅਰਥਾਤ ਪ੍ਰਾਣਾਯਾਮ ਆਦਿ ਸਾਧਨਾ ਹੁੰਦੀ ਹੈ। ਸਾਡੀ ਜੁਗਤ ਕੀ ਹੈ? ਕਾਇਆ ਨੂੰ, ਸਰੀਰ ਨੂੰ ਕੁਆਰੀ ਰੱਖਣਾ, ਅਰਥਾਤ ਬ੍ਰਹਮਚਰਜ। ਸਰੀਰ ਪਵਿਤ੍ਰ, ਨਿਰਦੋਸ਼, ਪਾਪ-ਮੁਕਤ ਰੱਖਣਾ, ਇਹ ਸਾਡੀ ਜੁਗਤ ਹੈ। ਜੋਗੀਆਂ ਦੇ ਹੱਥ ਵਿਚ ਡੰਡਾ ਹੁੰਦਾ ਹੈ। ਪਰੰਤੂ '**ਪਰਤੀਤਿ**' ਅਰਥਾਤ ਆਤਮ-ਅਨੁਭਵ ਸਾਡਾ ਡੰਡਾ ਹੋਏਗਾ ਜਿਸ ਦੇ ਆਧਾਰ ਤੇ ਅਸੀਂ ਚਲਾਂਗੇ।

ਸਾਡਾ ਪੰਥ ਕਿਹੜਾ ਹੈ? '**ਪੰਥੀ**' ਇਸਤ੍ਰੀਲਿੰਗ ਸ਼ਬਦ ਜਮਾਤ ਨਾਲ ਜੋੜਨ ਲਈ ਬਣਾਇਆ ਹੈ। ਜੋਗੀਆਂ ਵਿਚ '**ਆਈ**' ਨਾਮ ਦਾ ਇਕ ਪੰਥ ਹੈ। ਸਾਡਾ ਵੀ '**ਆਈ**' ਪੰਥ ਹੈ, ਅਰਥਾਤ ਜੋ ਵੀ ਉਸ ਵਿਚ ਆਏ ਉਹ ਸਾਡਾ ਹੈ। ਸਾਰਾ ਵਿਸ਼ਵ, ਪੂਰਾ ਮਨੁੱਖੀ ਸਮਾਜ, ਇਹ ਸਾਡੀ ਜਮਾਤ ਹੈ। ਸਗਲ ਹੀ ਸਾਡੀ ਜਮਾਤ ਹੈ। ਪੰਥ ਵਿਚ ਦੀਖਿਆ ਹੁੰਦੀ ਹੈ, ਪਰ ਸਾਡੇ ਪੰਥ ਵਿਚ ਤਾਂ ਤੁਸੀਂ ਦਾਖਿਲ ਹੋ ਜਾਓ, ਇਹੋ ਉਸ ਦੀ ਦੀਖਿਆ ਹੈ।

(ਸਾਡੇ ਕੋਲੋਂ ਪੁਛਿਆ ਜਾਂਦਾ ਹੈ ਕਿ 'ਸਰਵੋਦਯ-ਸਮਾਜ' ਵਿਚ ਕੌਣ ਦਾਖਿਲ ਹੋ ਸਕਦਾ ਹੈ? ਤਾਂ ਅਸੀਂ ਆਖਦੇ ਹਾਂ ਕਿ ਜੋ ਚਾਹੁੰਦਾ ਹੈ, ਉਹ ਦਾਖਿਲ ਹੋ ਸਕਦਾ ਹੈ। ਤੁਹਾਡੀ ਇੱਛਾ ਹੀ ਕਾਫ਼ੀ ਹੈ)।

**...'ਮਨਿ ਜੀਤੈ ਜਗੁ ਜੀਤੁ'**

ਅਸੀਂ ਦੁਨੀਆ ਨੂੰ ਜਿੱਤਣ ਲਈ ਘੁਮਦੇ ਹਾਂ, ਤਾਂ ਸਾਡਾ ਰਸਤਾ ਇਹ ਹੈ ਕਿ ਮਨ ਨੂੰ ਜਿਤਿਆ ਜਾਏ। ਇਸ ਤਰ੍ਹਾਂ ਗੁਰੂ ਨਾਨਕ ਨੇ ਆਪਣੀ ਸਾਧਨਾ ਨੂੰ ਜੋਗੀਆਂ ਨਾਲ ਤੁਲਨਾ ਕਰਕੇ ਰੂਪਕ ਬਣਾਇਆ ਹੈ।

'**ਆਦੇਸੁ**' ਅਰਥਾਤ ਪ੍ਰਣਾਮ ਹੈ ਉਸ ਭਗਵਾਨ ਨੂੰ ਜੋ ਸਭ ਦਾ ਆਦਿ ਮੂਲ ਹੈ; '**ਅਨੀਲੁ**' ਹੈ ਅਰਥਾਤ ਨੀਲਵਰਣ-ਰਹਿਤ ਹੈ। ਆਮ ਕਰਕੇ ਭਗਵਾਨ ਨੂੰ ਨੀਲ ਵਰਣ ਘਨ ਸ਼ਿਆਮ ਮੰਨਿਆ ਜਾਂਦਾ ਹੈ। ਇਸ ਲਈ ਇਥੇ ਵਰਣ-ਰਹਿਤ, ਰੂਪ-ਰਹਿਤ (ਨਿਰਾਕਾਰ) ਭਗਵਾਨ ਦਾ ਵਰਣਨ ਹੈ। ਇਸ ਦਾ ਅਰਥ ਨਿਰਮਲ ਵੀ ਹੋ ਸਕਦਾ ਹੈ। ਆਦਿ ਅਤੇ ਅਨਾਦਿ, ਅਰਥਾਤ ਉਹ ਸਭ ਦਾ ਆਦਿ ਹੈ ਅਤੇ ਉਸ ਦਾ ਕੋਈ ਆਦਿ ਨਹੀਂ ਹੈ। ਗੀਤਾ ਵਿਚ ਆਖਿਆ ਹੈ: ਭਗਤ ਮੈਨੂੰ ਆਦਿ ਜਾਣਦੇ ਹਨ ਅਤੇ ਅਨਾਦਿ ਜਾਣਦੇ ਹਨ, ਅਰਥਾਤ ਮੇਰਾ ਕੋਈ ਆਦਿ ਨਹੀਂ ਹੈ ਅਤੇ ਮੈਂ ਸਭ ਦਾ ਆਦਿ ਹਾਂ। '**ਅਨਾਹਤਿ**'—ਭਗਵੰਤ-ਸਰੂਪ ਅਖੰਡ ਹੈ। ਉਸ ਵਿਚ ਕਿਤੇ ਵੀ ਘਾਟ ਨਹੀਂ ਹੈ। ਅਸੀਂ ਸੌਂਦੇ ਹਾਂ, ਤਾਂ ਵੀ ਉਹ ਜਾਗਦਾ ਹੈ। ਜਾਗ੍ਰਤ ਅਵਸਥਾ ਵਿਚ ਤਾਂ ਉਹ ਜਾਗਦਾ ਹੀ ਹੈ, ਇਸ ਲਈ ਉਹ ਹਮੇਸ਼ਾ ਹੈ। ਜੁਗ ਜੁਗ ਵਿਚ ਉਸ ਦਾ ਇਕੋ ਵੇਸ ਹੈ। ਜੁਗ ਬਦਲਦਾ ਹੈ, ਪਰ ਉਸ ਦਾ ਵੇਸ ਨਹੀਂ ਬਦਲਦਾ। ਦੁਨੀਆ ਬਦਲਦੀ ਹੈ, ਕਾਲ ਬਦਲਦਾ ਹੈ, ਪਰ ਉਹ ਨਹੀਂ ਬਦਲਦਾ। '**ਕਠ ਉਪਨਿਸ਼ਦ**' ਵਿਚ ਆਖਿਆ ਹੈ: '**स एवाद्य स उ श्वः।**' '**ਆਦੇਸੁ**' ਦਾ ਅਰਥ ਸੰਕੇਤ ਵੀ ਹੋ ਸਕਦਾ ਹੈ। ਇਸ ਤਰ੍ਹਾਂ ਉਪਨਿਸ਼ਦ ਵਿਚ ਆਉਂਦਾ ਹੈ। '**ਆਦਿ ਅਨੀਲੁ...**', ਆਦਿ ਭਗਵਾਨ ਦਾ ਸੰਕੇਤ ਸਾਡੇ ਸਾਮ੍ਹਣੇ ਰੱਖਿਆ ਹੈ।

## ੨੯

"ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ" ॥ ੨੯ ॥

ਪ੍ਰਣਾਮ (ਨਮਸਕਾਰ) ਦੀ ਇਸ ਦੂਜੀ ਪਉੜੀ ਵਿਚ ਵੀ ਯੋਗ ਦਾ ਹੀ ਰੂਪਕ ਚਲਿਆ ਹੈ। ਜੋਗੀ ਵੀ ਤਾਂ ਭੋਜਨ ਕਰਦੇ ਹਨ। ਗਿਆਨ ਹੀ ਸਾਡਾ ਭੋਜਨ ਹੈ। ਕੋਈ ਸਾਮਗ੍ਰੀ ਇਕੱਠੀ ਕਰਕੇ, ਰਸੋਈ ਬਣਾ ਕੇ ਸਾਨੂੰ ਭੋਜਨ ਦਏਗਾ, ਤਾਂ ਅਸੀਂ ਖਾਵਾਂਗੇ। ਦਇਆ ਉਸ ਦੀ ਭੰਡਾਰਨ ਹੈ। ਗਿਆਨ-ਰੂਪੀ ਭੋਜਨ ਦਇਆ ਨਾਲ ਬਣਦਾ ਹੈ। ਭੋਜਨ ਵੇਲੇ ਸੰਗੀਤ ਵੀ ਹੋ ਰਿਹਾ ਹੈ। ਹਰੇਕ ਘਟ ਵਿਚ ਨਾਦ ਵੱਜ ਰਿਹਾ ਹੈ, ਇਕ ਸਿਤਾਰ ਵੱਜ ਰਹੀ ਹੈ, ਸਾਹ ਚਲ਼ ਰਿਹਾ ਹੈ। ਉਸ ਵੀਣਾ ਦਾ ਇਕ ਸੂਖਮ ਨਾਦ ਹੈ ਜੋ ਕੇਵਲ ਕੰਨਾਂ ਨਾਲ ਨਹੀਂ ਸੁਣਾਈ ਦੇਂਦਾ। ਘਟ ਘਟ ਵਿਚ ਵੱਜਣ ਵਾਲਾ ਅੰਤਰਨਾਦ, ਅੰਤਰ-ਮਨ ਨਾਲ ਸੁਣਾਈ ਦੇਂਦਾ ਹੈ।

ਨਾਥ ਪੰਥੀ ਪਰਿਭਾਸ਼ਾ ਵਰਤ ਕੇ ਗੁਰੂ ਨਾਨਕ ਜੀ ਆਖਦੇ ਹਨ, ਭਗਵਾਨ ਹੀ ਸਾਡੇ ਨਾਥ ਹਨ। ਜਿਵੇਂ ਬੈਲ ਨੂੰ ਨੱਥ ਪਾ ਕੇ ਨੱਥਿਆ ਜਾਂਦਾ ਹੈ, ਤਿਵੇਂ ਜਿਸ ਨੇ ਇਹ ਸਾਰੇ ਜੀਵ ਨੱਥੇ ਹੋਏ ਹਨ, ਉਹ ਸਾਡੇ ਨਾਥ ਹਨ। ਇਥੇ ਸੰਸਕ੍ਰਿਤ ਨਾਥ ਸ਼ਬਦ ਦਾ ਪ੍ਰਾਕ੍ਰਿਤ ਸ਼ਲੇਸ਼ ਕੀਤਾ ਹੈ।

ਕਾਵਿ-ਦ੍ਰਿਸ਼ਟੀ ਤੋਂ ਇਹ ਬੜੀ ਕੁਸ਼ਲ ਰਚਨਾ ਹੈ। ਭਗਵਾਨ ਨੇ ਸਭ ਨੂੰ ਨੱਥ ਲਿਆ ਹੈ, ਇਸ ਲਈ ਉਸ ਦੇ ਅੰਦਰ ਅਸੀਂ ਆ ਜਾਂਦੇ ਹਾਂ। ਅਸੀਂ ਆਪਣੇ ਆਪ ਨੂੰ ਨੱਥ ਸਕਦੇ ਹਾਂ। ਸਾਡੀਆਂ ਸਭ ਇੰਦ੍ਰੀਆਂ ਨੱਥੀਆਂ ਹੋਈਆਂ ਹਨ ਅਤੇ ਭਗਵਾਨ ਸਾਡਾ 'ਨਾਥ' ਹੈ ਜਿਸ ਨੇ ਸਭ ਜੀਵਾਂ ਨੂੰ ਨੱਥਿਆ ਹੈ।

**'ਸਾਦ'** ਅਰਥਾਤ ਸ੍ਵਾਦ, ਚਸਕਾ। ਰਿਧੀ ਸਿਧੀ ਦੇ ਇਹ ਜੋ ਦੋ ਸੁਆਦ ਹਨ, ਇਹ ਦੂਜਿਆਂ ਦੇ ਹਨ [ਯੋਗ ਮਾਰਗ ਵਿਚ ਰਿਧੀਆਂ ਸਿਧੀਆਂ ਆਉਂਦੀਆਂ ਹਨ]। ਸਾਨੂੰ ਇਹ ਸੁਆਦ ਨਹੀਂ ਚਾਹੀਦੇ। ਇਹ **'ਅਵਰਾ'** ਅਰਥਾਤ ਹੀਨ ਵੀ ਹਨ। ਇਹ ਹੀਨ ਲੋਕਾਂ ਲਈ ਹਨ। ਸਾਨੂੰ ਤਾਂ ਭਗਵਾਨ ਦਾ ਹੀ ਸੁਆਦ ਚਾਹੀਦਾ ਹੈ।

ਸਾਡੇ ਸਰੀਰ ਵਿਚ ਸ੍ਵਾਸ-ਚੱਕਰ (**श्वासोच्छ्वास**) ਚਲ ਰਿਹਾ ਹੈ। ਸ੍ਰਿਸ਼ਟੀ ਵਿਚ ਵੀ ਪ੍ਰਾਣਾਯਾਮ ਚਲ ਰਿਹਾ ਹੈ। ਇਹ ਜੋ ਸਾਰਾ ਕਾਰਜ ਚਲ ਰਿਹਾ ਹੈ, ਅੰਦਰ ਸਾਹ ਲੈਣਾ ਅਤੇ ਛੱਡਣਾ, ਪੈਦਾ ਹੋਣਾ ਅਤੇ ਸੰਘਾਰ (ਮਾਰਿਆ ਜਾਣਾ), ਇਹ ਸਭ ਹੁੰਦਾ ਹੀ ਰਹਿੰਦਾ ਹੈ। ਦਿਨ ਗਿਆ ਰਾਤ ਆਈ, ਇਵੇਂ ਹੀ ਚਲਦਾ ਹੈ। ਇਹ ਕੰਮ ਕਰਨ ਵਾਲੇ ਦੋ ਮੁਨੀਮ ਹਨ—ਸੰਜੋਗ ਅਤੇ ਵਿਜੋਗ। ਦੁਨੀਆ ਵਿਚ ਅਸੀਂ ਇਨ੍ਹਾਂ ਦੋਹਾਂ ਤੋਂ ਕੰਮ ਲੈਂਦੇ ਹਾਂ।

ਜਿਸ ਦੇ 'ਲੇਖੇ' ਯਾਨੀ ਨਸੀਬ ਵਿਚ, ਜੋ ਕੁਝ ਹੁੰਦਾ ਹੈ, ਉਹੀ ਆਉਂਦਾ ਹੈ। ਸੰਜੋਗ ਹੋਏਗਾ ਤਾਂ ਸੰਜੋਗ ਆਏਗਾ, ਵਿਜੋਗ ਹੋਏਗਾ ਤਾਂ ਵਿਜੋਗ। ਇਹ ਕੁਸ਼ਲ ਸਾਹਿਤਕ ਸ਼ਲੋਕ ਹਨ। ਇਨ੍ਹਾਂ ਵਿਚ ਕਾਵਿ-ਭਾਵਨਾ (ਸਫੂਰਤੀ) ਵਧਦੀ ਚਲੀ ਜਾ ਰਹੀ ਹੈ।

### ੩੦

**"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ" ॥ ੩੦ ॥**

**ਇਕ** ਹੈ ਦੁਨੀਆ ਦੀ 'ਮਾਈ' ਅਰਥਾਤ ਮਾਤਾ, ਜਿਸ ਨੂੰ ਵੇਦਾਂਤ ਵਿਚ ਮਾਯਾ ਆਖਦੇ ਹਨ। ਉਹ ਜੁਗਤ ਨਾਲ ਸਭ ਨੂੰ ਜਨਮ ਦੇਣ ਵਾਲੀ ਮਾਂ ਹੈ। ਦੁਨੀਆਂ ਲਈ ਉਸ ਨੇ ਤਿੰਨ ਮੰਨੇ ਪ੍ਰਮੰਨੇ (ਸਰਵ-ਪ੍ਰਵਾਣਿਤ) ਚੇਲੇ ਉਪੰਤਨ ਕੀਤੇ ਹਨ।

ਇਕ ਹੈ ਸੰਸਾਰ ਰਚਣ ਵਾਲਾ, ਦੂਜਾ ਭੰਡਾਰ ਰੱਖਣ ਵਾਲਾ ਅਤੇ ਤੀਜਾ ਪ੍ਰਲੈ ਦੀ ਆਖ਼ਿਰੀ ਕਚਹਿਰੀ ਵਿਚ ਫ਼ੈਸਲਾ ਕਰਨ ਵਾਲਾ ਅਰਥਾਤ ਲਯ [ਪਰਲੋ] ਕਰਨ ਵਾਲਾ ਹੈ; ਅਰਥਾਤ ਕ੍ਰਮਵਾਰ ਬ੍ਰਹਮਾ, ਵਿਸ਼ਣੂ ਅਤੇ ਮਹੇਸ਼।

ਇਸ ਵਿਚ ਪਰਮੇਸ਼ਰ ਦਾ ਸੰਜੋਗ ਨਹੀਂ ਹੈ, ਇਸ ਲਈ 'ਜੁਗਤਿ' ਹੈ। ਪਰਮੇਸ਼ਰ ਦੇ ਸੰਜੋਗ ਤੋਂ ਬਿਨਾ ਮਾਇਆ ਹੀ ਪ੍ਰਸੂਤ ਕਰਦੀ ਹੈ, ਅਜੇਹੀ ਇਹ ਅਦਭੁਤ ਪ੍ਰਸੂਤੀ ਹੈ। ਉਸ ਮਾਇਆ ਵਿਚ ਅਜੇਹੀ ਸ਼ਕਤੀ ਹੈ ਕਿ ਉਹ ਆਪਣੇ ਵਿਚੋਂ ਹੀ ਤਿੰਨ ਗੁਣ ਪੈਦਾ ਕਰਦੀ ਹੈ—ਸਤ, ਰਜ, ਤਮ। ਇਸ ਵਿਚ ਪਰਮੇਸ਼ਰ ਦੀ ਮਦਦ ਦੀ ਲੋੜ ਨਹੀਂ। ਪਰਮੇਸ਼ਰ ਸਾਖੀ-ਰੂਪ ਪਾਸੇ ਬੈਠਾ ਰਹਿੰਦਾ ਹੈ। **'ਜਿਵ ਤਿਸੁ ਭਾਵੈ'**—ਜਿਵੇਂ ਉਸ ਨੂੰ ਪਸੰਦ ਆਉਂਦਾ ਹੈ, ਤਿਵੇਂ ਉਹ ਚਲਾਉਂਦਾ ਹੈ। ਕਦੇ ਇੱਛਾ ਹੋਵੇ ਤਾਂ ਭੰਡਾਰੀ ਨੂੰ ਕੰਮ ਸੌਂਪਦਾ ਹੈ, ਕਦੇ ਸੰਸਾਰੀ ਨੂੰ, ਕਦੇ ਪਰਲੋ ਦੀ ਕਚਹਿਰੀ ਵਿਚ ਭੇਜਦਾ ਹੈ। **'ਫੁਰਮਾਣੁ'** ਦੇ ਦੋ ਅਰਥ ਹੁੰਦੇ ਹਨ : ਹੁਕਮ ਜਾਂ ਸਫੂਰਤੀ। ਇਸ ਪ੍ਰਕਾਰ ਦੋ ਅਰਥ ਦੱਸਣ ਵਾਲੇ ਸ਼ਬਦਾਂ ਦੀ ਯੋਜਨਾ ਜਪੁਜੀ ਦੀ ਬੜੀ ਕੁਸ਼ਲਤਾ ਹੈ। ਉਸ ਨਾਲ ਅਰਥ ਕਰਨ ਵਿਚ ਔਖ ਵੀ ਹੁੰਦਾ ਹੈ।

ਗੁਰ ਨਾਨਕ ਨੇ ਅਜੇਹੇ ਸ਼ਬਦ ਵਰਤੇ ਹਨ ਜੋ ਸੰਸਕ੍ਰਿਤ ਵੀ ਮੰਨੇ ਜਾ ਸਕਦੇ ਹਨ ਅਤੇ ਅਰਬੀ ਫ਼ਾਰਸੀ ਵੀ। **'प्रातः स्मरामि हृदि संस्फुरदात्मतत्त्वम्।'** ਪ੍ਰਾਤਾਕਾਲ ਹਿਰਦੇ ਵਿਚ ਜਿਸ ਦੀ ਸਫੂਰਤੀ ਹੁੰਦੀ ਹੈ, ਜਿਸ ਦਾ ਫੁਰਨਾ ਹੁੰਦਾ ਹੈ, ਉਸ ਤੱਤ੍ਵ ਨੂੰ ਅਸੀਂ ਗਾਉਂਦੇ ਹਾਂ। ਇਸ ਦੇ ਅਨੁਸਾਰ ਸਫੂਰਤੀ (ਫੁਰਨਾ) ਅਰਥ ਵੀ ਹੋ ਸਕਦਾ ਹੈ। ਜਿਵੇਂ ਉਸ ਦੀ ਆਗਿਆ ਹੋਏਗੀ, ਤਿਵੇਂ ਚਲੇਗਾ। ਜਾਂ ਜੋ ਕੁਝ ਉਸ ਨੂੰ ਫੁਰੇਗਾ, ਤਿਵੇਂ ਚਲੇਗਾ। ਮੈਂ ਦੋਵੇਂ ਅਰਥ ਕਰਦਾ ਹਾਂ। ਮੈਨੂੰ ਲਗਦਾ ਹੈ ਕਿ ਇਥੇ ਸੰਸਕ੍ਰਿਤ ਅਤੇ ਅਰਬੀ ਦੋਵੇਂ

ਅਰਥ ਲੈ ਕੇ ਸ਼ਬਦਾਂ ਦੀ ਰਚਨਾ ਕੀਤੀ ਹੈ, ਕਿਉਂਜੋ ਗੁਰੂ ਨਾਨਕ ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਜੋੜਨਾ ਚਾਹੁੰਦੇ ਸਨ। ਉਹ **'ਸਗਲ ਜਮਾਤੀ'** ਆਖਣਾ ਚਾਹੁੰਦੇ ਸਨ।

**'ਓਹੁ ਵੇਖੈ'**—ਉਹ ਸਭਨਾਂ ਦੇ ਸਾਮ੍ਹਣੇ ਖਲੋ ਕੇ ਸਭ ਨੂੰ ਵੇਖਦਾ ਹੈ, ਪਰ ਉਸ ਨੂੰ ਕੋਈ ਨਹੀਂ ਵੇਖਦਾ। ਗੀਤਾ ਵਿਚ ਕਿਹਾ ਹੈ—**'ਅਹੰ ਵੇਦ ਨਚ ਮਾਂ ਵੇਤਿ'**—ਜੋ ਅੱਜ ਹਨ, ਕੱਲ ਹੋਏ ਸਨ, ਅੱਗੇ ਹੋਣ ਵਾਲੇ ਹਨ, ਉਨ੍ਹਾਂ ਸਭਨਾਂ ਨੂੰ ਮੈਂ ਜਾਣਦਾ ਹਾਂ, ਪਰ ਮੈਨੂੰ ਕੋਈ ਨਹੀਂ ਜਾਣਦਾ। ਇਹ ਬੜੇ ਅਸਚਰਜ (ਵਿਡਾਣੁ) ਦੀ ਗੱਲ ਹੈ। ਗੀਤਾ ਵਿਚ ਵਿਸਤਾਰ ਕਰਕੇ ਜੋ ਕਿਹਾ ਹੈ, ਉਹੋ ਗੱਲ ਉਪਨਿਸ਼ਦਾਂ ਵਿਚ ਕੇਵਲ ਦੋ ਸ਼ਬਦਾਂ ਵਿਚ ਆਖੀ ਗਈ ਹੈ: **'ਅਦ੍ਰਿਸ਼ਟੋ ਦ੍ਰਸ਼ਟਾ'**—ਜੋ ਆਪ ਦ੍ਰਸ਼ਟਾ ਹੈ, ਸਭ ਨੂੰ ਵੇਖਣ ਵਾਲਾ ਹੈ, ਉਸ ਨੂੰ ਕੋਈ ਵੇਖ ਨਹੀਂ ਸਕਦਾ।

### ੩੧

**"ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥**
**ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ" ॥ ੩੧ ॥**

**ਉਸ** ਦਾ ਆਸਣ, ਉਸ ਦੇ ਰਹਿਣ ਦੀ ਥਾਂ ਅਤੇ ਉਸ ਦਾ ਭੰਡਾਰ, ਲੋਕ-ਲੋਕਾਂਤਰ ਵਿਚ ਭਰਿਆ ਹੋਇਆ ਹੈ। ਜੋ ਕੁਝ ਪ੍ਰਾਪਤ ਹੋਇਆ ਹੈ, ਸੋ ਇਕੋ ਵੇਰ ਹੋਇਆ ਹੈ, ਦੂਜੀ ਵੇਰ ਪ੍ਰਾਪਤ ਕਰਨ ਦੀ ਗੱਲ ਨਹੀਂ ਹੈ। ਇਕ ਵੇਰ ਚਾਬੀ ਦੇ ਦਿੱਤੀ ਤਾਂ ਬਸ ਚਾਲੂ ਹੋ ਗਿਆ। ਸਿਰਜਨਹਾਰ ਇਧਰ ਕਰਦਾ ਜਾਂਦਾ ਹੈ ਤੇ ਉਧਰ ਵੇਖਦਾ ਜਾਂਦਾ ਹੈ। ਜਿਵੇਂ ਚਿਤ੍ਰਕਾਰ ਚਿਤ੍ਰ ਵਾਹੁੰਦਾ ਜਾਂਦਾ ਹੈ ਅਤੇ ਵੇਖਦਾ ਜਾਂਦਾ ਹੈ। ਉਸ ਦਾ ਚਿਤ੍ਰ ਹਾਲੀਂ ਪੂਰਾ ਨਹੀਂ ਹੋਇਆ, ਉਸ ਦੀ ਚਿਤ੍ਰਕਾਰੀ ਜਾਰੀ ਹੈ। ਗੁਰੂ ਨਾਨਕ ਜੀ ਆਖਦੇ ਹਨ ਕਿ ਉਹ ਕਰਤਾ ਸੱਚ ਹੈ, ਉਸ ਦੀ ਕਿਰਤ (ਕਾਰ) ਵੀ ਸੱਚੀ ਹੈ। ਇਹ ਨਹੀਂ ਹੋ ਸਕਦਾ ਕਿ ਉਹ ਸੱਚ ਹੋਵੇ ਅਤੇ ਉਸ ਦੀ ਕਿਰਤ ਝੂਠੀ ਹੋਵੇ। ਸੱਚੇ ਦੀ ਕਿਰਤ ਸੱਚੀ ਹੀ ਹੋ ਸਕਦੀ ਹੈ।

**'ਆਦੇਸ'** (ਭਗਵੰਤ ਪ੍ਰਣਾਮ) ਦੀਆਂ ਚਾਰੇ ਪਉੜੀਆਂ ਕਾਵਿ-ਸ਼ਲੇਸ਼ਮਈ ਹਨ। **'ਸਚੇ ਕੀ ਸਾਚੀ ਕਾਰ'**—ਇਸ ਸੂਤ੍ਰ ਵਿਚ ਇਕ ਅਧਿਆਤਮਿਕ ਤੱਤ੍ਰ-ਗਿਆਨ ਦੱਸਿਆ ਗਿਆ ਹੈ। ਜਦੋਂ ਭਗਵਾਨ ਸਤਿ-ਸਰੂਪ ਹੈ ਤਾਂ ਉਸ ਦੀ ਕਿਰਤ (ਸ੍ਰਿਸ਼ਟੀ) ਵੀ ਸਤਿ-ਸਰੂਪ ਹੀ ਹੋ ਸਕਦੀ ਹੈ। ਅਰਥਾਤ ਜੇਕਰ ਭਗਵਾਨ ਸਤਿ-ਸਰੂਪ ਹੈ, ਤਾਂ ਜਗਤ ਮਿਥਿਆ ਨਹੀਂ ਹੋ ਸਕਦਾ। ਸ਼ੰਕਰਾਚਾਰਜ ਨੇ ਇਸ ਵਿਸ਼ੇ ਦੀ ਬਹੁਤ ਹੀ ਵਿਆਖਿਆ ਕੀਤੀ ਹੈ। ਮਸ਼ਹੂਰ ਹੈ ਕਿ ਸ਼ੰਕਰਾਚਾਰਜ ਨੇ ਜਗਤ ਨੂੰ ਮਿਥਿਆ ਕਿਹਾ ਸੀ:
**'ਬ੍ਰਹਮ ਸਤ੍ਯੰ ਜਗਤ੍ ਮਿਥ੍ਯਾ।'** ਪਰ ਉਨ੍ਹਾਂ ਨੇ ਦੋ ਸ਼ਲੋਕਾਂ ਵਿਚ ਇਸ ਤੇ ਚਾਨਣ ਪਾਇਆ ਹੈ:

'सत्यं जगदिति भानं सस्तये स्यात् अपक्वचित्तानाम् ॥
तस्मादसत्यमेतत् निखिलं प्रतिपादयन्ति निगमान्ता: ॥'

ਅਣਪੱਕੇ ਚਿੱਤ ਵਾਲੇ, ਅਨੁਭਵਹੀਨ ਪੁਰਖਾਂ ਨੂੰ ਇਹ ਜਗਤ ਸੱਚ ਪ੍ਰਤੀਤ ਹੁੰਦਾ ਹੈ, ਉਸ ਦੀ ਹਰ ਚੀਜ਼ ਕੀਮਤ ਵਾਲੀ ਲਗਦੀ ਹੈ। ਉਨ੍ਹਾ ਨੂੰ ਇਨ੍ਹਾਂ ਚੀਜ਼ਾਂ ਦੀ ਮਹੱਤਾ ਇੰਨੀ ਭਾਰੀ ਦਿਸਦੀ ਹੈ ਕਿ ਉਨ੍ਹਾਂ ਦੇ ਸਾਮ੍ਹਣੇ ਅਸੀਂ ਹੀ ਨਿੱਕੇ ਹਾਂ। ਇੰਜ ਲਗਦਾ ਹੈ, ਉਨ੍ਹਾਂ ਚੀਜ਼ਾਂ ਦਾ ਉਨ੍ਹਾਂ ਤੇ ਆਕ੍ਰਮਣ (ਹੱਲਾ) ਹੁੰਦਾ ਹੈ। ਪਰਿਣਾਮ ਇਹ ਹੁੰਦਾ ਹੈ ਕਿ ਉਹ ਸੰਸਾਰ ਵਿਚ ਇਧਰ ਉਧਰ ਭਟਕਦੇ ਰਹਿੰਦੇ ਹਨ, ਅਤੇ ਅੰਤ ਵਿਚ ਜਨਮ-ਮਰਨ ਦੇ ਚੱਕਰ ਵਿਚ ਪੈਂਦੇ ਹਨ। ਇਸ ਲਈ ਨਿਗਮਾਂਤ ਅਰਥਾਤ ਵੇਦਾਂਤ ਨੇ ਕਿਹਾ ਹੈ ਕਿ ਇਹ ਸਭ ਅਸਤਿ ਹੈ ਅਰਥਾਤ ਉਨ੍ਹਾਂ ਨੂੰ ਇਕ ਪਾਸਿਓਂ ਹਟਾ ਕੇ ਦੂਜੇ ਪਾਸੇ ਖਿੱਚਣ ਲਈ ਕਿਹਾ ਹੈ ਕਿ ਇਹ ਸਾਰਾ ਆਕਾਰ ਹੀ ਹੈ, ਆਕਾਰ ਵਿਚ ਕਿਉਂ ਪੈਂਦੇ ਹੋ ? ਉਸ ਦੀ ਨੀਂਹ ਵਿਚ ਕੋਈ ਸਾਰ-ਤੱਤ੍ਵ (substance) ਨਹੀਂ ਹੈ, ਇਹ ਗੱਲ ਨਹੀਂ। ਪਰ, ਕੰਨ, ਅੱਖ ਆਦਿ ਇੰਦੀਆਂ ਤੋਂ ਜੋ ਗ੍ਰਹਿਣ ਹੁੰਦਾ ਹੈ, ਉਹ ਆਕਾਰ ਹੀ ਹੈ, ਇਸ ਲਈ ਉਸ ਵਿਚ ਨਾ ਪਵੋ।

ਦੂਜੇ ਪਾਸੇ ਇਹ ਸ਼ਲੋਕ ਵੀ ਸੰਕਰਾਚਾਰਜ ਦਾ ਹੈ—

'परिपक्वभानसानां पुरुषवराणां पुरातनैः सुकृतैः ॥
ब्रह्मैव इदं सर्वं जगदिति भूयः प्रबोधयत्येषः ॥'

ਪੁਰਾਣੀਆਂ ਨੇਕ ਕਮਾਈਆਂ ਨਾਲ, ਅਨੇਕਾਂ ਜਨਮਾਂ ਦੇ ਪੁੰਨਾਂ ਦੇ ਕਾਰਣ, ਜਿਨ੍ਹਾਂ ਦੇ ਚਿੱਤ ਪਕੇਰੇ ਹੋਏ ਹਨ, ਅਜੇਹੇ ਪੁਰਸ਼ਾਂ ਲਈ ਸ੍ਰੁਤੀ ਇਹ ਨਹੀਂ ਕਹਿੰਦੀ ਕਿ ਜਗਤ ਮਿਥਿਆ ਹੈ, ਸਗੋਂ ਇਹ ਕਹਿੰਦੀ ਹੈ ਕਿ ਸਾਰਾ ਬ੍ਰਹਮ ਹੀ ਹੈ, ਬ੍ਰਹਮ ਦਾ ਹੀ ਸਰੂਪ ਹੈ। ਅਰਥਾਤ

'ਨਾਨਕ ਸਚੇ ਕੀ ਸਾਚੀ ਕਾਰ'

ਇਸੇ ਤਰ੍ਹਾਂ ਸ਼ੰਕਰਾਚਾਰਜ ਨੇ ਸਮਝਾਇਆ ਹੈ ਕਿ ਮੋਹ ਵਿਚ ਫਸੇ ਬੰਦੇ ਨੂੰ ਵੈਰਾਗ ਦੀ ਗੱਲ ਸਿਖਾਉਣ ਲਈ ਜਗਤ ਮਿਥਿਆ (ਅਸਤਿ) ਦੱਸਣਾ ਪੈਂਦਾ ਹੈ, ਇੰਜ ਕਿਹਾ ਜਾਂਦਾ ਹੈ। ਪਰ ਜੋ ਮੋਹਿਤ ਨਹੀਂ ਹੈ, ਅਜੇਹੇ ਵੈਰਾਗ ਵਾਲੇ ਪੁਰਖ ਨੂੰ ਯਥਾਰਥ ਸੂਖਮ ਦ੍ਰਿਸ਼ਟੀ ਦਾ ਅਧਿਕਾਰ ਹੈ। ਇਸ ਲਈ ਅਜੇਹੇ ਪੁਰਸ਼ਾਂ ਨੂੰ ਦੱਸਿਆ ਹੈ ਕਿ ਜਗਤ ਬ੍ਰਹਮ ਹੈ। ਇਸ ਤਰ੍ਹਾਂ ਸ਼ੰਕਰਾਚਾਰਜ ਨੇ ਕਿਹਾ ਹੈ ਕਿ ਸ੍ਰਿਸ਼ਟੀ ਉੱਨੀ ਹੀ ਸਤਿ ਹੈ ਜਿੰਨਾ ਬ੍ਰਹਮ ਸਤਿ ਹੈ। ਇਹ ਗੱਲ ਪਕੇਰ ਪੁਰਖ ਲਈ ਹੈ।

## ੧੩. ਪ੍ਰੇਰਣਾ

### ੩੨

"ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ "॥ ੩੨ ॥

ਇਕ ਜੀਭ ਤੋਂ ਲੱਖ ਜੀਭਾਂ ਹੋ ਜਾਣ ਅਤੇ ਲੱਖ ਤੋਂ ਵੀਹ ਲੱਖ ਹੋ ਜਾਣ, ਤਾਂ ਅਸੀਂ ਉਨ੍ਹਾਂ ਵੀਹ ਲੱਖ ਜ਼ਬਾਨਾਂ ਤੋਂ ਲੱਖ ਲੱਖ ਵੇਰ (ਗੇੜੇ), ਭਗਵਾਨ ਦਾ ਨਾਉਂ ਲੈਂਦੇ ਰਹਾਂਗੇ। 'ਜਗਦੀਸ' ਇਹ ਇਕੋ ਨਾਉਂ ਅਸੀਂ ਲੱਖ ਲੱਖ ਵੇਰ ਜਪਦੇ ਰਹਾਂਗੇ, ਇਹ ਸਾਡੀ ਸਾਧਨਾ ਹੋਏਗੀ।

ਮੈਂ ਇਸ ਦਾ ਸਮੁੱਚਾ ਭਾਵ ਵੀ ਦਸਦਾ ਹਾਂ : ਪਰਮੇਸ਼ਰ ਦਾ ਸ਼ਬਦ ਇਕ ਜੀਭ ਤੋਂ ਵੀ ਨਿਕਲਿਆ ਤਾਂ ਲੱਖ ਅਤੇ ਫਿਰ ਵੀਹ ਲੱਖ ਜ਼ਬਾਨਾਂ ਉਸ ਦਾ ਉਚਾਰਣ ਕਰਦੀਆਂ ਹਨ। ਇਸ ਤਰ੍ਹਾਂ ਪਰਮੇਸ਼ਰ ਦਾ ਸੰਕਲਪ ਸਮੂਹਕ ਸੰਕਲਪ ਦਾ ਰੂਪ ਧਾਰ ਲੈਂਦਾ ਹੈ। **'ਪਤਿ'** ਅਰਥਾਤ ਜਗਤਪਤੀ ਦੇ ਰੂਪ ਵਿਚ ਪਰਮੇਸ਼ਰ ਦੀ ਉਪਾਸਨਾ ਕਰਨੀ ਹੈ। ਪਤੀ ਦੇ ਰਾਹ ਵਿਚ ਇਹ ਪਉੜੀਆਂ ਹਨ। ਇਥੇ **'ਪਵੜੀਆ'** ਸ਼ਬਦ ਪਹਲੀ ਵੇਰ ਆਇਆ ਹੈ। ਭਗਵਾਨ ਦੇ ਰਾਹ ਵਿਚ ਚੜ੍ਹਨ ਲਈ ਇਹ ਪਉੜੀਆਂ ਹਨ। ਅਸੀਂ ਇਹ ਪਉੜੀਆਂ ਚੜ੍ਹ ਕੇ ਪਰਮੇਸ਼ਰ ਵਿਚ ਇਕਰੂਪ ਹੋ ਜਾਵਾਂਗੇ।

**'ਸੁਣਿ ਗਲਾ ਆਕਾਸ ਕੀ'**—ਇਥੇ 'ਆਕਾਸ' ਸ਼ਬਦ ਬ੍ਰਹਮ ਲਈ ਆਇਆ ਹੈ। ਜਦੋਂ ਦੁਨੀਆ ਵਿਚ ਆਕਾਸ਼ ਦੀ ਕਹਾਣੀ ਸੁਣੀਂਦੀ ਹੈ, ਤਾਂ ਜੰਤੂਆਂ ਨੂੰ ਵੀ ਉਤਸਾਹ ਪੈਦਾ ਹੁੰਦਾ ਹੈ। ਜਦੋਂ ਪਰਮੇਸ਼ਰ ਦਾ ਸ਼ਬਦ ਗੂੰਜਦਾ ਹੈ ਤਾਂ ਮਨੁੱਖ ਵਿਚ ਹੀ ਨਹੀਂ, ਸਗੋਂ ਜੰਤੂਆਂ ਵਿਚ ਵੀ ਈਸ਼ਵਰ ਪ੍ਰਾਪਤੀ ਦਾ ਉਤਸਾਹ ਪੈਦਾ ਹੁੰਦਾ ਹੈ।

ਗੁਰੂ ਨਾਨਕ ਜੀ ਆਖਦੇ ਹਨ ਕਿ ਉਸ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਹੀ ਅਸੀਂ ਪ੍ਰਭੂ ਨੂੰ ਪ੍ਰਾਪਤ ਕਰ ਸਕਦੇ ਹਾਂ। ਹੋਰ ਸਾਰੀਆਂ ਗੱਲਾਂ ਮਿਥਿਆ-ਵਾਦੀਆਂ ਦੀਆਂ ਹਨ ਅਤੇ ਕੂੜੀਆਂ ਹਨ। ਇਕੋ ਗੱਲ ਸੱਚ ਹੈ ਕਿ ਅਸੀਂ ਉਸ ਦੀ ਕ੍ਰਿਪਾ-ਦ੍ਰਿਸ਼ਟੀ ਪ੍ਰਾਪਤ ਕਰ ਲਈਏ। ਅਸੀਂ ਨਾਮ ਦੀ ਪਉੜੀ ਚੜ੍ਹਦੇ ਰਹੀਏ, ਲੱਖ ਵੇਰ ਇਹ ਕਰਦੇ ਰਹੀਏ, ਲੱਖ ਲੋਕਾਂ ਨੂੰ ਨਾਲ ਲੈ ਕੇ ਕਰਦੇ ਰਹੀਏ; ਤੇ ਫੇਰ ਲੱਖ ਲੋਕ ਲੱਖ ਵਾਰੀ ਕਰਦੇ ਰਹਿਣ।

## ੩੩

**"ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥**
**ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ" ॥ ੩੩ ॥**

ਹੁਣ ਭਗਵਾਨ ਅੱਗੇ ਆਤਮ-ਸਮਰਪਣ ਕਰਨਾ ਹੈ। ਇਸ ਲਈ ਆਖਦੇ ਹਨ ਕਿ ਸਾਡਾ ਵਿਅਕਤੀ ਦਾ ਹੰਕਾਰ ਜਾਂ ਜ਼ੋਰ ਕਿਤੇ ਨਹੀਂ ਚਲੇਗਾ; ਭਗਵਾਨ ਦੇ ਵਰਣਨ ਵਿਚ ਵੀ ਨਹੀਂ ਚਲੇਗਾ। ਚੁਪ ਰਹਿਣ ਵਿਚ ਵੀ ਜ਼ੋਰ ਨਹੀਂ ਚਲੇਗਾ। ਅੰਤਹਕਰਣ ਵਿਚ ਚੁੱਪ ਚਾਹੀਦੀ ਹੈ। ਮਗਣ ਵਿਚ, ਦੇਣ ਵਿਚ, ਜੀਉਣ ਵਿਚ, ਮਰਨ ਵਿਚ ਕਿਤੇ ਵੀ ਜ਼ੋਰ ਨਹੀਂ ਚਲੇਗਾ। ਰਾਜ ਅਤੇ ਮਾਲ, ਧਨ ਦੀ ਪ੍ਰਾਪਤੀ ਵਿਚ ਵੀ ਜ਼ੋਰ ਨਹੀਂ ਚਲੇਗਾ, ਭਾਵੇਂ ਮਨ ਵਿਚ ਉਨ੍ਹਾਂ ਦੀ

ਕਾਮਨਾ ਦਾ 'ਜ਼ੋਰੁ' (ਉਤਸਾਹ) ਬਹੁਤ ਹੈ।

ਉਨ੍ਹਾਂ ਨੇ 'ਜ਼ੋਰੁ' ਜੇਹੇ ਇਕ ਛੋਟੇ ਸ਼ਬਦ ਵਿਚ ਟੀਕਾ ਕੀਤੀ ਹੈ। ਗਿਆਨ ਵਿਚ, ਵਿਚਾਰ ਵਿਚ, ਅਤੇ ਸੁਰਤੀ ਵਿਚ, ਅਰਥਾਤ ਸਮ੍ਰਿਤੀ ਵਿਚ ਜਾਂ ਚਿੱਤ ਦੀ ਲੀਨਤਾ ਵਿਚ ਸਾਡਾ ਜ਼ੋਰ ਨਹੀਂ ਚਲੇਗਾ। ਅਖ਼ੀਰ ਸੰਸਾਰ ਤੋਂ ਛੁਟਕਾਰੇ ਦੀ ਸਾਧਨਾ ਵਿਚ ਵੀ ਜ਼ੋਰ ਨਹੀਂ ਚਲੇਗਾ। ਸਾਧਾਰਣ ਬੋਲਣਾ, ਮੰਗਣਾ, ਦੇਣਾ, ਜੀਣਾ, ਮਰਨਾ, ਰਾਜ-ਪ੍ਰਾਪਤੀ ਆਦਿ ਕਹਿ ਕੇ ਅੰਤ ਵਿਚ ਕਿਹਾ ਹੈ ਕਿ ਸਾਧਨਾ ਵਿਚ ਅਤੇ ਮੁਕਤੀ ਵਿਚ ਵੀ ਸਾਡਾ ਜ਼ੋਰ ਨਹੀਂ ਚਲੇਗਾ।

ਜਿਸ ਦੇ ਹੱਥ ਵਿਚ ਜ਼ੋਰ ਹੈ, ਉਹ ਭਗਵਾਨ ਹੀ ਸਭ ਕੁਝ ਕਰਦਾ ਹੈ ਅਤੇ ਪਰਖ ਵੀ ਕਰਦਾ ਹੈ ਕਿ ਆਪਣੇ ਬੱਚੇ ਕਿਸ ਤਰ੍ਹਾਂ ਕੰਮ ਕਰਦੇ ਹਨ। ਗੁਰੂ ਨਾਨਕ ਜੀ ਆਖਦੇ ਹਨ ਕਿ ਇਸੇ ਲਈ ਸਾਨੂੰ ਸਮਝਣਾ ਚਾਹੀਦਾ ਹੈ ਕਿ ਦੁਨੀਆ ਵਿਚ ਕੋਈ ਉੱਤਮ ਨਹੀਂ ਅਤੇ ਕੋਈ ਨੀਚ ਨਹੀਂ ਹੈ। ਭਗਵੰਤ ਦੀ ਲੀਲ੍ਹਾ ਚਲ ਰਹੀ ਹੈ। ਪਾਣੀ ਦੀ ਇਕ ਲਹਿਰ ਉੱਚੀ ਚਲੀ ਜਾਂਦੀ ਹੈ, ਦੂਜੀ ਉੱਨੀ ਉੱਚੀ ਨਹੀਂ ਜਾਂਦੀ, ਪਰ ਸਭ ਪਾਣੀ ਦੀਆਂ ਹੀ ਲਹਿਰਾਂ ਹਨ, ਸਭ ਪਾਣੀ ਹੀ ਪਾਣੀ ਹੈ। ਦੂਸਰੀ ਪਉੜੀ ਵਿਚ ਆਖਿਆ ਹੈ ਕਿ '**ਹੁਕਮੀ ਉਤਮੁ ਨੀਚੁ**', ਅਰਥਾਤ ਉਸ ਦੇ ਹੁਕਮ ਨਾਲ ਉੱਤਮ ਅਤੇ ਨੀਚ ਹੁੰਦੇ ਹਨ। ਇਥੇ ਕਿਹਾ ਹੈ ਕਿ ਆਪਣੇ ਆਪ ਕੋਈ ਉੱਤਮ ਜਾਂ ਨੀਚ ਨਹੀਂ ਹੈ। ਭਗਵਾਨ ਦਾ ਹੀ ਜ਼ੋਰ ਚਲਦਾ ਹੈ।

## ੧੪. ਧਰਮ ਖੰਡ

### ੩੪

**"ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥**
**ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥**
**ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥**
**ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ ੩੪ ॥"**

**ਟਿੱਪਣੀ**—ਹੁਣ 'ਜਪੁਜੀ' ਸਮਾਪਤ ਹੋਣ ਵਾਲਾ ਹੈ। ਅੰਤ ਵਿਚ ਸਾਧਕ ਦੀ ਪ੍ਰਗਤੀ ਦੇ ਮਾਰਗ ਦੱਸੇ ਹਨ। ਉਹ ਇਕ ਤੋਂ ਬਾਅਦ ਦੂਜੀ ਪਉੜੀ ਕਿਵੇਂ ਅੱਗੇ ਵਧਦਾ ਹੈ, ਇਹ ਦਸਿਆ ਹੈ, ਜੋ ਮੌਲਿਕ ਹੈ। ਹੁਣ ਤਕ ਦੇ ਵਿਵੇਚਨ ਵਿਚ ਵੀ ਬਹੁਤ ਮੌਲਿਕਤਾ ਹੈ। ਸਗੁਣ ਨਿਰਗੁਣ ਦਾ ਵਿਵੇਚਨ, ਯੋਗ ਸਾਧਨਾ, ਗੁਣ ਵਿਕਾਸ, ਨਾਮ-ਜਪ ਆਦਿ ਨੂੰ ਮੇਲਣ ਵਿਚ ਗੁਰੂ ਨਾਨਕ ਜੀ ਦੀ ਕੁਸ਼ਲਤਾ ਦਿਸਦੀ ਹੈ। ਪਰ ਅੰਤਿਮ ਪਉੜੀ ਵਿਚ ਉਨ੍ਹਾਂ ਦੀ ਸਾਧਨਾ ਦੀ ਨਵੇਕਲੀ ਕਲਪਨਾ ਦਿਸਦੀ ਹੈ। ਦੂਜੇ ਸ਼ਾਸਤ੍ਰਾਂ ਦੇ ਨਾਲ ਉਸ

ਦੀ ਤੁਲਨਾ ਹੋ ਸਕਦੀ ਹੈ। ਗੁਰੂ ਨਾਨਕ ਨੇ ਆਪਣੇ ਅਨੁਭਵ ਨਾਲ ਸਾਧਕਾਂ ਨੂੰ ਇਕ ਮੌਲਿਕ ਕਿਰਤ (ਰਚਨਾ) ਦਿੱਤੀ ਹੈ।

ਇਥੇ ਸਾਧਕ ਦੀਆਂ ਪੰਜ ਭੂਮਿਕਾਵਾਂ ਦਾ ਵਰਣਨ ਹੈ। ਇਨ੍ਹਾਂ ਨੂੰ 'ਖੰਡ' ਆਖਿਆ ਹੈ। ਪ੍ਰਥਮ ਭੂਮਿਕਾ ਨੂੰ 'ਧਰਮ ਖੰਡ' ਆਖਿਆ ਹੈ।

**'ਰਾਤੀ'** ਅਰਥਾਤ ਰਾਤ ਦਿਨ ਦੋਵੇਂ; **'ਰੁਤੀ'** ਅਰਥਾਤ ਬਸੰਤ ਆਦਿ ਰੁਤਾਂ; **'ਥਿਤੀ'** ਅਰਥਾਤ ਏਕਮ, ਦੂਤੀਆ ਆਦਿ ਤਿਥੀਆਂ; **'ਵਾਰ'** ਅਰਥਾਤ ਸੋਮਵਾਰ, ਮੰਗਲਵਾਰ ਆਦਿ ਸੱਤ ਵਾਰ—ਇਸ ਤਰ੍ਹਾਂ ਇਕ ਪਾਸੇ ਕਾਲ ਪੁਰਖ ਕੰਮ ਕਰ ਰਿਹਾ ਹੈ, ਅਤੇ ਦੂਜੇ ਪਾਸੇ 'ਪਵਣ ਪਾਣੀ ਅਗਨੀ ਪਾਤਾਲ' ਹੈ। ਉਪਰ ਵਾਲਾ ਪਾਤਾਲ ਆਸਮਾਨ ਅਖਵਾਉਂਦਾ ਹੈ, ਅਤੇ ਥੱਲੇ ਵਾਲਾ ਆਸਮਾਨ ਪਾਤਾਲ ਅਖਵਾਉਂਦਾ ਹੈ। ਇਸ ਤਰ੍ਹਾਂ ਦੂਜੇ ਪਾਸੇ ਪ੍ਰਿਥਵੀ ਛੱਡ ਕੇ ਚਾਰ ਤੱਤ ਦੱਸੇ ਹਨ, ਅਰਥਾਤ ਸਾਰਾ ਸਥਲ ਸਰੂਪ ਜਗਤ ਕੰਮ ਕਰਦਾ ਹੈ। ਕਾਲ ਅਤੇ ਸਥਲ ਦੇ ਵਿਚਕਾਰ ਭਗਵਾਨ ਨੇ ਧਰਤੀ ਥਾਪੀ, ਧਰਮਸਾਲ ਆਖ ਕੇ। ਧਰਮਸਾਲਾ ਅਰਥਾਤ ਮੁਸਾਫ਼ਿਰਾਂ ਲਈ ਸਰਾਂ ਨਹੀਂ, ਸਗੋਂ ਧਰਮ ਕਮਾਉਣ ਦੀ ਥਾਂ। ਭਗਵਾਨ ਨੇ ਧਰਤੀ ਨੂੰ ਕਾਲ ਅਤੇ ਸਥਲ ਵਿਚਕਾਰ ਰੱਖਿਆ ਹੈ। ਉਸ ਤੇ ਇਕ ਪਾਸੇ ਤਾਂ ਕਾਲ ਦਾ ਅਸਰ ਹੁੰਦਾ ਹੈ, ਦੂਜੇ ਪਾਸੇ ਥਲ ਦਾ। ਅਸਾਂ ਸਾਰਿਆਂ ਲਈ ਧਰਮਾਚਰਣ ਵਜੋਂ ਧਰਮਸਾਲ ਦੇ ਰੂਪ ਵਿਚ ਪ੍ਰਿਥਵੀ ਦੀ ਸਥਾਪਨਾ ਕੀਤੀ ਗਈ ਹੈ, ਤਾਂ ਫਿਰ, ਦੇਸ਼ ਕਾਲ ਦਾ ਵਿਚਾਰ ਕਰ ਕੇ ਸਾਨੂੰ ਧਰਮ ਕਮਾਉਣਾ ਚਾਹੀਦਾ ਹੈ, ਇਹ ਸੁਝਾਉਣਾ ਚਾਹੁੰਦੇ ਹਨ। ਅਨੇਕ ਲੋਕਾਂ ਨਾਲ ਅਨੰਤ ਆਕਾਸ਼ ਇਕ ਪਾਸੇ ਅਤੇ ਅਨੰਤ ਕਾਲ ਦੂਜੇ ਪਾਸੇ। ਦਿਸ਼ਾ ਅਤੇ ਕਾਲ ਦੋਹਾਂ ਵਿਚਕਾਰ ਧਰਮ ਕਮਾਉਣ ਲਈ ਪ੍ਰਿਥਵੀ ਦੀ ਸਥਾਪਨਾ ਕੀਤੀ ਗਈ ਹੈ, ਅਰਥਾਤ ਇਥੇ ਧਰਮ ਕਮਾਉਣ ਲਈ ਹੀ ਸਾਨੂੰ ਜਨਮ ਮਿਲਿਆ ਹੈ। ਅਨੰਤ-ਕਾਲ ਅਤੇ ਅਨੰਤ ਦੇਸ਼ ਦੇ ਸਾਮ੍ਹਣੇ ਪ੍ਰਿਥਵੀ ਇਕ ਛੋਟੀ ਜੇਹੀ ਚੀਜ਼ ਹੈ। ਉਸ ਤੇ ਅਸੀਂ ਜੰਮੇ ਹਾਂ ਤਾਂ ਧਰਮ ਕਮਾ ਕੇ ਲੀਨ ਹੋ ਜਾਈਏ। ਭਿੰਨ ਭਿੰਨ ਪ੍ਰਕਾਰ ਦੇ ਸੁਭਾਵਾਂ ਅਤੇ ਪ੍ਰਕਾਰਾਂ ਦੇ ਜੀਵਾਂ ਦੀ, ਖੇਤਰ ਵਿਚ ਖੇਤਰ-ਗਿਆਨੀ ਦੇ ਤੌਰ ਤੇ ਸਥਾਪਨਾ ਕੀਤੀ ਹੈ। ਉਨ੍ਹਾਂ ਦੇ ਨਾਉਂ ਅਨੇਕ ਅਤੇ ਅਨੰਤ ਹਨ।

**'ਕਰਮੀ ਕਰਮੀ ਹੋਇ ਵੀਚਾਰੁ'**—ਕਰਮ ਸ਼ਬਦ ਸੰਸਕ੍ਰਿਤ ਹੈ। ਇੰਜ ਮੰਨ ਕੇ ਇਸ ਦਾ ਅਰਥ ਇਹ ਹੋਏਗਾ ਕਿ ਜੀਵ ਅਤੇ ਮਨੁੱਖ ਦੇ ਕਰਮ ਵੇਖ ਕੇ ਉੱਤਮ ਵਿਚਾਰ ਹੋਏਗਾ, ਹਰ ਇਕ ਦੇ ਕਰਮ ਦੀ ਪਰਖ ਹੋਏਗੀ। ਉਥੇ ਭਗਵਾਨ ਬੈਠੇ ਹੋਏ ਹਨ ਜੋ ਆਪ ਸੱਚੇ ਹਨ ਤੇ ਉਨ੍ਹਾਂ ਦਾ ਦਰਬਾਰ ਸੱਚਾ ਹੈ। ਉਥੇ ਜੋ ਵੀ ਪੇਸ਼ ਹੋਣਗੇ, ਉਨ੍ਹਾਂ ਦੀ ਉਥੇ ਠੀਕ ਜਾਚ ਹੋਏਗੀ, ਉਥੇ ਜੋ ਵੀ ਨਿਆਇ ਹੋਏਗਾ, ਪੰਚਾਂ ਦੀ ਰਾਇ ਨਾਲ ਹੋਵੇਗਾ। ਉਹ ਪ੍ਰਮਾਣਕ ਪੰਚ ਭਗਵਾਨ ਦੇ ਦਰਬਾਰ ਵਿਚ ਸੁਸ਼ੋਭਿਤ ਹਨ ਜੋ ਸਾਡੇ ਹਰ ਕਰਮ ਦੇ ਸਾਖੀ ਹਨ। ਉਹ ਪੰਚ ਸਾਡੇ ਸਰੀਰ ਵਿਚ ਹਨ। ਪੰਜਾਂ ਇੰਦ੍ਰੀਆਂ ਨਾਲ ਕੰਮ ਹੁੰਦਾ ਹੈ, ਇਸ ਲਈ ਇਹ ਹੀ ਪੰਚਾਂ ਦੇ ਰੂਪ ਵਿਚ ਭਗਵਾਨ ਦੇ ਦਰਬਾਰ ਵਿਚ ਆਉਣਗੀਆਂ ਅਤੇ ਉਥੇ ਸਾਡੇ ਕਰਮਾਂ ਦਾ ਹਿਸਾਬ ਹੋਏਗਾ। ਜਿਸ ਤੇ ਭਗਵਾਨ ਦੀ ਕ੍ਰਿਪਾ-ਦ੍ਰਿਸ਼ਟੀ ਹੋਏਗੀ

ਉਹ ਪਾਸ ਹੋਇਆ, ਐਸਾ 'ਨੀਸਾਣੁ' ਉਸ ਨੂੰ ਮਿਲੇਗਾ। ਉਥੇ ਹੀ ਕਚਿਆਈ ਅਤੇ ਪਕਿਆਈ ਸਭ ਵੇਖੀ ਜਾਏਗੀ। ਕਿਸ ਦਾ ਕੰਮ ਠੀਕ ਹੈ ਅਤੇ ਕਿਸ ਦਾ ਗ਼ਲਤ—ਇਸ ਦੀ ਪਰਖ ਦੁਨੀਆ ਵਿਚ ਨਹੀਂ ਹੁੰਦੀ, ਕਿਉਂਜੋ ਕਰਮ ਦੇ ਪਿਛੇ ਜੋ ਮੰਤਵ ਹੁੰਦਾ ਹੈ, ਉਸ ਨੂੰ ਦੁਨੀਆ ਨਹੀਂ ਜਾਣਦੀ। ਦੁਨੀਆ ਤਾਂ ਕਰਮ ਦਾ ਇਕੋ ਅੰਗ ਵੇਖਦੀ ਹੈ।

ਕਰਮ ਦਾ ਸਰੂਪ ਇਥੇ ਪੂਰਾ ਨਹੀਂ ਦਿਸਦਾ। ਇਸ ਲਈ ਕਰਮ ਦਾ ਮੁੱਲ ਇਥੇ ਨਹੀਂ ਪੈ ਸਕਦਾ। ਕਰਮ ਦਾ ਮੰਤਵ ਤੇ ਉੱਦੇਸ਼ ਨਾ ਜਾਣਦੇ ਹੋਏ ਕੇਵਲ ਫਲ ਵੇਖਣ ਨਾਲ ਗਲਤਫ਼ਹਿਮੀ ਹੁੰਦੀ ਹੈ। ਟਪਲਾ ਲੱਗ ਜਾਂਦਾ ਹੈ। ਲੇਕਿਨ ਉਥੇ ਕਰਮ ਦਾ ਮੰਤਵ, ਸਰੂਪ ਤੇ ਫਲ ਸਭ ਵੇਖ ਕੇ ਮਨੁੱਖ ਦੇ ਕਰਮਾਂ ਬਾਰੇ ਫ਼ੈਸਲਾ ਹੋਏਗਾ। ਸਾਡੀ ਕਚਿਆਈ ਅਤੇ ਪਕਿਆਈ ਦਾ ਫ਼ੈਸਲਾ ਉਥੇ ਜਾਣ ਤੇ ਹੀ ਹੋਏਗਾ। ਦੁਨੀਆ ਤਾਂ ਗ਼ਲਤ ਬੰਦੇ ਨੂੰ ਵੀ ਵਡਿਆਉਂਦੀ ਹੈ ਕਿਉਂਜੋ ਉਹ ਉਪਟੋਂ ਉਪਰੋਂ ਹੀ ਵੇਖਦੀ ਹੈ।

ਗੁਰੂ ਨਾਨਕ ਜੀ ਆਖਦੇ ਹਨ, ਉਥੇ ਜਾਣ ਤੇ ਹੀ ਠੀਕ ਜਾਣਿਆ ਜਾ ਸਕਦਾ ਹੈ। ਉਸ ਤੋਂ ਪਹਿਲਾਂ ਕਿਸੇ ਦਾ ਫ਼ੈਸਲਾ ਨਹੀਂ ਹੋ ਸਕਦਾ। ਈਸਾ ਮਸੀਹ ਨੇ ਠੀਕ ਹੀ ਆਖਿਆ ਹੈ 'Judge not that ye be not judged'. ਤੁਸੀਂ ਪ੍ਰੇਮ ਅਤੇ ਕਰੁਣਾ ਰੱਖੋ; ਪਰ ਕੌਣ ਕਿਸ ਤਰ੍ਹਾਂ ਦਾ ਹੈ, ਇਸ ਦਾ ਨਿਆਇ ਨਾ ਕਰੋ। ਅੰਦਰੋਂ ਤਾਂ ਪਰਮੇਸ਼ਰ ਹੀ ਹੈ। ਬਾਹਰੋਂ ਜੋ ਕਰਮ ਚਲਦਾ ਹੈ, ਉਸ ਦੀ ਪਰਖ ਤੁਸੀਂ ਨਹੀਂ ਕਰ ਸਕਦੇ। ਉਸ ਦੀ ਪਰਖ ਉਥੇ ਹੀ ਹੋਏਗੀ।

## ੧੫. ਗਿਆਨ ਖੰਡ

### ੩੫

**"ਧਰਮ ਖੰਡ ਕਾ ਏਹੋ ਧਰਮੁ ॥**
**ਗਿਆਨ ਖੰਡ ਕਾ ਆਖਹੁ ਕਰਮੁ ॥**
**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**
**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**
**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**
**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**
**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**
**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**
**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**
**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ" ॥ ੩੫ ॥**

ਇਹ ਹੈ ਧਰਮ ਖੰਡ ਦਾ ਸਰੂਪ, ਜਿਥੇ ਧਰਮ ਦੀ ਕਮਾਈ ਹੁੰਦੀ ਹੈ। ਇਸ ਧਰਮ-

ਭੂਮਿਕਾ ਮਗਰੋਂ ਗਿਆਨ ਦੀ ਭੂਮਿਕਾ ਆਉਂਦੀ ਹੈ। ਸਾਧਕ ਨੂੰ ਪਹਿਲਾਂ ਤਾਂ, ਨੀਤੀ ਅਨੀਤੀ ਦਾ ਵਿਚਾਰ ਕਰਕੇ, ਆਪਣਾ ਆਚਰਣ ਸ਼ੁੱਧ ਕਰਨਾ ਚਾਹੀਦਾ ਹੈ। ਆਧੁਨਿਕ ਪਰਿਭਾਸ਼ਾ ਵਿਚ ਇਹ ਨੈਤਿਕ-ਭੂਮਿਕਾ ਹੈ। ਫਿਰ ਗਿਆਨ ਦੀ ਭੂਮਿਕਾ ਆਉਂਦੀ ਹੈ। ਨੈਤਿਕ ਵਿਵੇਕ, ਝੂਠ ਸੱਚ ਦੀ ਪਰਖ, ਸਤਿ ਆਚਰਣ ਦੀ ਪ੍ਰਾਪਤੀ, ਅਸਤਿ (ਕੂੜ) ਦੀ ਨਿਖੇਧੀ, ਇਹ ਸਾਧਕ ਦੀ ਪ੍ਰਥਮ ਭੂਮਿਕਾ ਅਰਥਾਤ ਧਰਮ-ਖੰਡ ਹੈ।

ਇਸ ਤੋਂ ਬਾਅਦ ਜਦੋਂ ਇਕ ਪਾਸੇ ਬੈਠੀ ਨਿਰਪੱਖ ਬੁੱਧੀ ਦੀ ਪ੍ਰਭਾ ਖੁਲ੍ਹਦੀ ਹੈ, ਤਾਂ ਗਿਆਨ-ਖੰਡ ਦਾ ਕ੍ਰਮ (ਸਿਲਸਿਲਾ) ਸ਼ੁਰੂ ਹੁੰਦਾ ਹੈ। ਗਿਆਨ-ਭੂਮੀ ਵਿਚ ਇਕ ਪਾਸੇ ਬੈਠ ਕੇ ਸਾਖੀ ਰੂਪ ਹੋ ਕੇ ਦਰਸ਼ਨ ਕਰਨਾ ਹੈ। ਸਾਡੀ ਦੁਨੀਆ ਵਿਚ ਤਾਂ ਇਕੋ ਪਉਣ, ਪਾਣੀ ਅਤੇ ਬਸੰਤਰ (ਅਗਨੀ) ਕੰਮ ਕਰਦੇ ਹਨ, ਪਰ ਬ੍ਰਹਿਮੰਡ ਵਿਚ ਅਨੇਕਾਂ ਪਉਣ, ਪਾਣੀ ਆਦਿ ਕੰਮ ਕਰਦੇ ਹਨ। ਉਥੇ ਕਿੰਨੇ ਹੀ ਕ੍ਰਿਸ਼ਨ (ਕਾਨ੍ਹ) ਹਨ ਤੇ ਮਹੇਸ਼ ਹਨ; ਕਿੰਨੇ ਹੀ ਬ੍ਰਹਮਾ ਹਨ ਜੋ ਦੁਨੀਆ ਦੀ ਘਾੜਤ ਘੜ ਰਹੇ ਹਨ। ਉਨ੍ਹਾਂ ਦੇ ਰੂਪ, ਰੰਗ ਅਤੇ ਵੇਸ ਅਨੇਕ ਹਨ। ਇਥੇ ਤਾਂ ਇਕ ਕਰਮ-ਭੂਮੀ ਹੈ ਜਿਸ ਨੂੰ ਧਰਮਸਾਲਾ ਨਾਉਂ ਦਿੱਤਾ ਹੈ। ਉਸ ਦੇ ਆਧਾਰ ਤੇ ਮਨੁੱਖੀ ਜੂਨ ਵਿਚ ਆ ਕੇ ਜੀਵ ਕੰਮ ਕਰਦਾ ਹੈ। ਪਰ ਗਿਆਨੀ ਦੇ ਗਿਆਨ-ਦਰਸ਼ਨ ਵਿਚ ਕਿੰਨੀਆਂ ਹੀ ਕਰਮ-ਭੂਮੀਆਂ ਹਨ, ਕਿੰਨੇ ਹੀ ਮੇਰ (ਸੁਮੇਰੁ) ਪਰਬਤ, ਪ੍ਰਿਥਵੀ ਦੇ ਵਿਚਕਾਰ ਹਨ ਅਤੇ ਕਿੰਨੇ ਹੀ ਧ੍ਰੂ-ਪ੍ਰਦੇਸ਼ ਹਨ। ਇਥੇ ਪੌਰਾਣਿਕ ਕਥਾ ਅਨੁਸਾਰ ਵੀ ਅਰਥ ਕੀਤਾ ਜਾ ਸਕਦਾ ਹੈ। ਧ੍ਰੂ ਨੂੰ ਨਾਰਦ ਨੇ ਉਪਦੇਸ਼ ਦਿੱਤਾ, ਜਿਸ ਨਾਲ ਉਸ ਵਿਚ ਪਲਟਾ ਆਇਆ ਅਤੇ ਉਹ ਤਪਸਿਆ ਲਈ ਚਲਾ ਗਿਆ। ਪਰ ਉਥੇ (ਗਿਆਨ-ਖੰਡ ਵਿਚ) ਕਿੰਨੇ ਹੀ ਧ੍ਰੂ ਹੋਏ ਹਨ ਅਤੇ ਉਨ੍ਹਾਂ ਨੂੰ ਕਿੰਨੇ ਹੀ ਉਪਦੇਸ਼ ਦਿੱਤੇ ਗਏ ਹਨ। ਉਥੇ ਕਿੰਨੇ ਹੀ ਇੰਦਰ, ਚੰਨ ਤੇ ਸੂਰਜ ਹਨ, ਅਤੇ ਕਿੰਨੇ ਹੀ ਨਛੱਤਰ ਮੰਡਲ ਅਤੇ ਤਾਰਿਆਂ ਦੇ ਪ੍ਰਦੇਸ਼ ਹਨ।

ਸਿਧ, ਬੁੱਧ ਅਤੇ ਨਾਥ—ਇਹ ਤਿੰਨੇ ਗਿਆਨ ਦੇ ਪੰਥ ਹਨ। ਬੁੱਧ-ਪੰਥ, ਗੌਤਮ ਬੁੱਧ ਦੇ ਨਾਂ ਉਤੇ ਚਲਦਾ ਹੈ। ਸਿੱਧ, ਨਿਰਗ੍ਰੰਥ ਮਹਾਵੀਰ ਦਾ ਪੰਥ ਹੈ, ਅਤੇ ਨਾਥ ਅਰਥਾਤ ਨਾਥ ਪਥੀ। ਉਥੇ ਕਿੰਨੇ ਹੀ ਜੈਨ ਸਾਧੂ, ਬੋਧ-ਭਿਕ੍ਸ਼ੂ ਅਤੇ ਨਾਥ-ਪੰਥੀ ਹੋਏ ਹਨ। ਦੇਵੀ ਦਾ ਵੇਸ ਪਾਉਣ ਵਾਲੇ ਭਗਤ ਵੀ ਕਿੰਨੇ ਹੀ ਹੋਏ ਹਨ। ਕਿੰਨੇ ਹੀ ਦੇਵ, ਦਾਨਵ ਅਤੇ ਮੁਨੀ ਹੋਏ ਹਨ। ਰਤਨਾਂ ਨਾਲ ਭਰੇ ਹੋਏ ਸਮੁੰਦਰ ਕਿੰਨੇ ਹੀ ਹਨ।

ਕਿੰਨੀਆਂ ਹੀ ਖਾਣੀਆਂ ਅਤੇ ਕਿੰਨੀਆਂ ਹੀ ਬਾਣੀਆਂ ਹਨ। ਕਿੰਨੀਆਂ ਹੀ ਨਰਿੰਦ-ਪੰਗਤੀਆਂ ਹਨ, ਰਾਜਿਆਂ ਦੀਆਂ ਕਿੰਨੀਆਂ ਹੀ ਵੰਸ਼ਾਵਲੀਆਂ ਹਨ, ਭਗਵੰਤ-ਪ੍ਰਾਪਤੀ ਦੀ ਸਾਧਨਾ ਦੀਆਂ ਕਿੰਨੀਆਂ ਹੀ ਪ੍ਰਣਾਲੀਆਂ (ਸੁਰਤੀ) ਹਨ, ਕਿੰਨੇ ਹੀ ਸੇਵਕ ਹਨ ਜਿਨ੍ਹਾਂ ਨੇ ਪ੍ਰਭ ਦੀ ਪ੍ਰਾਪਤੀ ਦੀ ਸਾਧਨਾ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਉਨ੍ਹਾਂ ਦਾ ਅੰਤ ਨਹੀਂ ਹੈ।

# ੧੯. ਸਰਮ ਖੰਡ

੩੬

"ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ"॥ ੩੬ ॥

**ਇਸ** ਪਉੜੀ ਵਿਚ ਵੀ ਗਿਆਨ-ਖੰਡ ਦੇ ਵਿਸ਼ੇ ਨਾਲ ਕਥਨ ਆਰੰਭਿਆ ਹੈ । ਇਸ ਤਰ੍ਹਾਂ ਗਿਆਨ-ਭੂਮਿਕਾ ਵਿਚ ਮਨੁੱਖ ਨੂੰ ਪ੍ਰਚੰਡ ਗਿਆਨ ਪ੍ਰਾਪਤ ਹੁੰਦਾ ਹੈ। ਉਸ ਵਿਚ ਮਨੁੱਖ ਬਿਲਕੁਲ ਸ੍ਰਿਸ਼ਟੀ ਦੇ ਮੱਧ-ਬਿੰਦੂ ਵਿਚ ਆ ਜਾਂਦਾ ਹੈ ਅਤੇ ਸਾਰੇ ਜਗਤ ਦਾ ਅਨੁਭਵ ਉਸ ਦੇ ਅੰਦਰਲੇ ਵਿਚ ਹੁੰਦਾ ਹੈ, ਬਾਹਰਲੇ ਮਨ ਵਿਚ ਨਹੀਂ ।

ਬਾਹਰਲੇ ਮਨ ਵਿਚ ਮਨੁੱਖ ਭਾਵੇਂ ਕਿੰਨੀਆਂ ਹੀ ਵਿਦਿਆਵਾਂ ਸਿੱਖੇ, ਉਹ ਵਿਦਿਆ ਦੇ ਕੇਂਦਰ-ਸਥਾਨ ਵਿਚ ਨਹੀਂ ਆਏਗਾ, ਇਕ ਬੰਨੇ ਹੀ ਰਹਿ ਜਾਏਗਾ । ਪਰ ਉਹ ਅੰਤਰ-ਮਨ ਵਿਚ ਸਾਰੇ ਜਗਤ ਦੀ ਸਾਖੀ ਅਨੁਭਵ ਕਰਦਾ ਹੈ, ਅਤੇ ਉਸ ਵਿਚ ਮਨੁੱਖ ਆਪਣੇ ਆਪ ਨੂੰ ਜਗਤ ਦੇ ਕੇਂਦਰ ਵਿਚ ਵੇਖਦਾ ਹੈ । ਬਾਹਰਲੀਆਂ ਇੰਦ੍ਰੀਆਂ ਦੇ ਆਧਾਰ ਤੇ ਤਰਕ ਨਾਲ ਜਿਸ ਤਰ੍ਹਾਂ ਅੱਜ ਸ੍ਰਿਸ਼ਟੀ ਦਾ ਗਿਆਨ ਹੁੰਦਾ ਹੈ, ਉਸ ਤਰ੍ਹਾਂ ਇਹ ਨਹੀਂ ਹੈ । ਉਹ ਤਾਂ ਅੰਤਰ-ਮਨ ਵਿਚ ਹੁੰਦਾ ਹੈ । ਉਥੇ ਕਈ ਤਰ੍ਹਾਂ ਦੇ ਨਾਦ ਤੇ ਸ਼ਬਦ ਹੁੰਦੇ ਹਨ, ਵਿਨੋਦ ਹੁੰਦੇ ਹਨ, ਲੀਲ੍ਹਾ ਹੁੰਦੀ ਹੈ ਅਤੇ 'ਕੋਡ' ਅਰਥਾਤ ਕੌਤੁਕ ਹੁੰਦੇ ਹਨ ਅਤੇ ਆਨੰਦ ਵੀ ਹੁੰਦਾ ਹੈ। ਅਰਥਾਤ ਇਥੇ ਜੋ ਕੁਝ ਦਰਸ਼ਨ ਹੈ, ਉਹ ਆਨੰਦ-ਨਿਧਾਨ ਹੈ ।

ਮੈਂ ਇਸ ਨੂੰ ਸਿਖਿਆ-ਖੇਤਰ ਮੰਨਦਾ ਹਾਂ । ਸਿਖਿਆ-ਦਾਤਾ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਮੱਧ-ਬਿਦੂ ਵਿਚ ਰੱਖਣ । ਧਰਮ-ਖੰਡ ਨੂੰ ਉਹ ਪਾਰ ਕਰ ਚੁਕੇ ਹੋਣ । ਉਨ੍ਹਾਂ ਦੀ ਬੁੱਧੀ ਵਿਚ ਤਟਸਥਤਾ (ਸਮਦਰਸ਼ੀ ਭਾਵਨਾ) ਆਈ ਹੋਵੇ । ਉਸ ਦਾ ਫਲ ਇਹ ਕਿ ਉਨ੍ਹਾਂ ਨੂੰ ਜਗਤ ਦਾ ਉਹ ਸਮੁੱਚਾ ਬੋਧ ਹੋਇਆ ਹੋਵੇ, ਜੋ ਜਗਤ ਦੇ ਮੱਧ-ਬਿੰਦੂ ਵਿਚ ਰਹਿ ਕੇ ਹੁੰਦਾ ਹੋਏਗਾ । ਅੱਜ ਉਨ੍ਹਾਂ ਨੂੰ ਕਿਨਾਰੇ ਕਿਨਾਰੇ ਰਹਿਣ ਦੇ ਕਾਰਣ ਅਢੁਕ੍ਵਾਂ ਦਰਸ਼ਨ ਹੁੰਦਾ ਹੈ, ਢੁਕਵਾਂ ਦਰਸ਼ਨ ਨਹੀਂ ਹੁੰਦਾ । ਫਿਰ ਕਈ ਪ੍ਰਸ਼ਨ ਪੇਸ਼ ਹੁੰਦੇ ਹਨ ਕਿ ਦੁਨੀਆ ਵਿਚ ਦੁਖ, ਅਨਿਆਇ ਆਦਿ ਕਿਉਂ ਹੈ । ਜੋ ਆਪਣੇ ਆਪ ਨੂੰ ਮੱਧ-ਬਿੰਦੂ ਵਿਚ ਵੇਖੇਗਾ, ਉਸ ਨੂੰ ਮੰਗਲਕਾਰੀ ਦਰਸ਼ਨ ਹੀ ਹੋਏਗਾ । ਉਥੇ ਨਾਦ, ਵਿਨੋਦ (ਖੇੜਾ), ਕੌਤੁਕ ਅਤੇ ਆਨੰਦ ਹੀ ਹੋਏਗਾ ।

ਗਿਆਨ-ਖੰਡ ਦੀ ਭੂਮਿਕਾ ਮਗਰੋਂ ਤੀਜੀ ਭੂਮਿਕਾ 'ਸਰਮ ਖੰਡ' ਦੀ ਆਉਂਦੀ ਹੈ। ਇਹ ਉਦਯੋਗ ਦਾ, ਸਾਧਨਾ ਦਾ, ਖੰਡ ਹੈ। ਧਰਮ ਖੰਡ ਨੀਤੀ ਵਾਲਾ ਸੀ ਜਿਸ ਵਿਚ ਸੱਚ ਕੂੜ ਦਾ ਵਿਵੇਕ ਸੀ ਤੇ ਫਿਰ ਗਿਆਨ ਖੰਡ ਤੇ ਉਸ ਦੇ ਮਗਰੋਂ ਸਰਮ ਖੰਡ ਹੈ । ਸਰਮ ਅਰਥਾਤ ਨਮ੍ਰਤਾ ਵੀ ਅਰਥ ਹੋ ਸਕਦਾ ਹੈ । ਕੋਈ ਉਸ ਦਾ ਅਰਥ ਸੰਸਕ੍ਰਿਤ ਅਨੁਸਾਰ ਸ਼੍ਰਮ ਖੰਡ

ਕਰਦੇ ਹਨ ਅਤੇ ਕੋਈ ਫ਼ਾਰਸੀ ਅਨੁਸਾਰ ਬੇਨਤੀ ਦਾ 'ਖੰਡ' ਅਰਥ ਕਰਦੇ ਹਨ। ਮੇਰੇ ਧਿਆਨ ਵਿਚ ਇਕ ਗੱਲ ਆ ਗਈ ਹੈ ਕਿ ਇਸ ਪ੍ਰਕਾਰ ਜਿਥੇ ਨਿਸ਼ਚਾ ਨਹੀਂ ਹੁੰਦਾ, ਉਥੇ ਗੁਰੂ ਨਾਨਕ ਸਾਨੂੰ ਸ਼ੱਕੇ ਵਿਚ ਨਹੀਂ ਪਾਉਣਾ ਚਾਹੁੰਦੇ, ਸਗੋਂ ਦੋਹਾਂ ਅਰਥਾਂ ਨੂੰ ਇਕ ਕਰਕੇ ਅਰਥ ਕਰਨਾ ਚਾਹੁੰਦੇ ਹਨ।

ਦੋ ਦੋ ਭਾਸ਼ਾਵਾ ਦੇ ਸੁਮੇਲ ਦੀ ਵਰਤੋਂ ਕਰਨ ਵਾਲੇ ਗੁਰੂ ਨਾਨਕ ਨਵੇਂ ਆਚਾਰੀਆ ਹਨ। ਇਸ ਲਈ ਇਥੇ ਸਰਮ ਖੰਡ ਦਾ ਮਤਲਬ ਨਮ੍ਰਤਾ ਭਰਪੂਰ ਉਦਯੋਗ, ਨਮ੍ਰਤਾ ਜਾਂ ਕੁਲ ਸਾਧਨਾ ਦੀ ਰੱਖਿਆ ਲਈ ਨਮ੍ਰਤਾ, ਇਸ ਤਰ੍ਹਾਂ ਮੈਂ ਦੋਹਰਾ ਅਰਥ ਕਰਦਾ ਹਾਂ ਜੋ ਦੋ ਸੋਮਿਆਂ ਤੋਂ ਆਇਆ ਹੈ। ਸਾਧਨਾ ਦਾ ਸਰੂਪ ਹੈ ਨਮ੍ਰਤਾ-ਭਰਪੂਰ ਉਦਯੋਗ।

ਨਮ੍ਰਤਾ-ਪ੍ਰਧਾਨ ਸਾਧਨਾ ਦੀ ਬਾਣੀ ਯਾਨੀ ਕੌਲ (motto) ਕੀ ਹੋਏਗਾ ? ਇਸ ਵਿਚ ਜੀਵਨ ਦਾ ਸੁੰਦਰ ਰੂਪ ਬਣੇਗਾ। ਇਸ ਦੇ ਪਹਿਲਾਂ ਦੇ ਗਿਆਨ-ਖੰਡ ਵਿਚ ਵੀ ਘਾੜਤ ਘੜਨ ਦੀ ਗੱਲ ਸੀ। ਪਰ ਉਥੇ ਮਨੁੱਖ ਆਪਣੇ ਜੀਵਨ ਦੀ ਘੜਤ ਨਹੀਂ ਬਣਾ ਰਿਹਾ ਸੀ, ਸਗੋਂ ਬ੍ਰਹਮਾ ਰਾਹੀਂ ਸ੍ਰਿਸ਼ਟੀ ਵਿਚ ਜੋ ਘਾੜਤ ਬਣ ਰਹੀ ਹੈ, ਉਸ ਦਾ ਸਾਖੀ-ਰੂਪ ਵਿਚ ਦਰਸ਼ਨ ਕਰ ਰਿਹਾ ਸੀ। ਇਥੇ, ਜੀਵਨ ਦੀ ਕਾਰੀਗਰੀ ਅਸੀਂ ਆਪਣੇ ਵਿਚ ਹੀ ਕਰਨੀ ਹੈ। ਧਰਮ-ਖੰਡ ਵਿਚ ਮਿੱਟੀ ਤਿਆਰ ਕੀਤੀ ਗਈ, ਗਿਆਨ ਖੰਡ ਵਿਚ ਉਸ ਵਿਚ ਪਾਣੀ ਪਾਇਆ ਗਿਆ, ਹੁਣ ਸਰਮ ਖੰਡ ਵਿਚ ਮੂਰਤੀ ਬਣਾਉਣ ਦਾ, ਉਸ ਨੂੰ ਸੁੰਦਰ ਰੂਪ ਦੇਣ ਦਾ ਮਹਾਨ **ਕਾਰਜ ਕਰਨਾ ਹੈ।**

**'ਤਾ ਕੀਆ ਗਲਾ ਕਥੀਆ ਨਾ ਜਾਹਿ'**—ਉਸ ਦੀ ਮਹਿਮਾ ਦਾ ਵਰਣਨ ਕੀਤਾ ਨਹੀਂ ਜਾ ਸਕਦਾ ਤੇ ਜੋ ਕਰੇਗਾ ਉਹ ਪਿਛੋਂ ਪਛਤਾਏਗਾ, ਕਿਉਂਜੋ ਅਨੁਭਵ ਪਹਿਲਾਂ ਸੀਮਿਤ ਹੁੰਦਾ ਹੈ, ਫਿਰ ਨਵਾਂ ਅਨੁਭਵ ਆਉਂਦਾ ਹੈ ਅਤੇ ਅੱਗੇ ਦਾ ਸਰੂਪ ਖੁਲ੍ਹ ਜਾਂਦਾ ਹੈ। ਇਸ ਤਰ੍ਹਾਂ ਧੀਰੇ ਧੀਰੇ ਜੀਵਨ ਦੀ ਮੂਰਤੀ ਬਣ ਰਹੀ ਹੈ। ਸੁੰਦਰ ਨੁਹਾਰ ਨਿਖਰ ਰਹੀ ਹੈ। ਵਰਣਨ ਕਰਨ ਦਾ ਕਿਸੇ ਨੂੰ ਫੁਰਨਾ ਹੁੰਦਾ ਹੈ, ਪਰ ਉਹ ਵਰਣਨ ਕਰਨ ਬੈਠੇਗਾ ਤਾਂ ਬਾਅਦ ਵਿਚ ਪਛਤਾਏਗਾ।

[ਪਹਿਲਾਂ ਵਚਨ ਆਇਆ ਹੈ—'**ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ**'—ਮਨਨ ਦੀ ਗਤੀ ਜੋ ਕਰੇਗਾ, ਪਿਛੋਂ ਪਛਤਾਏਗਾ। ਸ਼ਾਸਤ੍ਰ ਵਿਚ ਇਸ ਨੂੰ ਨਿਸ-ਤਾਰ ਆਖਦੇ ਹਨ। ਉਹੋ ਸ਼ਬਦ ਰਚਨਾ ਦੂਜੀ ਤੀਜੀ ਵੇਰ ਆਉਂਦੀ ਹੈ ਤਾਂ ਮਨੁੱਖ ਪਾਠ ਕਰਨ ਵੇਲੇ ਕਿਥੋਂ ਦਾ ਕਿਥੇ ਚਲਾ ਜਾਂਦਾ ਹੈ। ਵੇਦ ਦੇ '**ਪਵਮਾਨ ਸੂਕ੍ਤਾਂ**' ਵਿਚ ਛ ਸੱਤ ਸੌ ਮੰਤ੍ਰ ਹਨ। ਉਨ੍ਹਾਂ ਵਿਚ ਅਨੇਕ ਵੇਰ ਨਿਸਤਾਰ ਆਇਆ ਹੈ, ਇਸ ਲਈ ਉਸ ਨੂੰ ਕੰਠ ਕਰਕੇ ਠੀਕ ਬੋਲਣਾ ਬਹੁਤ ਸਾਵਧਾਨੀ ਦਾ ਵਿਸ਼ਾ ਹੈ। ਪਵਮਾਨ ਨਾਲ ਵਿਸ਼ਣੂ ਨੂੰ ਤਿਲਕ ਲਾਇਆ ਜਾਂਦਾ ਹੈ। ਕੁਰਾਨ ਸ਼ਰੀਫ਼ ਵਿਚ ਵੀ ਬਹੁਤ ਨਿਸਤਾਰ ਹੈ।]

'ਸੁਰਤਿ' ਅਰਥਾਤ ਪੂਰਣ ਲਿਵਲੀਨਤਾ, ਇਕਾਗ੍ਰਤਾ। ਗੁਜਰਾਤ ਦੇ ਕਵੀ ਪ੍ਰੇਮਲਦਾਸ ਦਾ ਵਚਨ ਹੈ :

"ਜੇਨਿ ਸੁਰਤਾ ਸਾਮਲਿਯਾ ਸਾਥ"

ਅਰਥਾਤ ਜਿਸ ਦੀ ਈਸ਼ਵਰ ਨਾਲ ਲਿਵਲੀਨਤਾ ਹੈ।

'ਮਤਿ' ਅਰਥਾਤ ਮਨਨ-ਸ਼ਕਤੀ। ਇਹ ਮਨ ਅਤੇ ਬੁੱਧੀ ਦੇ ਵਿਸ਼ੇ ਹਨ। ਲਿਵਲੀਨਤਾ ਅਤੇ ਮਨਨ-ਸ਼ਕਤੀ,ਸਰਮ ਖੰਡ ਦੀ ਭੂਮਿਕਾ ਵਿਚ ਬਣਦੀਆਂ ਹਨ, ਉਥੇ ਘੜੀਆਂ ਜਾਂਦੀਆਂ ਹਨ। ਇਥੇ ਸੁਰਾਂ ਤੇ ਸਿਧਾਂ ਦੀ ਸੁਧ (ਸੂਝ), ਪ੍ਰਤਿਭਾ ਬਣਦੀ ਹੈ। ਜਿਨ੍ਹਾਂ ਵਿਚ ਗਿਆਨ ਪਰਿਪੂਰਣ ਹੋ ਗਿਆ, ਉਹ ਸਿੱਧ ਅ ਤੇ ਸੁਰ ਅਰਥਾਤ ਅਧਿਕਾਰਿਕ ਸਿੱਧ, ਜਿਨ੍ਹਾਂ ਸਿੱਧਾਂ ਨੂੰ ਦੁਨੀਆ ਦੇ ਕਲਿਆਣ ਦਾ ਅਧਿਕਾਰ ਮਿਲਿਆ ਹੈ। ਅਸਲ ਵਿਚ ਗਿਆਨ ਪ੍ਰਾਪਤੀ ਮਗਰੋਂ ਦੇਹ ਮੁਕਤੀ ਹੁੰਦੀ ਹੈ। ਪਰ 'ਅਧਿਕਾਰ' ਹੈ, ਇਸ ਲਈ ਦੇਹ ਰਹਿੰਦੀ ਹੈ। ਇਸ ਤਰ੍ਹਾਂ ਦੋਹਾਂ ਪ੍ਰਕਾਰ ਦੇ ਗਿਆਨੀਆ ਦੀ ਪ੍ਰਤਿਭਾ ਉਥੇ ਘੜੀ ਜਾਂਦੀ ਹੈ।

## ੧੭. ਕਰਮ ਖੰਡ

### ੩੭

"ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥"

## ੧੮. ਸਚ ਖੰਡਿ

"ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ" ॥ ੩੭ ॥

**ਪਹਿਲੀ** ਭੂਮਿਕਾ ਧਰਮ-ਵਿਚਾਰ ਦੀ, ਦੂਜੀ ਤੱਤ੍ਵ-ਗਿਆਨ ਦੀ, ਤੀਜੀ ਨਮ੍ਰਤਾ-ਪੂਰਵਕ ਸਾਧਨਾ ਦੀ ਸੀ। ਹੁਣ ਚੋਥੀ ਤੇ ਪੰਜਵੀਂ ਭੂਮਿਕਾ ਇਕੋ ਪਉੜੀ ਵਿਚ ਦਿੱਤੀ ਗਈ ਹੈ। ਇਨ੍ਹਾਂ ਨੂੰ ਵਖਰਿਆਂ ਵਖਰਿਆਂ ਪਾ ਸਕਦੇ ਸਨ, ਪਰ ਇਕੋ ਵਿਚ ਪਾਈਆਂ ਹਨ। ਇਸ ਦਾ ਮਤਲਬ ਇਹ ਹੈ ਕਿ ਦੋਵੇਂ ਮਿਲਾ ਕੇ ਇਕੋ ਭੂਮਿਕਾ ਮੰਨੀ ਗਈ ਹੈ, ਭਾਵੇਂ ਇਹ ਦੋਵੇਂ ਸਾਫ਼, ਵੱਖ ਵੱਖ ਹਨ। ਇਥੇ 'ਕਰਮ'ਅਰਥਾਤ ਪਰਮੇਸ਼ਰ ਦੀ ਕ੍ਰਿਪਾ (grace) ਹੈ। ਸਾਧਨਾ ਮਗਰੋਂ ਪਰਮੇਸ਼ਰ ਦੀ ਕ੍ਰਿਪਾ ਦਾ ਖੰਡ ਆਉਂਦਾ ਹੈ। ਉਸ ਦੀ ਕੀ ਬਾਣੀ (motto) ਹੈ ? 'ਜੋਰੁ' ਅਰਥਾਤ ਜੋੜ, ਪਰਮੇਸ਼ਰ ਨਾਲ ਸੰਗਤ (ਪ੍ਰੇਮ)।

ਪਰਮੇਸ਼ਰ ਦੀ ਕ੍ਰਿਪਾ ਦਾ ਸਰੂਪ ਇਹ ਹੈ ਕਿ ਮਨੁੱਖ ਸਦਾ ਪਰਮੇਸ਼ਰ ਦੀ ਸੰਗਤ

ਵਿਚ ਰਹਿੰਦਾ ਹੈ। ਉਥੇ ਹੋਰ ਕੋਈ ਨਹੀਂ ਰਹਿੰਦਾ ਜਿਸ ਨੂੰ ਅਸੀਂ ਆਪਣੇ ਤੋਂ ਭਿੰਨ, ਹੋਰ ਜਾਤ ਵਾਲਾ ਜਾਂ ਓਪਰਾ ਆਖ ਸਕੀਏ। ਇਕ ਪਰਮੇਸ਼ਰ, ਦੂਜੇ ਅਸੀਂ, ਅਰਥਾਤ ਸਾਡੀ ਮੰਡਲੀ, ਤੀਜਾ ਕੋਈ ਨਹੀਂ। ਅਰਥਾਤ ਦੁਨੀਆ ਦਾ ਲੋਪ ਹੈ, ਜਾਂ ਦੁਨੀਆ ਦਾ ਈਸ਼ਰ ਵਿਚ ਸਮਾਵੇਸ਼ ਹੈ। ਉਥੇ ਸਾਡੀ ਵੱਡੀ ਮੰਡਲੀ ਹੈ। ਕੁਝ ਲੋਕਾਂ ਨੂੰ ਮੁਕਤੀ ਦਾ ਇਹ ਦ੍ਰਿਸ਼ ਬੜਾ ਪਿਆਰਾ ਲਗਦਾ ਹੈ। ਇਸਲਾਮ ਵਾਲੇ ਅਤੇ ਅਨੇਕ ਵੈਸ਼ਣੂ ਇਹ ਪਸੰਦ ਕਰਦੇ ਹਨ ਕਿ ਪਰਮੇਸ਼ਰ ਦੀ ਹਜ਼ੂਰੀ ਵਿਚ ਅਸੀਂ ਸਭ ਬੈਠੇ ਹਾਂ। ਪਰਮੇਸ਼ਰ ਦੀ ਤੇ ਨਾਲ ਵਾਲਿਆਂ ਦੀ ਆਪਸ ਵਿਚ ਗੱਲਬਾਤ ਚਲ ਰਹੀ ਹੈ। ਉਥੇ ਮਹਾ ਬਲਵਾਨ ਸੂਰਬੀਰ ਜੋਧੇ ਹਨ, ਅਰਥਾਤ ਅਜੇਹੇ ਲੋਕ ਜੋ ਖ਼ੂਬ ਸਾਧਨਾ ਕਰ ਚੁਕੇ ਹਨ। ਉਨ੍ਹਾਂ ਦੇ ਹਿਰਦੇ ਵਿਚ ਰਾਮ ਵਸੇ ਹੋਏ ਹਨ। ਉਨ੍ਹਾਂ ਵਿਚ ਰਾਮ ਭਰਪੂਰ ਰਮਿਆ ਹੋਇਆ ਹੈ।

'ਜਪੁਜੀ' ਵਿਚ 'ਰਾਮੁ' ਸ਼ਬਦ ਇਥੇ ਪਹਿਲੀ ਵੇਰ ਆਇਆ ਹੈ, ਪਰ ਇਹ ਪਰਮਾਤਮਾ ਦੇ ਸਰੂਪ ਬਾਰੇ ਆਇਆ ਹੈ। ਉਂਜ ਤਾਂ ਦੂਜੇ ਦੇਵਤਿਆਂ ਦੇ ਨਾਉਂ ਵੀ ਆਏ ਹਨ, ਪਰ 'ਰਾਮ' ਸ਼ਬਦ ਉਸ ਪ੍ਰਕਾਰ ਦਾ ਨਹੀਂ ਹੈ। ਉਹ ਪਰਮਾਤਮਾ ਲਈ ਹੀ ਆਇਆ ਹੈ। 'ਰਾਮ' ਦੀ ਵਿਉਤਪੱਤੀ ਹੈ: ਅੰਦਰ ਰਮ-ਮਾਣ ਹੋਣ ਵਾਲਾ, ਅੰਦਰ ਧਾ ਜਾਣ ਵਾਲਾ।

**'ਤਿਥੈ ਸੀਤੋ'**—ਇਹ ਬੜਾ ਕਠਿਨ ਵਾਕ ਹੈ। ਉਥੇ ਸੀਤੀ ਹੋਈ ਸ਼ੋਭਾ ਹੈ ਅਰਥਾਤ ਬਿਲਕੁਲ ਅਨੁਸ੍ਯੂਤ ਸ਼ੋਭਾ ਹੈ। ਪ੍ਰਭੂ ਤੋਂ ਉਸ ਦੀ ਸ਼ੋਭਾ ਅਲਗ ਨਹੀਂ ਹੋ ਸਕਦੀ। ਸੂਰਜ ਤੋਂ ਉਸ ਦੀ ਚਮਕ, ਸ਼ਿਵ ਤੋਂ ਸ਼ਕਤੀ, ਰੂਪ ਤੋਂ ਛਾਇਆ ਅਤੇ ਬ੍ਰਹਮ ਤੋਂ ਪ੍ਰਕ੍ਰਿਤੀ ਅਲਗ ਨਹੀਂ ਹੋ ਸਕਦੀ। ਇਥੇ 'ਸੀਤਾ' ਸ਼ਬਦ ਪਰ ਸ਼ਲੇਸ਼ ਹੈ। ਰਾਮ ਜੀ ਦੀ, ਪਰਮੇਸ਼ਰ ਦੀ ਮਹਿਮਾ ਸਾਰੀ ਸ੍ਰਿਸ਼ਟੀ ਵਿਚ ਫੈਲੀ ਹੋਈ ਹੈ। ਉਸ ਵਿਚ ਉਸ ਦੀ ਸ਼ੋਭਾ (ਸੀਤਾ) ਜੁੜੀ ਹੋਈ ਹੈ।

ਪਰਮੇਸ਼ਰ ਕਿਥੇ ਰਹਿੰਦਾ ਹੈ? **'स्वे महिम्नि यदि वा न महिम्नि इति।'** ਉਹ ਆਪਣੀ ਮਹਿਮਾ ਵਿਚ ਰਹਿੰਦਾ ਹੈ ਅਤੇ ਮਹਿਮਾ ਵਿਚ ਨਹੀਂ ਵੀ ਰਹਿੰਦਾ। **'एतावान् अस्य महिमा। अतो ज्यायांश्च पुरुष:।'** ਇਹ ਸਭ ਉਸ ਦੀ ਮਹਿਮਾ ਹੈ ਅਤੇ ਉਹ ਪਰਮ ਪੁਰਖ ਉਸ ਤੋਂ ਵੀ ਮਹਾਨ ਹੈ। ਉਸ ਦੀ ਜੋ ਮਹਿਮਾ ਫੈਲੀ ਹੋਈ ਹੈ, ਉਸ ਦੇ ਇਕ ਅੰਸ਼ ਮਾਤ੍ਰ ਦਾ ਹੀ ਅਸੀਂ ਵਰਣਨ ਕਰ ਸਕਦੇ ਹਾਂ। ਅਸੀਂ ਉਸ ਦੀ ਪੂਰੀ ਮਹਿਮਾ ਦਾ ਵਰਣਨ ਨਹੀਂ ਕਰ ਸਕਦੇ। ਕੇਵਲ ਥੋੜਾ ਕੁ ਕਰਦੇ ਹਾਂ। ਵਸਤੂ ਅਤੇ ਵਸਤੂ ਦੀ ਮਹਿਮਾ, ਪਦਾਰਥ ਅਤੇ ਪਦਾਰਥ-ਗੁਣ, ਅਸੀਂ ਵੱਖਰੇ ਨਹੀਂ ਕਰ ਸਕਦੇ। ਬਰਫ਼ੀ ਅਤੇ ਉਸ ਦੀ ਮਿਠਾਸ ਵੱਖਰੀ ਨਹੀਂ ਕਰ ਸਕਦੇ। ਸੀਤਾ ਦਾ ਰੂਪ ਅਕਥ ਹੈ, ਐਸਾ ਬਾਲਮੀਕ ਨੇ ਕਿਹਾ ਹੈ। ਪਰਮੇਸ਼ਰ ਦੀ ਸ਼ੋਭਾ ਦਾ ਕੋਈ ਵਰਣਨ ਨਹੀਂ ਕਰ ਸਕਦੇ।

ਜਿਨ੍ਹਾਂ ਦੇ ਮਨ ਵਿਚ ਰਾਮ ਵਸ ਗਏ ਹਨ ਤੇ ਟਿਕ ਗਏ ਹਨ, ਉਹ ਕਦੇ ਮਰਨਗੇ ਨਹੀਂ,—**'ਅਮਰ ਭਏ'**। ਦੁਨੀਆ ਵਿਚ ਕੋਈ ਅਜੇਹੀ ਸ਼ਕਤੀ ਨਹੀਂ ਜੋ ਅਜੇਹੇ ਪੁਰਖ ਨੂੰ

ਠਗ ਸਕੇ ।

ਉਥੇ ਕਿੰਨੇ ਹੀ ਲੋਕਾਂ ਦੇ ਭਗਤ ਰਹਿੰਦੇ ਹਨ। ਲੋਕ ਅਰਥਾਤ ਚੰਦ੍ਰ-ਲੋਕ, ਪ੍ਰਿਥਵੀ-ਲੋਕ ਆਦਿ। ਅਨੇਕ ਪੁਰੀਆਂ ਵਿਚੋਂ ਭਗਤੀ ਕਰਨ ਵਾਲਿਆਂ ਦੀ ਬਹੁਤ ਵੱਡੀ ਸੰਗਤ ਉਥੇ ਇਕੱਠੀ ਹੁੰਦੀ ਹੈ। ਉਨ੍ਹਾਂ ਦਾ ਹੋਰ ਕੋਈ ਕਾਰਜ-ਕ੍ਰਮ ਨਹੀਂ ਹੈ, ਆਨੰਦ ਕਰਨ ਤੋਂ ਛੁੱਟ !

न वै देवाः अश्नन्ति न पिबन्ति ॥
एतदेव अमृतं दृष्ट्वा तृप्यन्ति' ॥

ਦੇਵਤੇ ਖਾਂਦੇ ਨਹੀਂ, ਪੀਂਦੇ ਨਹੀਂ, ਕੇਵਲ ਅਮ੍ਰਿਤ ਨੂੰ ਵੇਖ ਕੇ ਹੀ ਤ੍ਰਿਪਤ ਹੋ ਜਾਂਦੇ ਹਨ। ਗਿਆਨ ਪਹਿਲਾਂ ਹੀ ਹੋ ਚੁਕਾ, ਸਾਧਨਾ ਵਿਚ ਕ੍ਰਿਆ ਹੋ ਚੁਕੀ। ਗਿਆਨ ਅਤੇ ਕ੍ਰਿਆ ਨੂੰ ਪਾਰ ਕਰ ਕੇ ਅਸੀਂ ਚੌਥੀ ਭੂਮਿਕਾ ਵਿਚ ਪਹੁੰਚਦੇ ਹਾਂ। ਇਸ ਲਈ ਉਥੇ ਆਨੰਦ ਹੀ ਆਨੰਦ ਹੈ। ਉਥੇ ਅਨੇਕ ਧਰਮਾਂ ਅਤੇ ਪੰਥਾਂ ਦੇ ਉਪਾਸਕ ਹੋਣਗੇ। ਉਹ ਕਿਤੋਂ ਵੀ ਆਏ ਹੋਣ, ਆਨੰਦ ਹੀ ਕਰਦੇ ਹਨ, ਕਿਉਂਜੋ ਉਹੋ ਇਕੋ ਇਕ ਸਤਿ-ਸਰੂਪ ਪਰਮੇਸ਼ਰ ਉਨ੍ਹਾਂ ਦੇ ਮਨ ਵਿਚ ਹੈ। ਇਹੋ ਉਨ੍ਹਾਂ ਦੇ ਜੀਵਨ ਦਾ ਸਰੂਪ ਹੈ।

**'ਸਚ ਖੰਡਿ ਵਸੈ ਨਿਰੰਕਾਰੁ'**—ਹੁਣ ਪੰਜਵਾਂ ਖੰਡ ਸ਼ੁਰੂ ਹੁੰਦਾ ਹੈ। ਵਿਆਕਰਣ ਦੇ ਅਨੁਸਾਰ 'ਨਿਰਹੰਕਾਰ' ਤੋਂ 'ਨਿਰੰਕਾਰ' ਬਣ ਸਕਦਾ ਹੈ, 'ਨਿਰਾਕਾਰ' ਤੋਂ 'ਨਿਰੰਕਾਰ' ਨਹੀਂ ਬਣ ਸਕਦਾ। ਪਰ ਆਪਣੇ ਸ਼ਬਦਾਂ ਨੂੰ ਸੰਸਕ੍ਰਿਤ ਰੂਪ ਦੇਣ ਦੀ ਸੰਤਾਂ ਦੀ ਵ੍ਰਿਤੀ ਸੀ। ਇਥੇ ਨਿਰੰਕਾਰ ਤੋਂ ਨਿਰਾਕਾਰ ਸਮਝਣਾ ਹੈ।

**'ਸਚ ਖੰਡਿ'** ਵਿਚ ਨਿਰਾਕਾਰ ਜਾਂ ਨਿਰਹੰਕਾਰ ਭਗਵਾਨ ਰਹਿੰਦਾ ਹੈ। ਉਹ ਦੁਨੀਆ ਨੂੰ ਰਚ ਕੇ, ਦੁਨੀਆ ਵਲ ਵੇਖ ਰਿਹਾ ਹੈ, ਅਤੇ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਆਸ਼ੀਰਵਾਦ ਦੇ ਰਿਹਾ ਹੈ।

ਚੌਥੀ ਭੂਮਿਕਾ ਵਿਚ ਭਗਵੰਤ ਅਤੇ ਭਗਤ ਦੋ ਹੀ ਸਨ। ਤੀਜਾ ਕੋਈ ਨਹੀਂ ਸੀ। ਪਰ ਪੰਜਵੀਂ ਭੂਮਿਕਾ ਵਿਚ ਇਕ ਭਗਵਾਨ ਹੀ ਹੈ, ਦੂਜਾ ਕੋਈ ਨਹੀਂ। ਉਥੇ ਅਨੇਕ ਖੰਡ, ਦੇਸ਼ ਤੇ ਅਨੇਕ ਬ੍ਰਹਿਮੰਡ ਪਏ ਹਨ ਜਿਨ੍ਹਾਂ ਨੂੰ ਕੋਈ ਗਿਣਨ ਬੈਠੇ ਤਾਂ ਉਸ ਦਾ ਅੰਤ ਨਹੀਂ ਆਏਗਾ, ਕਿਉਂਜੋ ਅੰਤ ਤਾਂ ਹੈ ਹੀ ਨਹੀਂ।

ਪਰਮੇਸ਼ਰ ਹੈ, ਅਸੀਂ ਅਲਗ ਨਹੀਂ ਹਾਂ। ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਮਹਿਮਾ-ਰੂਪ ਹੈ। ਉਥੇ ਅਨੇਕਾਂ ਲੋਕਾਂ ਦੇ ਆਕਾਰ ਬਣ ਰਹੇ ਹਨ। ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਕੰਮ ਹੁੰਦਾ ਹੈ। ਭਗਵਾਨ ਵੇਖਦਾ ਹੈ ਅਤੇ ਵਿਚਾਰ ਕਰ ਕੇ ਖ਼ੁਸ਼ ਹੁੰਦਾ ਹੈ (ਵਿਗਸੈ)। ਵੇਖਣ ਵਿਚ ਵਿਚਾਰ ਦੀ ਜ਼ਰੂਰਤ ਨਹੀਂ ਹੈ, 'ਵਿਗਸੈ' ਵਿਚ ਵਿਚਾਰ ਦੀ

ਜ਼ਰੂਰਤ ਹੈ। ਇਸ ਲਈ ਉਹ ਵੇਖਦਾ ਹੈ ਅਤੇ ਵਿਚਾਰ ਕਰਕੇ ਹਸਦਾ ਹੈ। ਨਾਨਕ ਆਖਦੇ ਹਨ ਕਿ ਉਥੋਂ ਦੇ ਸਰੂਪ ਦਾ ਵਰਣਨ ਲੋਹੇ ਵਾਂਗ ਕਰੜਾ ਤੇ ਕਠਿਨ ਹੈ। ਇਸ ਲਈ ਹੋਰ ਵਰਣਨ ਨਾ ਕਰਨਾ ਹੀ ਠੀਕ ਹੈ। ਇਥੇ ਇਕੋ ਹੀ ਪਉੜੀ ਵਿਚ ਪਰਮੇਸ਼ਰ ਦੀ ਕ੍ਰਿਪਾ-ਪ੍ਰਾਪਤੀ ਦੀ ਭੂਮਿਕਾ 'ਕਰਮ-ਖੰਡ' ਅਤੇ ਉਸ ਦੇ ਬਾਅਦ 'ਸਚ ਖੰਡ' ਦਾ ਵਰਣਨ ਕੀਤਾ ਹੈ। ਉਸ ਤੋਂ ਇਹ ਭਾਵ ਸੂਚਿਤ ਹੁੰਦਾ ਹੈ ਕਿ ਉਸ ਵਿਚ ਇਕੋ ਹੀ ਖੰਡ ਹੈ ਅਤੇ ਦੂਜਾ ਕੇਵਲ ਪਰਮੇਸ਼ਰ ਦਾ ਵਰਣਨ ਕਰਨ ਵਾਲੀ ਥਾਂ ਹੈ। ਅਰਥਾਤ ਉਹ ਭੂਮਿਕਾ ਅਜੇਹੀ ਨਹੀਂ ਹੈ ਜਿਥੇ ਸਾਧਕ ਪਹੁੰਚਦਾ ਹੈ, ਸਗੋਂ ਉਥੇ ਪਰਮੇਸ਼ਰ ਹੀ ਬੈਠਾ ਹੈ। ਸਾਧਕ ਦੀ ਭੂਮਿਕਾ ਇਹ ਹੈ ਕਿ ਭਗਵਾਨ ਦੇ ਸਾਮ੍ਹਣੇ ਸਭ ਭਗਤ ਜਨ ਬੈਠੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਸਤਿਸਰੂਪ ਭਗਵਾਨ ਸਦਾ ਵਸਦਾ ਹੈ। ਰਾਮ ਹੈ ਅਤੇ ਸੀਤਾ ਹੈ, ਤੀਜਾ ਕੋਈ ਨਹੀਂ ਹੈ। ਉਹ ਭਗਤ ਭਗਵਾਨ ਨਾਲ ਜੁੜੇ ਹੋਏ ਹਨ।

ਹੁਣ ਪ੍ਰਸ਼ਨ ਉਠਦਾ ਹੈ ਕਿ ਕੀ ਇਹੋ ਭੂਮਿਕਾ ਅੰਤਿਮ ਹੈ ? ਜਾਂ ਤਾਂ ਭਗਤ ਈਸ਼ਵਰ ਦੇ ਨਾਲ ਇਕਰੂਪ ਹੋ ਗਿਆ, ਉਸ ਵਿਚ ਲੀਨ ਹੋ ਗਿਆ, ਇਸ ਲਈ ਅਸੀਂ ਈਸ਼ਵਰ ਦਾ ਵਰਣਨ ਕਰਦੇ ਹਾਂ, ਤਾਂ ਉਹ ਭਗਤ ਦੀ ਹੀ ਅੰਤਮਿ ਭੂਮਿਕਾ ਦਾ ਵਰਣਨ ਹੋ ਜਾਂਦਾ ਹੈ। ਮੇਰੀ ਰੁਚੀ ਈਸ਼ਵਰ ਦੇ ਅੰਦਰ ਲੀਨ ਹੋਣ ਦੀ ਹੈ। ਪਰ ਮੇਰੀ ਰੁਚੀ ਅਨੁਸਾਰ ਅਰਥ ਨਹੀਂ ਕਰਨਾ। ਇਸ ਲਈ ਹੋ ਸਕਦਾ ਹੈ ਕਿ ਇਥੇ ਭਗਤ ਦੀ ਪੰਜਵੀਂ ਭੂਮਿਕਾ ਨਾ ਹੋ ਕੇ ਪਰਮੇਸ਼ਰ ਦਾ ਹੀ ਵਰਣਨ ਹੋਵੇ।

ਸਚ ਖੰਡ ਵਿਚ 'ਨਿਰੰਕਾਰੁ' ਪ੍ਰਭੂ ਹੀ ਰਹਿੰਦਾ ਹੈ। ਉਹ ਕਰਦਾ ਰਹਿੰਦਾ ਹੈ ਅਤੇ ਵੇਖਦਾ ਰਹਿੰਦਾ ਹੈ। ਭਗਤ ਜੇਕਰ ਭਗਵਾਨ ਦੇ ਨਾਲ ਇਕਰੂਪ ਬਣਿਆ, ਤਾਂ ਉਹ ਉਸ ਵਿਚ ਸਮਾ ਗਿਆ। ਇਸ ਲਈ ਅੰਤ ਵਿਚ ਈਸ਼ਵਰ ਦਾ ਵਰਣਨ ਰਹਿ ਜਾਂਦਾ ਹੈ।

'ਜੋਰੁ' ਦਾ ਅਰਥ ਭਗਵਾਨ ਵਿਚ ਬਿਲਕੁਲ ਡੁੱਬ ਜਾਣਾ ਵੀ ਹੋ ਸਕਦਾ ਹੈ। ਜਾਂ ਭਗਤ ਭਗਵਾਨ ਦੇ ਨਾਲ ਉਸ ਦੀ ਸੰਗਤ ਵਿਚ ਹੈ, ਇਹ ਵੀ ਹੋ ਸਕਦਾ ਹੈ। ਇਸ ਤਰ੍ਹਾਂ ਪੰਜਵੀਂ ਭੂਮਿਕਾ ਵਿਚ, ਜਾਂ ਤਾਂ ਪਰਮੇਸ਼ਰ ਦਾ ਹੀ ਸੁਤੰਤਰ ਵਰਣਨ ਹੈ, ਜਾਂ ਪਰਮੇਸ਼ਰ ਵਿਚ ਲਿਵਲੀਨ ਹੋਏ ਭਗਤ ਦਾ ਵੀ ਵਰਣਨ ਹੈ। ਇਨ੍ਹਾਂ ਦੋ ਭੂਮਿਕਾਵਾਂ (ਖੰਡਾਂ) ਦੀ ਚਰਚਾ ਮੈਂ ਕਈਆਂ ਨਾਲ ਕੀਤੀ ਹੈ। ਮੈਂ ਕਈ ਮਿਤ੍ਰ ਅਜੇਹੇ ਵੇਖੇ ਹਨ ਜਿਨ੍ਹਾਂ ਨੂੰ ਈਸ਼ਵਰ ਦੇ ਅੰਦਰ ਡੁੱਬ ਜਾਣਾ ਪਸੰਦ ਨਹੀਂ। ਇਹ ਉਨ੍ਹਾਂ ਨੂੰ ਭਾਉਂਦਾ ਨਹੀਂ। ਉਹ ਚਾਹੁੰਦੇ ਹਨ ਕਿ ਪਰਮੇਸ਼ਰ ਰਹੇ ਅਤੇ ਉਸ ਦੇ ਨਾਲ ਅਸੀਂ ਰਹੀਏ। ਇਸ ਤਰ੍ਹਾਂ ਦੀ ਮਾਨਸਿਕ ਪ੍ਰੀਤ ਉਹ ਚਾਹੁੰਦੇ ਹਨ। ਆਖ਼ਿਰ ਮਨੁੱਖ ਦੇ ਮਨ ਦੀ ਜੋ ਪ੍ਰੀਤ ਹੈ, ਉਸ ਤੋਂ ਭਿਨ ਫਲ ਪਰਮੇਸ਼ਰ ਉਸ ਨੂੰ ਕਿਉਂ ਦਏਗਾ ? ਇਸੇ ਨੂੰ ਸਗੁਣ-ਮੁਕਤੀ ਆਖਦੇ ਹਨ।

ਕੁਝ ਲੋਕ ਨਿਰਗੁਣ-ਮੁਕਤੀ ਦੀ ਕਲਪਨਾ ਸਹਿ ਨਹੀਂ ਸਕਦੇ। ਉਹ ਸਹਿਨ ਨਾ ਹੁੰਦੀ ਹੋਵੇ, ਤਾਂ ਫਿਰ ਭਗਤ ਦੀ ਉਹ ਪੰਜਵੀਂ ਭੂਮਿਕਾ ਹੈ ਹੀ ਨਹੀਂ। ਫ਼ਿਰ ਤਾਂ ਉਹ ਪਰਮੇਸ਼ਰ ਦਾ ਹੀ ਵਰਣਨ ਰਹਿ ਜਾਂਦਾ ਹੈ।

## ੧੯. ਅੰਤਿਮ ਉਪਦੇਸ਼

### ੩੮.

"ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ" ॥੩੮॥

ਸਾਧਕ ਦਾ ਸੰਜਮ (ਜਤੁ) ਭੱਠੀ ਹੈ ਅਤੇ 'ਧੀਰਜੁ ਸੁਨਿਆਰੁ' ਹੈ, ਬਣਾਉਣ ਵਾਲਾ, ਸਰੂਪ ਦੇਣ ਵਾਲਾ। ਉਹ ਜਿਸ ਅਹਿਰਨ ਤੇ ਗਹਿਣਾ ਠੋਕ ਠੋਕ ਕੇ ਬਣਾਉਂਦਾ ਹੈ, ਉਹ ਅਹਿਰਨ ਹੈ ਬੁੱਧੀ (ਮਤਿ), ਠੋਕਣ ਦਾ ਹਥਿਆਰ ਹੈ 'ਵੇਦੁ', ਅਰਥਾਤ ਅਨੁਭਵ-ਗਿਆਨ। 'ਭਾਉ' ਅਰਥਾਤ ਡਰ, ਧੌਂਕਣੀ (ਖਲਾ) ਹੈ।

ਜਪੁਜੀ ਦੇ ਆਰੰਭ ਵਿਚ 'ਨਿਰਭਉ ਨਿਰਵੈਰ' ਆਖਿਆ ਹੈ । ਪਰ ਮਨੁੱਖ ਨੂੰ ਪਰਮੇਸ਼ਰ ਦਾ ਭਉ ਹੋਣਾ ਚਾਹੀਦਾ ਹੈ ਕਿਉਂਜੋ ਪਰਮੇਸ਼ਰ ਦਾ ਭਉ ਨਾ ਰਹੇ, ਤਾਂ ਮਨੁੱਖ ਅਨੇਕ ਪਾਪ ਕਰੇਗਾ। ਤਪਸਿਆ ਦੀ ਅਗਨੀ ਪ੍ਰਚੰਡ ਹੋ ਰਹੀ ਹੈ ਅਤੇ ਜਿਸ ਢਾਂਚੇ (ਕੁਠਾਲੀ) ਵਿਚ ਢਾਲਣਾ ਹੈ, ਉਹ ਹੈ ਪ੍ਰੇਮ। ਪ੍ਰੇਮ 'ਭਾਂਡਾ' ਹੈ ਜਿਸ ਵਿਚ ਰਸ ਢਾਲਿਆ ਜਾਏਗਾ। ਉਸ ਦੇ ਅੰਦਰ ਭਗਵਾਨ ਦਾ ਨਾਮ ਰੂਪੀ 'ਅਮ੍ਰਿਤ' ਢਾਲਣਾ ਚਾਹੀਦਾ ਹੈ। ਇਸ ਤਰ੍ਹਾਂ ਸਾਡੀ ਸੱਚੀ ਟਕਸਾਲ ਚਲੇ ਤਾਂ ਉਸ ਵਿਚੋਂ ਸ਼ਬਦ (ਸਬਦਿ) ਬਣੇਗਾ।

ਸੰਜਮ, ਧੀਰਜ, ਬੁੱਧੀ, ਅਨੁਭਵ ਦਾ ਗਿਆਨ, ਈਸ਼ਵਰ-ਭਉ, ਤਪ, ਪ੍ਰੇਮ ਭਗਤੀ ਅਤੇ ਪ੍ਰਭੂ ਦਾ ਨਾਮ, ਇਹ ਅੱਠ ਜੋ ਸਤਿ ਦੇ ਅੰਦਰ ਹਨ, ਇਹ ਸਾਧਨ ਹਨ ਸ਼ਬਦ ਘੜਨ ਦੇ। ਇਹ ਅੱਠ ਸਾਧਨ ਗੁਰੂ ਨਾਨਕ ਦਾ ਆਖ਼ਿਰੀ ਸ਼ਬਦ ਹੈ।

ਇਸ ਇਕ ਪਉੜੀ ਵਿਚ ਸਾਧਕ ਲਈ ਸੂਚਨਾ ਦੱਸੀ ਹੈ ਕਿ ਇਨ੍ਹਾਂ ਅੱਠਾਂ ਸਾਧਨਾਂ ਨਾਲ ਜੋ ਸ਼ਬਦ ਬਣੇਗਾ, ਉਹ ਸ਼ਬਦ ਸਾਨੂੰ ਬਚਾਏਗਾ। ਸ਼ਬਦ ਬਣਾਉਣ ਦਾ ਇਹ ਕੰਮ ਕੌਣ ਕਰੇਗਾ ? ਜਿਸ ਤੇ ਪਰਮੇਸ਼ਰ ਦੀ ਕ੍ਰਿਪਾ-ਦ੍ਰਿਸ਼ਟੀ ਹੋਏਗੀ, ਉਹੋ ਕਰੇਗਾ। ਅਰਥਾਤ ਪਰਮੇਸ਼ਰ ਦੀ ਕ੍ਰਿਪਾ-ਦ੍ਰਿਸ਼ਟੀ ਜ਼ਰੂਰੀ ਹੈ, ਉਸ ਤੋਂ ਬਿਨਾ ਇਹ ਅਸ਼ਟ-ਵਿਧੀਕਾਰਜ-ਕ੍ਰਮ ਨਹੀਂ ਬਣੇਗਾ। ਗੁਰੂ ਨਾਨਕ ਜੀ ਆਖਦੇ ਹਨ ਕਿ ਪਰਮੇਸ਼ਰ ਦੀ ਸਦੀਵੀ ਮਿਹਰ ਨਾਲ ਕਿੰਨੇ ਹੀ ਭਗਤ-ਜਨ ਨਿਹਾਲ ਹੋ ਗਏ ਹਨ।

## ੨੦. ਉਪਸੰਹਾਰ

### ਸਲੋਕੁ

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

ਇਹ ਉਪਸੰਹਾਰ ਦਾ ਸ਼ਲੋਕ ਹੈ। **ਧਰਤੀ ਮਾਤਾ,** ਉੱਤਮ ਮਾਤਾ ਹੈ, **ਪਾਣੀ** ਪਿਤਾ ਹੈ, **ਪਉਣ** ਗੁਰੂ ਹੈ।

ਮੈਂ ਜੋ ਕਹਿੰਦਾ ਹਾਂ ਕਿ ਹਵਾ ਪਾਣੀ ਵਾਂਗ, ਜ਼ਮੀਨ ਦੀ ਮਲਕੀਅਤ ਨਹੀਂ ਹੋ ਸਕਦੀ। ਉਹੋ ਤਿੰਨ ਇਥੇ ਇਕੱਠੇ ਕੀਤੇ ਹਨ। ਮਨੁੱਖ ਨੂੰ ਮਾਤਾ, ਪਿਤਾ ਅਤੇ ਗੁਰੂ ਤਿੰਨਾਂ ਕੋਲੋਂ ਸਿਖਿਆ ਮਿਲਦੀ ਹੈ। 'ਯਥਾ मातृमान् पितृमान् आचार्यवान् ब्रूयात्।' ਉਪਨਿਸ਼ਦਾਂ ਵਿਚ ਆਖਿਆ ਗਿਆ ਹੈ ਕਿ ਜਿਸ ਨੂੰ ਉੱਤਮ ਮਾਤਾ, ਪਿਤਾ ਅਤੇ ਗੁਰੂ ਮਿਲੇ ਹਨ, ਉਸ ਨੂੰ ਗਿਆਨ ਹੁੰਦਾ ਹੈ। ਧਾਰਣ ਕਰਨ ਵਾਲੀ ਮਾਤਾ ਧਰਤੀ ਹੈ। ਅਸੀਂ ਇਸ ਤੋਂ ਪਹਿਲਾਂ ਵੇਖਿਆ ਹੈ ਕਿ ਦੇਸ਼ ਕਾਲ ਦੇ ਵਿਚਾਲੇ ਧਰਮ ਕਮਾਉਣ ਲਈ ਧਰਤੀ ਥਾਪੀ ਗਈ ਹੈ। ਇਕ ਪਾਸੇ ਕਾਲ ਦਾ ਵਹਿਣ **'ਰਾਤੀ ਰੁਤੀ ਥਿਤੀ ਵਾਰ'** ਕੰਮ ਕਰ ਰਿਹਾ ਹੈ ਅਤੇ ਦੂਜੇ ਪਾਸੇ **'ਪਵਣ ਪਾਣੀ ਅਗਨੀ ਪਾਤਾਲ'**—ਸ੍ਰਿਸ਼ਟੀ ਕੰਮ ਕਰ ਰਹੀ ਹੈ। ਇਥੇ ਪਉਣ, ਪਾਣੀ ਅਤੇ ਧਰਤੀ, ਤਿੰਨਾਂ ਨੂੰ ਥਲ ਰੂਪ ਮੰਨਿਆ ਹੈ। ਦਿਨ ਅਤੇ ਰਾਤ ਦੋਵੇਂ ਦਾਈ ਦਾਇਆ, ਜੋ ਕਾਲ ਦੇ ਪ੍ਰਤਿਨਿਧੀ ਹਨ, ਬੱਚੇ ਦੀ ਰਾਖੀ ਲਈ ਰੱਖੇ ਹਨ। ਇਨ੍ਹਾਂ ਦਾਈ ਦਾਇਆ ਦੀ ਸੰਗਤ ਵਿਚ ਕੁਲ ਜਗਤ ਦਾ ਖੇਲ ਚਲ ਰਿਹਾ ਹੈ। ਕਿਸੇ ਦੇ ਚੰਗੇ ਕੰਮ ਜਾਂ ਬੁਰੇ ਕੰਮ ਕੀ ਹਨ, ਇਹ ਸਭ ਧਰਮਰਾਜ ਦੇ ਦਰਬਾਰ ਵਿਚ ਉਸ ਦੇ ਸਾਮ੍ਹਣੇ ਪੜ੍ਹਿਆ ਜਾਂਦਾ ਹੈ। ਧਰਮ-ਭੂਮਿਕਾ ਵਿਚ ਜੋ ਆਰੰਭਿਆ ਸੀ, ਉਹੋ ਇਥੇ ਦੁਹਰਾਇਆ ਜਾ ਰਿਹਾ ਹੈ ਕਿ ਕੱਚਾ ਅਤੇ ਪੱਕਾ ਉਥੇ ਹੀ ਪਤਾ ਲੱਗੇਗਾ। ਜੋ ਭਗਵਾਨ ਤੋਂ **'ਨੇੜੈ'** ਹੈ ਜਾਂ **'ਦੂਰਿ'** ਹੈ, ਉਹ ਆਪਣੇ ਕਰਮਾਂ ਕਰਕੇ ਹੀ ਹੈ। ਭਗਵਾਨ ਕਿਸੇ ਦੇ ਨੇੜੇ ਜਾਂ ਦੂਰ ਨਹੀਂ ਰਹਿੰਦਾ, ਉਹ ਆਪਣੀ ਹੀ ਥਾਂ ਤੇ ਹੈ। ਪਰ ਕੋਈ ਉਸ ਦੇ ਨੇੜੇ ਰਹਿੰਦਾ ਹੈ, ਤੇ ਕੋਈ ਦੂਰ, ਕਿਉਂਜੋ ਹਰੇਕ ਦੀ ਕਰਨੀ ਜਿਵੇਂ ਹੋਏਗੀ, ਤਿਵੇਂ ਉਹ ਫਲ ਪਾਉਂਦਾ ਹੈ।

'ਸ਼ੰਕਰ ਭਾਸ਼ਯ' ਵਿਚ ਇਹੋ ਗੱਲ ਬਹੁਤ ਸੁੰਦਰ ਉਪਮਾ ਲੈ ਕੇ ਸਮਝਾਈ ਹੈ। ਭਗਵਾਨ ਨੇ ਗੀਤਾ ਦੇ ਨੌਵੇਂ ਅਧਿਆਇ ਵਿਚ ਕਿਹਾ ਹੈ ਕਿ ਮੈਨੂੰ ਸਭ ਇਕ ਸਮਾਨ ਹਨ, ਮੇਰਾ ਕੋਈ ਵੈਰੀ ਨਹੀਂ ਅਤੇ ਕਿਸੇ ਲਈ ਮੈਨੂੰ ਮੋਹ ਨਹੀਂ। ਫਿਰ ਵੀ ਜੋ ਮੇਰੇ ਭਗਤ ਹਨ, ਉਨ੍ਹਾਂ ਵਿਚ ਮੈਂ ਹਾਂ ਅਤੇ ਉਹ ਮੇਰੇ ਵਿਚ ਹਨ। ਇਹ ਪੱਖ-ਪਾਤ ਜੇਹਾ ਦਿਸਦਾ ਹੈ। 'समोऽहं' ਵਿਚ ਅਤੇ ਉਸ ਵਿਚ ਜੋ ਵਿਰੋਧ ਦਿਸਦਾ ਹੈ, ਉਸ ਨੂੰ ਮਿਟਾਉਣ ਲਈ ਸ਼ੰਕਰਾਚਾਰਯ ਨੇ, ਅਗਨੀ ਦੀ ਉਪਮਾ ਲੈ ਕੇ ਕਿਹਾ ਹੈ :

'ਭਗਵਾਨ ਅਗਨੀਵਤ ਹੈ'। ਅਗਨੀ ਪੱਖ-ਪਾਤ ਨਹੀਂ ਕਰਦੀ। ਜੋ ਉਸ ਦੇ ਨੇੜੇ

ਬੈਠੇਗਾ, ਉਸ ਨੂੰ ਗ਼ਰਮੀ ਮਿਲੇਗੀ ਅਤੇ ਜੋ ਨਜ਼ਦੀਕ ਨਹੀਂ ਬੈਠੇਗਾ, ਉਸ ਨੂੰ ਗਰਮੀ ਨਹੀਂ ਮਿਲੇਗੀ। ਇਸ ਵਿਚ ਅਗਨੀ ਦਾ ਕੋਈ ਕਸੂਰ ਨਹੀਂ ਜਾਂ ਪੱਖ-ਪਾਤ ਨਹੀਂ। ਸੁਆਮੀ ਰਾਮਦਾਸ ਨੇ ਇਸੇ ਦਾ ਵਰਣਨ ਦੂਜੀ ਸ਼ੈਲੀ ਵਿਚ ਕੀਤਾ ਹੈ–'दयादक्ष तो साक्षिने पक्ष घेतो' ਅਰਥਾਤ ਭਗਵਾਨ ਦਇਆ ਵਿਚ ਕੁਸ਼ਲ ਹੈ ਅਤੇ ਸਾਖੀ-ਰੂਪ ਤਟਸਥ ਰਹਿ ਕੇ ਲੈਂਦਾ ਹੈ। ਅਰਥਾਤ ਜੋ ਯੋਗ ਪੁਰਖ, ਭਗਤ ਹੋਏਗਾ, ਉਸ ਤੇ ਉਹ ਦਇਆ ਵੀ ਕਰਦਾ ਹ। ਪਰਮੇਸ਼ਰ ਦੇ ਵਰਣਨ ਵਿਚ ਸਦਾ ਇਕ ਵਰਣਨ 'ਦਇਆਲ, ਰਹੀਮ, ਰਹਿਮਾਨ', ਇਹ ਆਉਂਦਾ ਹੈ ਅਤੇ ਦੂਜਾ ਵਰਣਨ ਆਉਂਦਾ ਹੈ ਕਿ ਉਹ ਸਾਖੀ ਹੈ, ਤਟਸਥ ਹੈ। ਕਰਮ ਦੇ ਅਨੁਸਾਰ ਫਲ ਦੇਣ ਵਾਲਾ ਹੈ, ਨਿਆਇਕਾਰੀ ਜੇਹਾ ਹੈ।

ਦਇਆ ਵਿਚ ਖਿਮਾ ਆਉਂਦੀ ਹੈ। ਇਸ ਲਈ ਇਕ ਪਾਸੇ ਤਾਂ ਉਸ ਦੀ ਦਇਆ ਦਾ ਵਰਣਨ ਅਜੇਹਾ ਕੀਤਾ ਜਾਂਦਾ ਹੈ ਕਿ ਉਹ ਭਲੇ ਨੂੰ ਚੰਗਾ ਫਲ ਦੇਂਦਾ ਹੀ ਹੈ, ਪਰ ਬੁਰੇ ਨੂੰ ਵੀ ਖਿਮਾ ਕਰਦਾ ਹੈ। ਦੂਜੇ ਪਾਸੇ ਇੰਨਾ ਹੰਕਾਰ ਚੁਕਦਾ ਹੈ ਕਿ ਦੁਰਜਨਾਂ ਦਾ ਨਾਸ਼ ਵੀ ਕਰਦਾ ਹੈ। ਉਹ ਦਇਆਵਾਨ ਵੀ ਹੈ ਤੇ ਨਿਆਇਕਾਰੀ ਵਾਂਗ, ਸਾਖੀ ਰੂਪ ਵੀ। ਉਹ ਭਗਤ-ਪੱਖ-ਪਾਤੀ ਭੂਮਿਕਾ ਵੀ ਲੈਂਦਾ ਹੈ। ਇਸ ਤਰ੍ਹਾਂ ਭਗਵਾਨ ਦੀ ਤਿਹਰੀ ਭੂਮਿਕਾ ਹੈ:

1. ਭਗਤਾਂ ਦਾ ਖ਼ਾਸ ਪੱਖ-ਪਾਤੀ, 2. ਦਇਆਲੂ, 3. ਤਟਸਥ ਨਿਆਇਕਾਰੀ।

ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਆਪਣੀ ਹੀ ਕਰਨੀ ਨਾਲ ਭਗਵਾਨ ਤੋਂ ਨੇੜੇ ਜਾਂ ਦੂਰ ਰਹਿੰਦੇ ਹਾਂ। ਉਸ ਦੇ ਲਈ ਅਸੀਂ ਜ਼ਿੰਮੇਵਾਰ ਹਾਂ। ਕੁਰਾਨ ਸ਼ਰੀਫ਼ ਵਿਚ ਇਕ ਥਾਂ ਆਇਆ ਹੈ—"ਰੱਬ ਬਦੀ ਦੀ ਸਜ਼ਾ ਦੇਂਦਾ ਹੈ, ਜਿੰਨੀ ਹੈ ਉੱਨੀ ਦੇਂਦਾ ਹੈ; ਪਰ ਨੇਕੀ ਦਾ ਫਲ ਦੇਂਦਾ ਹੈ, ਤਾਂ ਦਸ ਗੁਣਾ ਦੇਂਦਾ ਹੈ।"

ਉਂਜ ਤਾਂ ਜਿਸ ਪ੍ਰਕਾਰ ਦਾ ਬੀਜ ਬੋਇਆ ਹੈ, ਉਸੇ ਪ੍ਰਕਾਰ ਦਾ ਕਰਮ-ਫਲ ਮਿਲੇਗਾ।

**'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।'**

ਜਿਨ੍ਹਾਂ ਨੇ ਭਗਵਾਨ ਦੇ ਨਾਮ ਦਾ ਧਿਆਨ ਕੀਤਾ, ਉਨ੍ਹਾਂ ਦੇ ਸਭ ਕਸ਼ਟ (ਮਸਕਤਿ) ਸਫਲ ਹੋਏ। ਉਹ ਆਪਣੀ ਸਾਧਨਾ ਪੂਰਣ ਕਰ ਗਏ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਨ੍ਹਾਂ ਦੇ ਮੁਖ ਉਜਲੇ ਹੋਏ ਅਤੇ ਉਨ੍ਹਾਂ ਦੀ ਸੰਗਤ ਵਿਚ ਕਿੰਨੀ ਹੀ ਜਨਤਾ ਮੁਕਤ ਹੋ ਗਈ। ਅਜੇਹੇ ਮਹਾਪੁਰਖ ਕਿਰਤਾਰਥ ਹੋਏ ਅਤੇ ਉਨ੍ਹਾਂ ਦੀ ਸੰਗਤ ਵਿਚ ਕਿੰਨੀ ਲੁਕਾਈ ਛੁਟ ਗਈ।

ਇਥੇ 'ਜਪੁਜੀ' ਸਮਾਪਤ ਹੋਇਆ।

Library IIAS, Shimla
P 294.682 B 148 J
00077054